
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ


VOL - 6 ISSUE - 50
March 21, 2018
Postal Address
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ



ਉਘੇ ਸਮਾਜ ਸੇਵੀ ਅਤੇ ਬਿਜਨਸਮੈਨ ਸ੍ਰੀ ਹਰਦਿਆਲ ਬੰਗਾ ਜੀ ਹੈਲੀਕਾਪਟਰ ਰਾਹੀਂ ਨਗਰ ਕੀਰਤਨ ਤੇ ਫੁੱਲਾਂ ਦੀ ਵਰਖਾ ਕਰਦੇ ਹੋਏ।




**ਸੈਕਰਾਮੈਂਟੋ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ (ਕੈਲੇਫੋਰਨੀਆ) ਨੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਧੰਨ ਧੰਨ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 641ਵਾਂ ਪਾਵਨ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ 11 ਮਾਰਚ ਦਿਨ ਐਤਵਾਰ ਨੂੰ ਬਹੁਤ ਹੀ ਉਤਸ਼ਾਹ ਅਤੇ ਸ਼ਰਧਾ ਪੂਰਵਕ ਭਾਵਨਾ ਨਾਲ ਮਨਾਇਆ।

**ਇਸ ਸਬੰਧਤ ਹੋਰ ਤਸਵੀਰਾਂ ਦੇਖੋ ਸਫਾ 11 ਤੋਂ 15 ਤੱਕ**

## ਅਮਰੀਕੀ ਰੇਲ ਗੱਡੀਆਂ ਵਿੱਚ ਐਚ-1ਬੀ ਵਿਰੋਧੀ ਪੋਸਟਰ ਮੁਹਿੰਮ ਆਰੰਭ

**ਵਾਸ਼ਿੰਗਟਨ (ਬਿਊਰੋ)–** ਵਰਕ ਵੀਜ਼ਾ ਦੀਆਂ ਅਰਜ਼ੀਆਂ ਦਾਖ਼ਲ ਕਰਨ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਇੱਥੋਂ ਦੇ ਕੁਝ ਮੈਟਰੋ ਸਟੇਸ਼ਨਾਂ ’ਤੇ ਅਤੇ ਸਾਂ-ਫ੍ਰਾਂਸਿਸਕੋ ਤੇ ਕੈਲੀਫੋਰਨੀਆ ਦੀਆਂ ਰੇਲ ਗੱਡੀਆਂ ਵਿੱਚ ਐਚ1ਬੀ ਪੋਸਟਰ ਲੱਗੇ ਨਜ਼ਰ ਆਏ ਹਨ। ਇਹ ਵੀਜ਼ਾ ਭਾਰਤੀ ਆਈਟੀ ਪ੍ਰੋਫ਼ੈਸ਼ਨਲਾਂ ਵਿੱਚ ਕਾਫੀ ਹਰਮਨਪਿਆਰਾ ਹੈ। ਪ੍ਰੋਗਰੈਸਿਵ ਫਾਰ ਇਮੀਗ੍ਰੇਸ਼ਨ ਰਿਫਾਰਮ ਨੇ ਸਾਂ ਫ੍ਰਾਂਸਿਸਕੋ ਦੀ ਬੇਅ ਏਰੀਆ ਰੈਪਿਡ ਟ੍ਰਾਂਜ਼ਿਟ ਸਟੇਸ਼ਨਾਂ ਤੇ ਰੇਲ ਗੱਡੀਆਂ ’ਤੇ 80000 ਡਾਲਰ ਦੇ ਮੁੱਲ ਦੇ ਇਸ਼ਤਿਹਾਰ ਲਾਏ ਹਨ ਜਿਨ੍ਹਾਂ ਵਿਚ ਤਰਕ ਦਿੱਤਾ ਗਿਆ ਹੈ ਕਿ ਉਨ੍ਹਾਂ ਦਾ ਮੰਤਵ ਐਚ-1ਬੀ ਵੀਜ਼ਾ ਦੀ ਕੁਵਰਤੋਂ ਦੀ ਰੋਕਥਾਮ ਲਈ ਚੇਤਨਾ ਪੈਦਾ ਕਰਨਾ ਹੈ। ਵਾਸ਼ਿੰਗਟਨ ਅਧਾਰਤ ਪ੍ਰੋਗਰੈਸਿਵ ਫਾਰ ਇਨਫਾਰਮੇਸ਼ਨ ਰਿਫਾਰਮ ਦੇ ਡਾਇਰੈਕਟਰ ਕੇਵਿਨ ਲਿਨ ਨੇ ਪੀਟੀਆਈ ਨੂੰ




ਦੱਸਿਆ ’’ ਇਹ ਮੁਹਿੰਮ ਐਚ-1ਬੀ ਪ੍ਰੋਗਰਾਮ ਦੀ ਹਕੀਕਤ ਸਾਹਮਣੇ ਲਿਆਉਣ ਦੇ ਮੰਤਵ ਤਹਿਤ ਸ਼ੁਰੂ ਕੀਤੀ ਗਈ ਹੈ ਤਾਂ ਕਿ ਇਸ ਵੱਲ ਲੋਕਾਂ ਦਾ ਧਿਆਨ ਖਿਚਿਆ ਜਾ ਸਕੇ ਤੇ ਜਨਤਕ ਬਹਿਸ ਸ਼ੁਰੂ ਹੋ ਸਕੇ ਕਿ ਇਸ ਪ੍ਰੋਗਰਾਮ ਦਾ ਅਸਲ ਮਨੋਰਥ ਕੀ ਸੀ ਤੇ ਹੁਣ ਕੀ ਬਣ ਚੁੱਕਿਆ ਹੈ।’’ ਉਨ੍ਹਾਂ ਕਿਹਾ ਕਿ ਇਹ ਮੁਹਿੰਮ 15 ਮਾਰਚ ਤੋਂ ਸ਼ੁਰੂ ਕੀਤੀ ਗਈ ਸੀ ਤੇ 1 ਅਪਰੈਲ ਤਕ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਰੇਲ ਮੁਸਾਫ਼ਰਾਂ ਤੋਂ ਉਨ੍ਹਾਂ ਨੂੰ ਬਹੁਤ ਵਧੀਆ ਹੁੰਗਾਰਾ ਮਿਲਿਆ ਹੈ। ਪੋਸਟਰ ਵਿੱਚ ਇਕ ਥਾਂ ਲਿਖਿਆ ਗਿਆ "ਤੁਹਾਡੀਆਂ ਕੰਪਨੀਆਂ ਸਮਝਦੀਆਂ ਹਨ ਕਿ ਤੁਸੀਂ ਮਹਿੰਗੇ, ਨਕਾਰਾ ਤੇ ਕੂੜਾ ਹੋ। ਸੰਸਦ, ਐਚ-1ਬੀ ਕਾਨੂੰਨ ਨੂੰ ਦਰੁਸਤ ਕਰੋ ਤਾਂ ਕਿ ਕੰਪਨੀਆਂ ਲਈ ਅਮਰੀਕੀ ਕਾਮਿਆਂ ਦੀ ਭਰਤੀ ਕਰਨੀ ਲਾਜ਼ਮੀ ਬਣਾਈ ਜਾ ਸਕੇ।’’

## ਅਮਰੀਕੀ ਸੰਸਦ ਵਿੱਚ ਕਾਲ ਸੈਂਟਰਾਂ ਨਾਲ ਸਬੰਧਤ ਬਿੱਲ ਪੇਸ਼

**ਵਾਸ਼ਿੰਗਟਨ (ਬਿਊਰੋ)–** ਅਮਰੀਕੀ ਕਾਂਗਰਸ ਵਿੱਚ ਕਾਲ ਸੈਂਟਰ ਨਾਲ ਸਬੰਧਤ ਇਕ ਬਿੱਲ ਪੇਸ਼ ਕੀਤਾ ਗਿਆ। ਇਸ ਬਿੱਲ ਤਹਿਤ ਭਾਰਤ ਵਰਗੇ ਦੇਸ਼ਾਂ ਵਿੱਚ ਸਥਿਤ ਕਾਲ ਸੈਂਟਰ ਦੇ ਕਾਮਿਆਂ ਨੂੰ ਖ਼ਪਤਕਾਰ ਨਾਲ ਆਪਣੀ ਲੋਕੇਸ਼ਨ ਸਾਂਝੀ ਕਰਨੀ ਹੋਵੇਗੀ। ਓਹਾਇਓ ਦੇ



ਡੈਮੋਕਰੈਟਿਕ ਸੈਨੇਟਰ ਸ਼ਿਰੋਡ ਬਰਾਊਨ ਨੇ ਇਸ ਬਿੱਲ ਨੂੰ ਪੇਸ਼ ਕੀਤਾ। ਇਸ ਵਿੱਚ ਉਨ੍ਹਾਂ ਕੰਪਨੀਆਂ ਦੀ ਸੂਚੀ ਬਣਾਉਣ ਦਾ ਵੀ ਪ੍ਰਸਤਾਵ ਹੈ ਜੋ ਕਾਲ ਸੈਂਟਰ ਦੀਆਂ ਨੌਕਰੀਆਂ ਆਊਟਸੋਰਸ ਕਰਦੀਆਂ ਹਨ। ਕਈ ਕੰਪਨੀਆਂ ਨੇ ਓਹਾਇਓ ਅਤੇ ਦੇਸ਼ ਭਰ ਵਿਚ ਕਾਲ ਸੈਂਟਰ ਬੰਦ ਕਰ ਦਿੱਤੇ ਹਨ।’’


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms, Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney. msandhu2014@gmail.com (CST# 2122162-50)
"We sell International and Domestic Airline Tickets on Low Airfares"
(209-373-3562) 3222 PENELOPE DR. STOCKTON, CA- 95212 (NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823

Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


BERKSHIRE HATHAWAY Home Services
ELITE REAL ESTATE
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Shangara Ram
Realtor CalBRE# 01969522
Cell: 916-479-5587
Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828


FARMERS INSURANCE
Auto, Home, Business, Commercial, Rental, Workecomp, Life, Health etc.
Manjit Kaur Insurance Agency
Cell: 916-412-5222 Email: mkaur@farmersagent.com
Tel: 916-550-0318 Fax: 916-891-5109
7651 Daly Ave, Suite Sacramento CA 95842
COVERED CALIFORNIA

Buying, Selling any Kind of Real Estate or just need friendly advice call
DALVIR 'DIL' NIJJAR
Realtor,
Lic # 01418648
2081 Arena Blvd. @ 100
Sacramento CA 95835

916-628-2210
Dil.realtor@gmail.com


ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS
ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।
Appointments & Walk-Ins Welcome
Tuesday - Sunday: 11 AM - 8 PM
Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair
KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ
Like us on Facebook | Follow us on Instagram


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE
ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook
rajasweetsandcatering
Follow us on Twitter
rajasweets


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਅਤੇ ਸਮੂਹ ਸਾਧ ਸੰਗਤ



ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ) ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ 641ਵਾਂ ਪ੍ਰਕਾਸ਼ ਦਿਹਾੜਾ **8 ਅਪ੍ਰੈਲ 2018** ਦਿਨ ਐਤਵਾਰ ਨੂੰ **31252 Veasy street Union City** ਵਿਖੇ ਪੂਰਨ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਸਵੇਰੇ 10 ਵਜੇ ਤੋਂ ਸ਼ਾਮੀ 3 ਵਜੇ ਤੱਕ ਚੱਲਣ ਵਾਲੇ ਧਾਰਮਿਕ ਸਮਾਗਮ ਦਰਮਿਆਨ ਪੰਥ ਪ੍ਰਸਿੱਧ ਰਾਗੀ/ਢਾਡੀ ਅਤੇ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਸ਼ਬਦ ਗਾਇਨ ਕਰਨਗੇ ਅਤੇ ਵਿਦਵਾਨ ਬੁਲਾਰੇ ਸ੍ਰੀ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਅਤੇ ਉਹਨਾਂ ਦੇ ਉਦੇਸ਼ਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ।

ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਮਹਾਨ ਦਿਹਾੜੇ 'ਤੇ ਪਹੁੰਚ ਕੇ ਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ।

## ਪ੍ਰੋਗਰਾਮ ਦਾ ਵੇਰਵਾ

ਪ੍ਰੋਗਰਾਮ: 8 ਅਪ੍ਰੈਲ 2018 ਦਿਨ ਐਤਵਾਰ

ਸਵੇਰੇ: 10 ਵਜੇ ਤੋਂ ਦੁਪਹਿਰ 3 ਵਜੇ ਤੱਕ

ਸਥਾਨ:

31252 Veasy street Union City

## ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ:

ਚੇਅਰਮੈਨ- ਵਿਨੋਦ ਕੁਮਾਰ ਚੁੰਬਰ
510-953-9800

ਜਨਰਲ ਸਕੱਤਰ- ਸ਼ਿਵ ਸਿੱਧੂ
510-386-2715

ਪ੍ਰਧਾਨ- ਕੇਵਲ ਸਿੰਘ
510-299-6418

ਖਜਾਨਚੀ- ਸੰਤੋਖ ਸਿੰਘ ਸਰੋਇਆ
408-509-9697

## ਸਮੂਹ ਮੈਂਬਰ ਅਤੇ ਅਹੁਦੇਦਾਰ- ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਯੂਨੀਅਨ ਸਿਟੀ)



# SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਪੰਜਾਬਣ ਵਿਦਿਆਰਥਣ ਦੀ ਹੱਤਿਆ ਹੋਈ ਸੀ

## 3 ਸਾਲ ਪਹਿਲਾਂ ਮ੍ਰਿਤਕ ਪਾਈ ਸੀ-ਸ਼ੱਕੀ 'ਤੇ ਕਤਲ ਦਾ ਦੋਸ਼ ਲਗਾਇਆ



**ਕੈਲੀਫੋਰਨੀਆ, (ਹੁਸਨ ਲੜੋਆ ਬੰਗਾ)**- 3 ਸਾਲ ਪਹਿਲਾਂ 2015 ਵਿਚ ਇਕ ਪੰਜਾਬਣ ਡੈਂਟਲ ਵਿਦਿਆਰਥਣ ਰੰਧੀਰ ਕੌਰ ਨੂੰ ਆਪਣੇ ਅਲਬਾਨੀ ਕੈਲੀਫੋਰਨੀਆ ਅਪਾਰਟਮੈਂਟ ਵਿਚ ਮ੍ਰਿਤਕ ਪਾਇਆ ਗਿਆ ਸੀ। ਹੁਣ 3 ਸਾਲ ਬਾਅਦ ਪੁਲਿਸ ਨੇ ਇਕ ਸ਼ਕੀ ਨੂੰ ਰੰਧੀਰ ਕੌਰ ਦਾ ਕਤਲ ਕਰਨ ਲਈ ਦੋਸ਼ੀ ਠਹਿਰਾਇਆ ਗਿਆ ਹੈ। ਰੂਪਨਗਰ ਦੀ ਰਹਿਣ ਵਾਲੀ 37 ਸਾਲਾ ਰੰਧੀਰ ਕੌਰ ਨੂੰ 9ਮਾਰਚ 2015 ਨੂੰ ਅਲਬਾਨੀ ਵਿਚ ਮ੍ਰਿਤਕ ਪਾਇਆ ਗਿਆ ਸੀ। ਉਸ ਦਾ ਭਰਾ ਪਰਮਪ੍ਰੀਤ ਸਿੰਘ ਪੌਲ ਉਸ ਦੀ ਮ੍ਰਿਤਕ ਦੇਹ ਲੈਣ ਲਈ ਅਮਰੀਕਾ ਆਇਆ ਸੀ ਤੇ ਉਸ ਦਾ ਅੰਤਿਮ ਸੰਸਕਾਰ ਰੂਪਨਗਰ ਵਿਚ ਕੀਤਾ ਗਿਆ ਸੀ। ਬੀਤੇ ਦਿਨ ਅਲਬਾਨੀ ਪੁਲਿਸ ਵਲੋਂ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਉਕਤ ਕੁੜੀ ਦੇ ਕਤਲ ਲਈ 33 ਸਾਲਾ ਕੀਥ ਕੇਨਾਰਡ ਐਸ਼ਬਰੀ ਦੀ ਸ਼ਕੀ ਵਜੋਂ ਪਛਾਣ ਕੀਤੀ ਹੈ ਜੋ ਕਿ 6 ਹੋਰ ਜੁਰਮਾਂ ਲਈ 2015 ਤੋਂ ਹੀ ਜੇਲ੍ਹ ਵਿਚ ਹੈ। ਉਸ 'ਤੇ ਵਿਸ਼ੇਸ਼ ਹਾਲਾਤ ਵਿਚ ਕਤਲ ਕਰਨ ਦਾ ਦੋਸ਼ ਲਾਇਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਕਤਲ ਦੇ ਕਾਰਨਾਂ ਦਾ ਫਿਲਹਾਲ ਪਤਾ ਨਹੀਂ ਲੱਗਾ ਹੈ ਪਰ ਉਕਤ ਕੁੜੀ ਦਾ ਕਾਫੀ ਸਾਮਾਨ ਉਸ ਦੇ ਘਰ ਤੋਂ 2 ਮੀਲ ਦੂਰੀ 'ਤੇ ਇਕ ਗਾਰਬੇਜ ਵਿਚ ਪਿਆ ਮਿਲਿਆ ਸੀ। ਉਕਤ ਕੁੜੀ ਦੇ ਕਿਸੇ ਜਾਣਕਾਰ ਨੇ ਦਸਿਆ ਸੀ ਕਿ ਕੁੜੀ ਦਾ ਬੈਗ ਵੀ ਗਾਇਬ ਸੀ ਜਿਸ ਵਿਚ ਸਕੂਲ ਪਛਾਣ ਪੱਤਰ, ਕਰੈਡਿਟ ਕਾਰਡ, ਬਟੂਆ, ਕੈਮਰਾ ਅਤੇ ਇਕ ਸੈਲ ਫੋਨ ਸੀ। ਉਕਤ ਐਸ਼ਬਰੀ 'ਤੇ ਪਹਿਲਾਂ ਲਈ ਕਈ ਕਤਲ ਅਤੇ ਅਗਵਾ ਚੋਰੀ ਦੇ ਕੇਸ ਦਰਜ ਹਨ।

# ਮਨਜੀਤ ਸਿੰਘ ਬਧੇਸ਼ਾ ਕਰਮਨ ਦੇ ਘਰ ਪੁੱਤਰ ਦੇ ਵਿਆਹ ਦੀਆਂ ਵੱਜੀਆਂ ਸਹਿਨਾਈਆਂ

**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਪੰਜਾਬ ਅੰਦਰ ਲੰਮਾ ਸਮਾਂ ਸਮਾਜਿਕ ਅਤੇ ਸਿਆਸੀ ਸੇਵਾਵਾਂ ਨਿਭਾਉਣ ਵਾਲੇ ਪਿੰਡ ਚੌਕੀਮਾਨ, ਜਿਲ੍ਹਾਂ ਲੁਧਿਆਣਾ ਸਾਬਕਾ ਸਰਪੰਚ ਸਵ: ਸ. ਕਰਮ ਸਿੰਘ ਬਧੇਸ਼ਾ ਦੇ ਪੜੋਤੇ, ਕੈਪਟਨ ਮੋਹਨਿ ਸੰਘ ਬਧੇਸ਼ਾ ਦੇ ਪੋਤਰੇ ਅਤੇ ਮਨਜੀਤ ਸਿੰਘ ਬਧੇਸ਼ਾ (ਪੱਪੂ ਸਰਪੰਚ) ਦੇ ਹੋਣਹਾਰ ਪੁੱਤਰ ਕਾਕਾ ਹਰਪ੍ਰੀਤ ਸਿੰਘ ਬਦੇਸ਼ਾ ਦਾ ਸੁਭ ਅਨੰਦ ਕਾਰਜ ਬੀਤੇ ਦਿਨੀ ਬੀਬੀ ਮਨਪ੍ਰੀਤ ਕੌਰ ਸਿੱਧੂ ਸਪੁੱਤਰੀ ਜਗਤਾਰ ਸਿੰਘ ਸਿੱਧੂ ਪਿੰਡ ਰਸੂਲਪੁਰ, ਜਿਲ੍ਹਾ ਲੁਧਿਆਣਾ ਨਾਲ ਗੁਰ-ਮਰਿਯਾਦਾ ਅਨੁਸਾਰ ਗੁਰਦੁਆਰਾ ਕਰੰਦਰਜ਼, ਕੈਲੀਫੋਰਨੀਆਂ ਵਖੇ ਸੰਪੂਰਨ ਹੋਇਆਂ। ਇਹ ਵਿਆਹ ਬਿਨਾ ਕਿਸੇ ਦੇਣ-ਲੈਣ ਸਾਦਾ ਪਰਿਵਾਰਕ ਰਸ਼ਮਾ ਨਾਲ ਕੀਤਾ ਗਿਆ। ਇਸ ਵਿਆਹੁਤਾ ਜੋੜੀ ਨੂੰ ਆਸ਼ੀਰਵਾਦ ਦੇਣ ਲਈ ਦੋਸ਼ਤਾ ਅਤੇ ਵੱਖ-ਵੱਖ ਦੇਸ਼ਾਂ ਤੋਂ ਰਿਸਤੇਦਾਰਾ ਤੋਂ ਇਲਾਵਾ ਇਲਾਕੇ ਭਰ ਦੀਆਂ ਵੱਖ-ਵੱਖ ਜੱਥਬੰਦੀਆਂ ਦੇ ਨੁਮਿਇੰਦੇ ਪਹੁੰਚੇ। ਇਥੇ ਇਹ ਗੱਲ ਵਰਨਣਯੋਗ ਹੈ ਕਿ ਇਹ ਸਮੁੱਚਾ ਪਰਿਵਾਰ ਆਪਣੇ ਫਾਰਮ ਅਤੇ ਟਰੱਕਿੰਗ ਦੇ ਧੰਦੇ ਕਰਕੇ ਬਹੁਤ ਲੰਮੇ ਅਰਸੇ ਤੋਂ ਕੈਲੀਫੋਰਨੀਆਂ ਦੇ ਕਰਮਨ ਸ਼ਹਿਰ ਵਿਖੇ ਰਹਿ ਰਿਹਾ ਹੈ। ਜਿਸ ਵਿੱਚ ਹਰਪ੍ਰੀਤ ਦੇ ਦਾਦਾ ਸ. ਮੋਹਨ ਸਿੰਘ ਬਦੇਸਾ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਨਵਾਕੀਨ ਵਿੱਚ ਲਗਾਤਾਰ ਪ੍ਰਧਾਨਗੀ ਸੇਵਾਵਾਂ ਨਿਭਾਉਦੇ ਆ ਰਹੇ ਹਨ। ਇਸ ਤੋਂ ਇਲਾਵਾ ਪੰਜਾਬੀ ਵਸੋਂ ਵਾਲੇ ਪੁਰਾਤਨ ਸ਼ਹਿਰ ਸਨਵਾਕੀਨ ਵਿੱਚ ਸਲਾਨਾ ਟੂਰਨਾਮੈਂਟ ਕਰਾਉਣ ਵਾਲੇ ਗੁਰੂ ਨਾਨਕ ਸਪੋਰਟਸ਼ ਕਲੱਬ ਦੇ ਮੋਢੀਆਂ ਵਿੱਚੋ ਮੋਹਰੀ ਆਗੂ ਹਨ। ਇਸੇ ਤਰ੍ਹਾਂ ਸ. ਮਨਜੀਤ ਸਿੰਘ (ਪੱਪੂ ਸਰਪੰਚ) ਵੀ ਆਪਣੀਆਂ ਸਮਾਜਿਕ ਸੇਵਾਵਾ ਅਤੇ ਪਿੰਡ ਚੌਕੀਮਾਨ ਦੇ ਕਾਰਜਾਂ ਵੱਚ ਹਿੱਸਾ ਪਾ ਨਿਮਾਣਾ ਖੱਟ ਰਹੇ ਹਨ। ਸਮੁੱਚੇ ਤੌਰ 'ਤੇ ਸਾਰਾ ਪਰਿਵਾਰ ਆਪਣੀਆਂ ਭਾਈਚਾਰਿਕ ਸਾਂਝਾ ਅਤੇ ਸਮਾਜਿਕ ਸੇਵਾਵਾ ਕਰਕੇ ਇਲਾਕੇ ਵਿੱਚ ਜਾਣੇ ਜਾਂਦੇ ਹਨ।



# IN REMEMBRANCE OF LATE MR. AJIT RAM BANGAR



It has been noted with a deep sense of grief and sorrow to learn about the sad demise of Mr.Ajit Ram Bangar, a valiant fighter and a great community leader. Mr. Bangar who was a founder member of Shri Guru Ravidass Sabha,Sacramento, was a man of strong convictions and beliefs which he stood for till his last breath.

I had the opportunity to interact with Mr. Bangar very closely,especially during the formative years of forming Supreme Council, U.S.A and his input on any social cause was always very innovative and meaningful. He was a prolific and an inquisitive writer and demonstrated his ideals with courage throughout his writings and speeches.His loss is irreplaceable not only for the family but to the whole community at large.

Great people never die;their spirits remain embalmed in the hearts of the people.

I offer my condolences and sympathies to his worthy son,Mr Ramesh Bangar and the family with hopes and prayers to carry on the legacy of his father with the same spirit and magnanimity in the years to come.

May his immortal soul rest in peace and tranquility

**- O.P.Balley**
**Founder Member Sri Guru Ravidass Sabha, Pittsburg,CA**











ਤਸਵੀਰਾਂ 'ਦੇਸ਼ ਦੁਆਬਾ'

# ਗੁਰੂ ਘਰ ਟਾਇਰਾ-ਬੁਇਨਾ ਦੇ ਇਸ ਹਫਤੇ ਦੇ ਪ੍ਰੋਗਰਾਮ



ਲਹਿਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ, ਗੁਰੁ ਬੈਠਾ ਅਮਰੁ ਸਰੂਪ ਹੋਏ ਗੁਰਮੁਖਿ ਪਾਈ ਦਾਤਿ ਇਲਾਹੀ। ਭਲੇ ਅਮਰਦਾਸ ਗੁਣਿ ਤੇਰੇ ਤੇਰੀ ਉਪਮਾ ਤੋਹਿ ਵਣਿ ਆਵੈ। ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਤਾ ਗੱਦੀ ਦਿਵਸ ਤੇ ਸਰਬ ਸੰਗਤ ਜੀ ਨੂੰ ਕੋਟਿ-ਕੋਟਿ ਵਧਾਈਆਂ ਹੋਵਣ ਜੀ।

21 ਮਾਰਚ ਬੁੱਧਵਾਰ ਸੁਖਮਨੀ ਸਾਹਿਬ ਜੀ ਦੇ ਪਾਠ ਸਰਦਾਰ ਜਸਵੰਤ ਸਿੰਘ ਬੈਂਸ ਦੇ ਗ੍ਰਹਿ ਵਿਖੇ।

23 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਨਵੀਨ ਨਰ ਪੁੱਤਰੀ ਸ੍ਰੀ ਰੇਸ਼ਮ ਲਾਲ ਦਾ ਸ਼ੁਭ ਵਿਆਹ।

23 ਮਾਰਚ ਦਿਨ ਸ਼ੁੱਕਰਵਾਰ ਤੋਂ 25 ਮਾਰਚ ਦਿਨ ਸ਼ਨਿਚਰਵਾਰ ਤੱਕ ਅਖੰਡ ਪਾਠ ਅਤੇ ਲੰਗਰ ਦੀ ਸੇਵਾ ਸ. ਸਤਨਾਮ ਸਿੰਘ ਤੱਖਰ ਜੀ ਦੁਆਰਾ।

24 ਮਾਰਚ ਦਿਨ ਸ਼ਨਿਚਰਵਾਰ ਸ਼ਾਮ ਨੂੰ ਵਿਸ਼ੇਸ਼ ਦੀਵਾਨ ਸਰਬ ਰੋਗ ਕਾ ਅਉਖਦ ਨਾਮ।

25 ਮਾਰਚ ਦਿਨ ਐਤਵਾਰ ਨੂੰ ਸ਼ਾਮ ਵੇਲੇ ਸੁਖਮਨੀ ਸਾਹਿਬ ਦੇ ਪਾਠ ਅਤੇ ਲੰਗਰ ਦੀ ਸੇਵਾ ਸ. ਗੁਰਸੇਵਕ ਸਿੰਘ ਰੰਧਾਵਾ ਦੁਆਰਾ।

# ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ 'ਹੋਲਾ ਮਹੱਲਾ' ਦੇ ਸਬੰਧ ਵਿਚ ਸਜਿਆ ਧਾਰਮਿਕ ਕਵੀ-ਦਰਬਾਰ



**ਫਰੀਮਾਂਟ (ਪ੍ਰਵਾਨਾ)-** ਗੁਰਦੁਆਰਾ ਸਾਹਿਬ ਫਰੀਮਾਂਟ 300 ਗੁਰਦੁਆਰਾ ਰੋਡ ਫਰੀਮਾਂਟ (ਕੈਲੇਫੋਰਨੀਆ) ਵਿਖੇ ਹਫਤਾਵਾਰੀ ਸਜੇ ਦੀਵਾਨ ਵਿਚ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਵਿਸ਼ੇਸ਼ਤੌਰ 'ਤੇ ਹੋਲਾ-ਮਹੱਲਾ ਨੂੰ ਸਮਰਪਿਤ ਧਾਰਮਿਕ ਕਵੀ-ਦਰਬਾਰ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਇਤਿਹਾਸ ਤੇ ਝਾਤ ਪੁਆਉਂਦਿਆਂ ਦੱਸਿਆ ਕਿ 'ਹੋਲਾ ਮਹੱਲਾ' ਸਿੱਖ ਇਤਿਹਾਸ ਦੇ ਸ਼ਾਨਾਮਤੇ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਜੋ ਬੀਰ ਰਸੀ ਰਵਾਇਤਅਤੇ ਜੰਗੀ ਹੁਨਰ ਦੀ ਯਾਦ ਦੁਆਉਂਦਾ ਹੈ। ਸ਼ਾਸਤਰਾਂ ਦੀ ਵਰਤੋਂ ਅਤੇ ਸਤਿਕਾਰ ਸਿਖਾਉਂਦਾ ਹੈ। ਖਾਲਸਾਈ ਜਾਹੋ-ਜਲਾਲ ਅਤੇ ਚੜ੍ਹਦੀ ਕਲਾ ਦੀ ਹਾਮੀ ਭਰਦਾ ਹੈ।

ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਹਾਜ਼ਰ ਕਵੀਆਂ ਨੇਖਾਲਸੇ ਦੀਆਂ ਜੰਗੀ ਜਿੱਤਾਂ ਤੇ ਬੀਰ ਰਸੀ ਕਵਿਤਾਵਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ 'ਨੂਰਪੁਰੀ', ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਪ੍ਰਮਿੰਦਰ ਸਿੰਘ ਪ੍ਰਵਾਨਾ, ਮਹਿੰਦਰ ਸਿੰਘ 'ਰਾਜਪੂਤ', ਬੀਬੀ ਜਸਵੰਤ ਕੌਰ ਲੁਧਿਆਣੇ ਵਾਲੇ ਆਦਿ ਸ਼ਾਮਲ ਹੋਏ।

# ਫਰਿਜ਼ਨੋ ਵਾਲੀਬਾਲ ਸੂਟਿੰਗ ਕਲੱਬ ਵੱਲੋਂ ਛੇਵਾਂ ਸਲਾਨਾ ਵਾਲੀਬਾਲ ਟੂਰਨਾਮੈਂਟ 31 ਮਾਰਚ ਅਤੇ 1 ਅਪ੍ਰੈਲ ਨੂੰ..!

**ਫਰਿਜਨੋ (ਕੈਲੇਫੋਰਨੀਆ) ਨੀਟਾ ਮਾਛੀਕੇ /ਕੁਲਵੰਤ ਧਾਲੀਆ-** ਸਥਾਨਿਕ ਵਾਲੀਬਾਲ ਸੂਟਿੰਗ ਕਲੱਬ ਦੇ ਸਮੂੰਹ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਲੰਘੇ ਦਿਨੀ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਫਰਿਜਨੋ ਵਿਖੇ ਹੋਈ, ਜਿੱਥੇ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲ-ਬਾਤ ਦੌਰਾਂਨ ਦੱਸਿਆ ਕਿ ਕਲੱਬ ਵੱਲੋਂ ਸਲਾਨਾ ਟੂਰਨਾਮੈਂਟਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਵਾਲੀਬਾਲ ਸੂਟਿੰਗ ਦਾ ਛੇਵਾਂ ਸਲਾਨਾਂ ਟੂਰਨਾਮੈਂਟ 31 ਮਾਰਚ ਅਤੇ 1 ਅਪ੍ਰੈਲ ਨੂੰ ਗਲੇਸ਼ੀਅਰ ਪੁਆਇੰਟ ਮਿਡਲ ਸਕੂਲ ਫਰਿਜ਼ਨੋ ਦੇ ਇੰਨਡੋਰ ਸਟੇਡੀਅਮ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਵਾਲੀਬਾਲ ਸੂਟਿੰਗ ਦੀਆਂ 8 ਟੀਮਾਂ ਕਨੇਡਾ ਦੇ ਵੱਖੋ ਵੱਖ ਸ਼ਹਿਰਾਂ ਅਤੇ 4 ਲੋਕਲ ਟੀਮਾਂ ਪਹੁੰਚ ਰਹੀਆਂ ਹਨ। ਪ੍ਰਬੰਧਕ ਸੱਜਣਾ ਵੱਲੋਂ ਸਮੂਹ ਖੇਡ ਪ੍ਰੇਮੀਆਂ ਨੂੰ ਇਸ ਟੂਰਨਾਮੈਂਟ ਵਿੱਚ ਸਮੂਲੀਅਤ ਕਰਨ ਦੀ ਸਨਿਮਰ ਬੇਨਤੀ ਕੀਤੀ ਗਈ। ਵਧੇਰੇ ਜਾਣਕਾਰੀ ਲਈ ਬਬਲਾ ਮਲੂਕਾ (559) 708-9335 ਜਾ ਗੁਰਜਪਾਲ ਸਿੱਧੂ ਨਾਲ (559) 286-6683 ਤੇ ਸੰਪਰਕ ਕੀਤਾ ਜਾ ਸਕਦਾ ਹੈ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਚਾਹ ਪਕੌੜੀਆਂ ਦਾ ਲੰਗਰ ਅਤੁੱਟ ਵਰਤੇਗਾ ।

# 25 ਮਾਰਚ ਨੂੰ ਹੋ ਰਹੇ '18ਵੇਂ ਮੇਲਾ ਗਦਰੀ ਬਾਬਿਆਂ ਦਾ' ਦੀਆਂ ਤਿਆਰੀਆਂ ਮੁਕੰਮਲ



**ਫਰਿਜ਼ਨੋਂ (ਕੁਲਵੀਰ ਹੇਅਰ)–** ਹਰ ਸਾਲ਼ ਦੀ ਤਰ੍ਹਾਂ ਇਸ ਸਾਲ ਵੀ ਗਦਰੀ ਬਾਬਿਆਂ ਦੀ ਯਾਦ ਵਿਚ 'ਮੇਲਾ ਗਦਰੀ ਬਾਬਿਆਂ ਦਾ' ਫਰਿਜ਼ਨੋਂ ਦੀ ਸੰਸਥਾ ਇੰਡੋ ਅਮੈਰੀਕਨ ਹੈਰੀਟੇਜ ਫੋਰਮ ਵਲੋਂ 25 ਮਾਰਚ ਦਿਨ ਐਤਵਾਰ ਨੂੰ ਸੈਂਟਰਲ ਹਾਈ ਸਕੂਲ (ਈਸਟ), ਜਿਮਨੇਜ਼ੀਅਮ 3535 ਨੋਰਥ ਕਰਨੀਲੀਆ ਐਵਨਿਊ, ਫਰਿਜ਼ਨੋ, (ਕਰਨੀਲੀਆ ਅਤੇ ਡਕੋਟਾ ਦੇ ਕੌਰਨਰ 'ਤੇ) ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਦੀਆਂ ਤਿਆਰੀਆਂ ਸਬੰਧੀ ਇਕ ਅਹਿਮ ਮੀਟਿੰਗ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜ਼ਾਇਜ਼ਾ ਲਿਆ ਗਿਆ। ਇਸ 18ਵੇਂ ਮੇਲੇ ਬਾਰੇ ਜਾਣਕਾਰੀ ਦਿੰਦਿਆਂ ਫੋਰਮ ਦੇ ਸੈਕਟਰੀ ਸੁਰਿੰਦਰ ਮੰਢਾਲੀ ਨੇ ਦੱਸਿਆ ਕਿ ਇਹ ਮੇਲਾ ਸਾਨਫਰਾਂਸਿਸਕੋ ਸਾਜਿਸ਼ ਕੇਸ ਅਤੇ ਦੇਸ਼ ਦੇ ਹੋਰ ਸ਼ਹੀਦਾਂ ਨੂੰ ਸਮਰਪਿਤ ਹੈ। ਮੇਲੇ ਦੇ ਮੁੱਖ ਮਹਿਮਾਨ 'ਤੇ ਬੁਲਾਰੇ ਵਜੋਂ ਡਾ. ਹਰਸ਼ਿੰਦਰ ਕੋਰ ਪਟਿਆਲਾ ਅਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ। ਇਸ ਮੇਲੇ ਵਿਚ ਬੱਚਿਆਂ ਦੁਆਰਾ ਗੀਤ, ਕਵਿਤਾਂ, ਭਾਸ਼ਨ, ਗਿੱਧਾ, ਭੰਗੜਾ ਤੋਂ ਇਲਾਵਾ ਉਚ ਕੋਟੀ ਦੇ ਕਲਾਕਾਰ ਗਾਇਕ ਜੀਤਾ ਗਿੱਲ, ਗਾਇਕ ਹਰਜੀਤ ਸਿੰਘ ਮਰਸਿਡ ਅਤੇ ਰਾਜ ਬਰਾੜ ਵਲੋਂ ਗਦਰੀ ਬਾਬਿਆਂ ਦੇ ਇਨਕਲਾਬੀ ਗੀਤ ਸੰਗੀਤ ਪੇਸ਼ ਕੀਤਾ ਜਾਵੇਗਾ।ਪ੍ਰਸਿੱਧ ਮੰਚ ਸੰਚਾਲਿਕਾ ਆਸ਼ਾ ਸ਼ਰਮਾ ਵਲੋਂ ਸਟੇਜ ਸੰਭਾਲੀ ਜਾਵੇਗੀ ਅਤੇ ਇਸ ਮੌਕੇ ਪਹੁੰਚੇ ਹੋਏ ਉੱਚ ਕੋਟੀ ਦੇ ਬੁਲਾਰਿਆਂ ਵਲੋਂ ਦੇਸ਼ ਦੇ ਗਦਰੀ ਇਤਿਹਾਸ ਬਾਰੇ ਵਿਸਥਾਰ-ਪੂਰਵਕ ਜਾਣਕਾਰੀ ਦਿੱਤੀ ਜਾਵੇਗੀ।ਇਸ ਮੇਲੇ ਤੇ ਫੋਰਮ ਵਲੋਂ ਇਕ ਸੋਵੀਨਾਰ ਵੀ ਕੱਢਿਆ ਜਾਵੇਗਾ ਅਤੇ ਵੱਧ ਨੰਬਰ ਲੈ ਕੇ ਪਾਸ ਹੋਣ ਵਾਲੇ ਬੱਚਿਆਂ ਨੂੰ ਖਾਸ ਤੌਰ ਤੇ ਸਨਮਾਨਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਸਮੁੱਚੀ ਸੰਸਥਾ ਵਲੋਂ ਇਕ ਖੁੱਲ੍ਹਾ ਸੱਦਾ ਦਿੰਦਿਆਂ ਕਿਹਾ ਕਿ ਆਉ ਸਭ ਪਰਿਵਾਰਾਂ ਸਮੇਤ ਇਕੱਤਰ ਹੋ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰੀਏ ਅਤੇ ਆਪਣੇ ਬੱਚਿਆਂ ਨੂੰ ਇਸ਼ ਸ਼ਾਨਾਮੱਤੇ ਇਤਿਹਾਸ ਤੋਂ ਜਾਣੂੰ ਕਰਵਾਈਏ। ਇਸ ਮੀਟਿੰਗ ਵਿਚ ਫੋਰਮ ਦੇ ਮੈਂਬਰ ਅਤੇ ਹੋਰ ਸਹਿਯੋਗੀ ਵੀ ਹਾਜ਼ਰ ਸਨ।

## ਬਸਪਾ ਆਗੂ ਵਿੱਕੀ ਕੁਮਾਰ ਨੇ ਮਹਾਂਰੈਲੀ ਨੂੰ ਸਫਲ ਬਣਾਉਣ ਲਈ ਵਰਕਰਾਂ ਦਾ ਕੀਤਾ ਧੰਨਵਾਦ



**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)** ਬਹੁਜਨ ਸਮਾਜ ਪਾਰਟੀ ਦੇ ਜਿਲ੍ਹਾ ਸੀਨੀਅਰ ਆਗੂ ਵਿੱਕੀ ਕੁਮਾਰ ਨੇ ਚੰਡੀਗੜ੍ਹ ਵਿਖੇ ਪਾਰਟੀ ਸੰਸਥਾਪਕ ਬਾਬੂ ਕਾਂਸੀ ਰਾਮ ਜੀ ਦੇ ਜਨਮ ਦਿਨ ਤੇ ਰੱਖੀ ਮਹਾਂਰੈਲੀ ਨੂੰ ਸਫਲ ਬਣਾਉਣ ਲਈ ਪਾਰਟੀ ਵਰਕਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਆਪਣੇ ਸਾਥੀਆਂ ਦੀ ਹਾਜਰੀ ਵਿੱਚ ਕਿਹਾ ਕਿ ਮਹਾਂਰੈਲੀ ਨੂੰ ਸੰਬੋਧਨ ਕਰਦਿਆਂ ਪਾਰਟੀ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਨੇ ਜੋ ਵੀ ਦਿਸ਼ਾ ਨਿਰਦੇਸ਼ ਦਿੱਤੇ ਹਨ ਉਨ੍ਹਾਂ ਦੇ ਚੱਲਣ ਦਾ ਓਹ ਸਕੰਲਪ ਲੈਂਦੇ ਹਨ।

ਉਨ੍ਹਾਂ ਕਿਹਾ ਕਿ ਮਾਇਆਵਤੀ ਜੀ ਨੇ ਭਾਜਪਾ ਦੁਆਰਾ ਲੋਕ ਸਭਾ ਦੀਆਂ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਉਣ ਦਾ ਖਦਸਾ ਪ੍ਰਗਟ ਕਰਦਿਆਂ ਜੋ ਤਿਆਰੀਆ ਕਰਨ ਦਾ ਆਦੇਸ਼ ਦਿੱਤਾ ਹੈ ਉਸ ਦੇ ਮੱਦਨਜਰ ਸਾਰੀ ਟੀਮ ਹਰ ਬੂਥ ਤੇ ਸਰਵ ਸਮਾਜ ਦੀ ਮਜਬੂਤ ਕਮੇਟੀ ਬਣਾਏਗੀ ਜਿਸ ਦੀ ਸੁਰੂਆਤ ਵਿਧਾਨ ਸਭਾ ਹਲਕਾ ਪੂਰਬੀ ਤੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਇਸ ਤੋਂ ਬਿਨ੍ਹਾਂ ਉਹ ਈ ਵੀ ਐਮ ਦੀ ਪਾਬੰਧੀ ਲਈ ਵੀ ਯਤਨ ਤੇਜ ਕਰਨਗੇ ਤਾਂ ਕਿ 2019 ਦੀਆਂ ਲੋਕ ਸਭਾ ਚੋਣਾਂ ਭਾਜਪਾ ਮੁੜ ਜਿੱਤ ਨਾ ਜਾਵੇ। ਉਨ੍ਹਾਂ ਕਿਹਾ ਕਿ ਪਾਰਟੀ ਹਾਈ ਕਮਾਂਡ ਭਵਿੱਖ ਵਿੱਚ ਜੋ ਵੀ ਫੈਸਲਾ ਦੇਵੇਗੀ ਸੱਤਾ ਪ੍ਰਾਪਤੀ ਲਈ ਉਸ ਤੇ ਪੂਰਾ ਪਹਿਰਾ ਦਿੱਤਾ ਜਾਵੇਗਾ ਚਾਹੇ ਉਹ ਕਿਸੇ ਵੀ ਪਾਰਟੀ ਨਾਲ ਗਠਜੋੜ ਦਾ ਕਿਉਂ ਨਾ ਹੋਵੇ। ਇਸ ਮੌਕੇ ਉਨ੍ਹਾਂ ਨਾਲ ਸੌਰਵ ਬਿਰਲਾ, ਅਨੁਜ ਕੁਮਾਰ, ਡਾ: ਸੁਮਨ, ਪੰਚਦੇਵ, ਮਨੂਰਾਮ, ਲਾਲਮਨੀ, ਰਾਜਿੰਦਰ, ਗੌਤਮ ਚੌਹਾਨ, ਰਵੀ ਚੌਟਾਲਾ, ਸਤੀਸ਼, ਬਿੰਦਰ, ਗੁਲਾਬ ਚੰਦ, ਪਤੀ ਰਾਮ, ਕਾਲਾ ਬਸਰਾ, ਰਾਮਾਨੰਦ ਅਤੇ ਹੋਰ ਹਾਜਰ ਸਨ।

## ਕੇਜਰੀਵਾਲ ਵੱਲੋਂ ਮਾਨ ਤੇ ਅਰੋੜਾ ਦੇ ਅਸਤੀਫੇ ਨਾਮਨਜ਼ੂਰ

**ਚੰਡੀਗੜ੍ਹ–** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨ-ਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਮਾਣਹਾਨੀ ਕੇਸ ਵਿਚ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਕੋਲੋਂ ਮੁਆਫੀ ਮੰਗਣ ਕਾਰਨ ਆਏ ਭੂਚਾਲ ਨੂੰ ਠੱਲ੍ਹਣ ਲਈ ਪਾਰਟੀ ਹਾਈ ਕਮਾਂਡ ਨੇ ਅੱਜ ਸ਼ਾਮ ਦਿੱਲੀ ਵਿਚ ਮੀਟਿੰਗ ਕੀਤੀ। ਇਸ ਵਿਚ ਪੰਜਾਬ ਦੇ 20 ਵਿਚੋਂ 10 ਵਿਧਾਇਕ ਪੁੱਜੇ, ਜਿਨ੍ਹਾਂ ਵਿੱਚ ਰੋਸ ਵਜੋਂ ਪੰਜਾਬ ਦੇ ਸਹਿ ਪ੍ਰਧਾਨ ਦਾ ਅਹੁਦਾ ਛੱਡ ਚੁੱਕੇ ਅਮਨ ਅਰੋੜਾ ਵੀ ਸ਼ਾਮਲ ਹਨ। ਸੂਬੇ ਦੇ ਮੀਤ ਪ੍ਰਧਾਨ ਡਾ. ਬਲਬੀਰ ਸਿੰਘ ਨੇ ਵੀ ਮੀਟਿੰਗ 'ਚ ਹਾਜ਼ਰੀ ਭਰੀ।

ਬੀਤੇ ਦਿਨ ਤੋਂ ਪਾਰਟੀ ਦਾ ਡੈਮੇਜ ਕੰਟਰੋਲ ਕਰ ਰਹੇ 5 ਜ਼ੋਨ ਪ੍ਰਧਾਨ- ਕੁਲਦੀਪ ਸਿੰਘ ਧਾਲੀਵਾਲ, ਗੁਰਦਿੱਤ ਸਿੰਘ ਸੇਖੋਂ, ਦਲਬੀਰ ਸਿੰਘ ਢਿੱਲੋਂ, ਪਰਮਜੀਤ ਸਿੰਘ ਸਚਦੇਵਾ ਅਤੇ ਅਨਿਲ ਠਾਕੁਰ ਵੀ ਮੀਟਿੰਗ ਵਿਚ ਹਾਜ਼ਰ ਸਨ।

## ਨੀਲੇ ਚਿੱਟੇ ਦੋ ਪੁੜ?

ਮੂੰਹ-ਮੱਥਾ ਜਦ 'ਤੀਜੇ' ਦਾ ਬਣਨ ਲੱਗੇ
ਪਿੱਸੂ ਪੈਂਦੇ ਨੇ ਨੀਲਿਆਂ ਚਿੱਟਿਆਂ ਨੂੰ।

ਤੁਰੇ ਹੋਏ 'ਰੰਗਰੂਟ' ਬੇ-ਪੇਸ਼ ਹੁੰਦੇ
ਪੈਖੜ ਏਦਾਂ ਦਾ ਪਾਉਂਦੇ ਨੇ ਗਿੱਟਿਆਂ ਨੂੰ।

ਕੱਚੇ ਕੰਨਾਂ ਦੇ ਆਪੋ ਵਿਚ ਪਾਟ ਜਾਂਦੇ
ਬਿਨ ਵਿਚਾਰਿਆਂ ਨਿੱਕਲਦੇ ਸਿੱਟਿਆਂ ਨੂੰ।

ਢਾਹੁਣਾ 'ਦੋਂਹ' ਨੂੰ 'ਤੀਜੇ' ਲਈ ਬਹੁਤ ਔਖਾ
ਰਾਜ-ਮਦ ਹੰਕਾਰ ਵਿਚ ਫਿੱਟਿਆਂ ਨੂੰ।

ਖਾਣ ਖਤਾ ਤਜ਼ਰਬੇ ਦੀ ਘਾਟ ਕਰਕੇ
ਸੱਦਾ ਖੁਦ ਦੇ ਦੇਣ ਖਰਾਬੀਆਂ ਨੂੰ।

ਚੱਕੀ ਨੀਲੇ ਤੇ ਚਿੱਟੇ ਦੋ ਪੁੜਾਂ ਵਾਲੀ
ਲਗਦੈ ਪੀਂਹਦੀ ਹੀ ਰਹੂ ਪੰਜਾਬੀਆਂ ਨੂੰ!

**– ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268




# A & S
## Auto Repair & Services
Specializing in Brakes & Axles

10% of any repair of $ $75.00 or More

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics



9:00 AM to 6:00 PM Mon-Sat

Ph: 916-238-4431
649 W. Elkhorn Blvd. Suite B2
Rio Linda, CA 95673



Amarjit Sandhu



# 'ਦੇਸ਼ ਦੁਆਬਾ'
## ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com



## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।
ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
1-916-947-8920 (ਫੋਨ), 1-916-238-1393 (ਫੈਕਸ)
E-mail : deshdoaba@yahoo.com
www.deshdoaba.com www.ambedkartimes.com

ਦੇਸ਼ ਦੁਆਬਾ

# ਪੰਜਾਬੀ ਕਿਸਾਨਾਂ ਨੂੰ ਹੱਲਾਸ਼ੇਰੀ

ਭਾਰਤ ਸਰਕਾਰ ਨੇ 70 ਸਾਲਾਂ ਬਾਅਦ ਪੰਜਾਬ ਦੇ ਕਿਸਾਨਾਂ ਦੀ ਮਿਹਨਤ ਨੂੰ ਯਾਦ ਕੀਤਾ ਹੈ। ਭਾਰਤ ਸਰਕਾਰ ਨੇ ਪੰਜਾਬ ਨੂੰ ਵੱਕਾਰੀ 'ਕ੍ਰਿਸ਼ੀ ਕਰਮਨ ਪੁਰਸਕਾਰ' ਨਾਲ ਸਨਮਾਨਿਤ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੂਬੇ ਦੇ ਦਿਹਾਤੀ ਵਿਕਾਸ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਇਹ ਪੁਰਸਕਾਰ ਦਿੰਦਿਆਂ ਕਿਹਾ ਕਿ ਹੁਣ ਹਰੇਕ ਫਸਲ ਦਾ ਘੱਟੋ-ਘੱਟ ਸਮਰਥਨ ਮੁੱਲ ਉਸ ਦੀ ਲਾਗਤ ਦਾ ਡੇਢ ਗੁਣਾਂ ਹੋਵੇਗਾ। ਇਸ ਲਾਗਤ ਵਿਚ ਕਿਸਾਨ ਦੀ ਮਿਹਨਤ, ਉਸ ਦਾ ਹੋਇਆ ਖਰਚਾ, ਪੱਟੇ ਦੀ ਜ਼ਮੀਨ ਦਾ ਕਿਰਾਇਆ, ਬੀਜ, ਸਿੰਚਾਈ, ਖਾਦ, ਵਿਆਜ ਤੇ ਹੋਰ ਸਾਰੇ ਖਰਚੇ ਸ਼ਾਮਲ ਹੋਣਗੇ। ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਨੂੰ 'ਭੌਂ-ਸਿਹਤ ਕਾਰਡ' ਮੁਹੱਈਆ ਕਰਵਾ ਰਹੀ ਹੈ, ਜਿਸ ਮੁਤਾਬਕ ਖੇਤ ਦੀ ਮਿੱਟੀ ਜਿਹੜੀ ਫਸਲ ਉਗਾਉਣ ਦੇ ਵਧੇਰੇ ਸਮਰੱਥ ਹੋਵੇ, ਉਸ ਦੀ ਖੇਤੀ ਕਰਨ ਦਾ ਸਿੱਧਾ ਲਾਭ ਕਿਸਾਨਾਂ ਨੂੰ ਹੋਵੇਗਾ।ਹਾਲਾਂਕਿ ਸ੍ਰੀ ਮੋਦੀ ਨੇ ਕਿਸਾਨਾਂ ਦੀ ਆਮਦਨ 2022 ਤੱਕ ਦੁੱਗਣੀ ਕਰਨ ਦਾ ਟੀਚਾ ਮਿੱਥਿਆ ਹੈ। ਆਰਥਿਕ ਤੰਗੀਆਂ ਦਾ ਸ਼ਿਕਾਰ ਹੋ ਰਹੇ ਪੰਜਾਬ ਦੇ ਕਿਸਾਨ ਅਤੇ ਮਜ਼ਦੂਰ ਨੂੰ ਤੁਰੰਤ ਮਾਲੀ ਮਦਦ ਦੀ ਲੋੜ ਹੈ। ਸਰਕਾਰੀ ਰਿਪੋਰਟਾਂ ਬੇਸ਼ੱਕ ਇਹ ਕਹਿ ਰਹੀਆਂ ਹਨ ਕਿ 71 ਦਿਨਾਂ ਵਿਚ 45 ਕਿਸਾਨਾਂ ਨੇ ਖੁਦਕੁਸ਼ੀ ਕੀਤੀ ਹੈ।

ਭਾਰਤ ਸਰਕਾਰ ਦਾ ਪੰਜਾਬ ਪ੍ਰਤੀ ਮੋਹ ਜਾਗਿਆ ਹੈ, ਇਹ ਸ਼ਲਾਘਾਯੋਗ ਗੱਲ ਹੈ ਪਰ ਇਹ ਬੜੀ ਦੇਰ ਬਾਅਦ ਜਾਗਿਆ ਹੈ। ਪੰਜਾਬ ਇਕ ਅਜਿਹਾ ਸੂਬਾ ਹੈ, ਜਿਸ ਨੇ ਅੰਨ ਉਤਪਾਦਨ ਵਿਚ ਭਾਰਤ ਹੀ ਨਹੀਂ ਬਲਕਿ ਦੁਨੀਆਂ ਭਰ ਵਿਚ ਰਿਕਾਰਡ ਕਾਇਮ ਕੀਤਾ ਹੈ। ਪਰ ਕੇਂਦਰ ਸਰਕਾਰ ਦਾ ਇਹ ਕਿਸਾਨਾਂ ਪ੍ਰਤੀ ਮੋਹ ਐਵੇਂ ਨਹੀਂ ਜਾਗਿਆ ਬਲਕਿ ਪੰਜਾਬ ਇਕ ਅਜਿਹਾ ਸੂਬਾ ਹੈ, ਜਿਹੜਾ ਭਾਰਤ ਨੂੰ ਸਭ ਤੋਂ ਜ਼ਿਆਦਾ ਵਿਦੇਸ਼ੀ ਮੁਦਰਾ ਵੀ ਦਿਵਾ ਰਿਹਾ ਹੈ। ਪੰਜਾਬ ਤੋਂ ਵਿਦੇਸ਼ਾ ਵਿਚ ਗਏ ਪ੍ਰਵਾਸੀ ਹਰ ਸਾਲ ਅਰਬਾਂ ਡਾਲਰ ਅਤੇ ਹੋਰ ਵਿਦੇਸ਼ੀ ਮੁਦਰਾ ਪੰਜਾਬ ਭੇਜਦੇ ਹਨ, ਜਿਹੜੀ ਭਾਰਤ ਦੇ ਖਜ਼ਾਨੇ ਵਿਚ ਆਉਂਦੀ ਹੈ। ਦੁਨੀਆਂ ਦੇ ਜ਼ਮੀਨੀ ਖਿੱਤੇ ਦੇ ਅੰਕੜਿਆਂ ਮੁਤਾਬਕ ਸਭ ਤੋਂ ਜ਼ਿਆਦਾ ਪ੍ਰਵਾਸੀ ਪੰਜਾਬ ਤੋਂ ਹਨ। ਹਾਲਾਂਕਿ ਸਾਰੇ ਭਾਰਤ ਦੇ ਅੰਕੜਿਆਂ ਨੂੰ ਦੇਖਿਆ ਜਾਵੇ ਤਾਂ ਚੀਨ ਤੋਂ ਬਾਅਦ ਦੂਜਾ ਨੰਬਰ ਭਾਰਤ ਦਾ ਆਉਂਦਾ ਹੈ ਪਰ ਭਾਰਤ ਦੇ ਬਾਕੀ ਸੂਬਿਆਂ ਤੋਂ ਜ਼ਿਆਦਾਤਰ ਲੋਕੀ ਅਰਬ ਮੁਲਕਾਂ ਵਿਚ ਜਾਂਦੇ ਹਨ, ਜਦਕਿ ਪੰਜਾਬੀ ਸਭ ਤੋਂ ਜ਼ਿਆਦਾ ਪੱਛਮੀ ਮੁਲਕਾਂ ਵਿਚ ਰਹਿ ਰਹੇ ਹਨ। ਭਾਰਤ ਸਰਕਾਰ ਨੂੰ ਇਸ ਪਾਸੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਪੰਜਾਬ ਨੂੰ ਭਾਰਤ ਦੇ ਮੋਹਰੇ ਸੂਬਿਆਂ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥ (ਗੁਰੂ ਗ੍ਰੰਥ ਸਾਹਿਬ)

ਲੜੀ ਨੰਬਰ-64

## ਗੁਰਬਾਣੀ ਚਾਨਣ ਵਿੱਚ ਸੰਪਟ



ਅਵਤਾਰ ਸਿੰਘ ਮਿਸ਼ਨਰੀ
510-432-5827

ਸੰਪਟ ਸੰਸਕ੍ਰਿਤ ਦਾ ਲਫਜ਼ ਹੈ। ਮਹਾਨ ਕੋਸ਼ ਅਨੁਸਾਰ ਇਸ ਦੇ ਵੱਖ ਵੱਖ ਪ੍ਰਕਰਣਾਂ ਅਨੁਸਾਰ ਛੇ ਅਰਥ ਹਨ।

1. ਸੰਪਟ ਢੱਕਣ ਦੀ ਕ੍ਰਿਆ 2, ਡੱਬਾ 3. ਸੰਦੂਕ 4 ਪੜਦਾ, ਅਵਰਣ ਮਿਚ ਜਾਣ ਦਾ ਭਾਵ-ਕਕਾ ਕਿਰਣਿ ਕਮਲ ਮਹਿ ਪਾਵਾ॥ ਸਸਿ ਬਿਗਾਸ ਸੰਪਟ ਨਹੀ ਆਵਾ॥(੩੪੦) ਭਾਵ ਜੇ ਮੈ ਗਿਆਨ ਰੂਪੀ ਸੂਰਜ ਦੀ ਕਿਰਨ ਹਿਰਦੇ ਰੂਪ ਕੌਲ ਫੁੱਲ ਚ ਟਿਕਾ ਲਵਾਂ ਤਾਂ ਮਾਇਆ ਰੂਪ ਚੰਦ ਦੀ ਚਾਨਣੀ ਨਾਲ ਉਹ (ਖਿੜਿਆ ਹਿਆ ਹਿਰਦਾ ਫੁੱਲ) ਮੀਚਿਆ (ਮੀਟਿਆ) ਨਹੀ ਜਾਂਦਾ 5, ਮੰਤ੍ਰ ਦੇ ਆਦਿ =-ਅੰਤ ਕਿਸੇ ਪਦ (ਲਫਜ਼) ਦੇ ਜੋੜਨ ਦੀ ਕ੍ਰਿਆ, ਸੰਪਟ ਪਾਠ (ਓਅੰ ਵਾਹਗੁਰੂ ਓਅੰ) 6. ਦੋ ਬਰਤਨਾਂ ਚ ਰੱਖ ਕੇ ਦਵਾ ਨੂੰ ਆਂਚ (ਭਾਅ) ਦੇਣ ਦੀ ਕ੍ਰਿਆ ਆਦਿਕ।

1ਸੰਪੁਟ-ਰਟਤਪੇਟੀ, ਡੱਬਾ, ਭਾਂਡਾ ਜਿਸ ਵਿੱਚ ਸਾਲਗ੍ਰਾਮ ਰੱਖਦੇ ਹਨ-ਘਟਿ ਘਟਿ ਸੰਪਟੁ ਹੈ ਰੇ ਜਾ ਕਾ॥(੩੯੩) ਹੇ ਪੰਡਿਤ! ਹਰੇਕ ਸਰੀਰ ਵਿੱਚ ਪ੍ਰਭੂ ਵੱਸ ਰਿਹਾ ਹੈ। ਹਰੇਕ ਦਾ ਹਿਰਦਾ ਹੀ ਉਸ ਲਈ (ਸਾਲਗ੍ਰਾਮ ਭਾਵ ਠਾਕਰਾਂ ਵਾਲਾ) ਡੱਬਾ ਹੈ। ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ ਭਾਵਨ ਪਾਤੀ ਤ੍ਰਿਪਤਿ ਕਰੇ॥ (੭੨੮) ਭਾਵ ਪੁਜਾਰੀ ਮੂਰਤੀ ਨੂੰ ਡੱਬੇ ਚ ਸੰਪਟ ਕਰਦਾ (ਪਾਉਂਦਾ) ਹੈ। ਇਵੇਂ ਜੇ ਜੀਵ ਆਪਣੇ ਮਨ ਰੂਪ ਡੱਬੇ ਚ ਪ੍ਰਭੂ ਦਾ ਨਾਮ (ਨਿਯਮ-ਸਿਧਾਂਤ) ਟਿਕਾ ਕੇ ਰੱਖੇ, ਉਸ ਨਾਮ-ਸਿਧਾਂਤ ਰਾਹੀਂ ਸਤ ਸੰਗਤ ਰੂਪ ਸਰੋਵਰ ਵਿੱਚ ਇਸ਼ਨਾਨ ਕਰੇ ਤੇ ਮਨ ਰੂਪ ਡੱਬੇ ਚ ਟਿਕੇ ਪ੍ਰਭੂ ਠਾਕਰ ਨੂੰ ਸ਼ਰਧਾ-ਪੱਤਰਾਂ ਨਾਲ ਪ੍ਰਸੰਨ ਕਰੇ।

ਸੰਪਟ ਪਾਠ-ਡਾ. ਦਿਲਗੀਰ ਅਨੁਸਾਰ ਬ੍ਰਾਹਮਣੀ ਮੱਤ ਅਨੁਸਾਰ ਪਾਠ ਕਰਨ ਦਾ ਤਰੀਕਾ। ਜਿਸ ਪਾਠ ਚ ਇੱਕ ਖਾਸ ਤੁਕ ਹਰੇਕ ਸ਼ਲੋਕ ਅਤੇ ਸ਼ਬਦ ਦੇ ਆਦਿ ਅੰਤ ਹਜਾਰਾਂ ਵਾਰ ਪੜੀ ਜਾਂਦੀ ਹੈ। ਅਸਲ ਚ ਇਹ ਗੁਰਬਾਣੀ ਦੀ ਬੇਅਦਬੀ ਹੈ ਕਿਉਂਕਿ ਗੁਰਬਾਣੀ ਕੋਈ ਜਾਦੂ ਮੰਤ੍ਰ ਨਹੀਂ ਸਗੋਂ ਉਪਦੇਸ਼ ਰੂਪ ਹੈ। ਬ੍ਰਾਹਮਣੀ ਅਸਰ ਵਾਲੇ ਸਿੱਖ ਹੀ ਅਜਿਹਾ ਕਰਦੇ ਹਨ ਜੋ ਗੁਰੂ ਸਿਖਿਆ ਦੇ ਉਲਟ ਹੈ। ਸੋ ਇਸ ਥੋਥੇ ਕਰਮਕਾਂਡ ਨੂੰ ਸਿੱਖਾਂ ਚ ਬ੍ਰਾਹਮਣੀ ਵਿਚਾਰਧਾਰਾ ਵਾਲੇ ਭੇਖੀ ਸਿੱਖਾਂ ਨੇ ਹੀ ਵਾੜਿਆ ਹੈ। ਵੱਖ ਵੱਖ ਡੇਰੇ ਸੰਪ੍ਰਦਾਵਾਂ ਇਹ ਸੰਪਟ ਪਾਠ ਵਾਲਾ ਕਰਮਕਾਂਡ ਕਰਦੇ ਹਨ। ਇੱਥੋਂ ਤੱਕ ਕਿ ਆਪਣੇ ਆਪ ਨੂੰ ਦਮਦਮੀ ਟਕਸਾਲ ਕਹਾਉਣ ਵਾਲੀ ਭਿੰਡਰਾਂਵਾਲਿਆਂ ਦੀ ਸੰਪ੍ਰਦਾ ਵੀ ਇਹ ਬ੍ਰਾਹਮਣੀ ਸੰਪਟ ਪਾਠ ਕਰਦੀ ਹੈ। ਜਿਵੇਂ ਸਹਜ ਪਾਠ, ਅਖੰਡ ਪਾਠਾਂ ਦੀਆਂ ਵੱਖ ਵੱਖ ਭੇਟਾ ਹਨ। ਸਹਜ ਪਾਠ ਜੋ ਅਸਲੀ ਪਾਠ ਹੈ ਦੀ ਭੇਟਾ ਥੋੜੀ, ਅਖੰਡ ਪਾਠ ਦੀ ਭੇਟਾ ਜਿਆਦੀ ਅਤੇ ਇਸ ਠੱਗੀ ਨੂੰ ਹੋਰ ਤੂਲ ਦੇ ਕੇ ਕਾਮਯਾਬ ਕਰਨ ਲਈ ਸੰਪਟ ਤੇ ਮਹਾਂ ਸੰਪਟ ਪਾਠ ਦੀ ੩੧ ਤੋਂ ੫੧ ਹਜਾਰ ਰੁਪਏ ਭੇਟਾ ਵਸੂਲ ਕੀਤੀ ਜਾਂਦੀ ਹੈ। ਭਾੜੇ ਦੇ ਪਾਟੀਆਂ ਨੂੰ ਤਾਂ ਝੂੰਗਾ ਹੀ ਦਿੱਤਾ ਜਾਂਦਾ ਹੈ ਬਾਕੀ ਸਭ ਮਾਇਆ ਡੇਰੇਦਾਰ ਜਾਂ ਸੰਪ੍ਰਦਾਈ ਹੜੱਪ ਜਾਂਦੇ ਹਨ। ਸੋ ਪਾਠਕ ਜਨੋ, ਕਿਰਤੀ ਸਿੱਖੋ ਅਤੇ ਆਮ ਲੋਕੋ ਇਨ੍ਹਾਂ ਜਨਤਾ ਲੋਟੂ ਭਾੜੇ ਦੇ ਮੰਤ੍ਰ ਅਤੇ ਸੰਪਟ ਪਾਠਾਂ ਦੀ ਅੰਨ੍ਹੀ ਸ਼ਰਧਾ ਵਾਲੀ ਲੁੱਟ ਤੋਂ ਗੁਰੂ ਗਿਆਨ ਦੁਆਰਾ ਦਿਮਾਗ ਤੋਂ ਕੰਮ ਲੈ ਕੇ, ਆਪੋ ਆਪਣਾ ਬਚਾਉ ਕਰੋ।

ਆਪ ਪਾਠ ਪੜੋ,ਵਿਚਾਰੋ ਤੇ ਇਸ ਤੇ ਅਮਲ ਕਰਕੇ ਮਨੁੱਖੀ ਜਨਮ ਸਫਲ ਕਰੋ ਜੋ ਬਾਰ ਬਾਰ ਨਹੀਂ ਮਿਲਦਾ-ਕਬੀਰ ਮਾਨਸੁ ਜਨਮੁ ਦੁਲੰਭੁ ਹੈ ਹੋਇ ਨ ਬਾਰੈ ਬਾਰ॥ ਜਿਉ ਬਨ ਫਲ ਪਾਕੇ ਭੁਇੰ ਗਿਰਹਿ ਬਹੁਰਿ ਨ ਲਾਗਹਿ ਡਾਰ॥੩੦॥(੧੩੬੬) ਅੱਜ ਕੱਲ ਸਾਰੇ ਨਹੀਂ ਪਰ ਬਹੁਤੇ ਪਾਠੀਆਂ, ਰਾਗੀਆਂ, ਢਾਡੀਆਂ, ਕਥਾਕਾਰਾਂ ਅਤੇ ਗੁਰਦਵਾਰਾ ਕਮੇਟੀਆਂ ਨੇ ਵੀ ਇਹ ਬ੍ਰਾਹਮਣੀ ਬਿਜਨਿਸ ਚਲਾ ਲਿਆ ਹੈ, ਅੰਨ੍ਹੀ ਸ਼ਰਧਾ ਚ ਇਨ੍ਹਾਂ ਦੇ ਗਾਹਕ ਨ ਬਣੋ!

# ਪੁਰਾਤਨ ਵਸਤਾਂ ਸਾਂਭਣ ਦਾ ਸ਼ੌਕੀਨ "ਤਸਵਿੰਦਰ ਸਿੰਘ ਬੜੈਚ"



ਤਸਵਿੰਦਰ ਸਿੰਘ ਬੜੈਚ
98763-22677

ਜ਼ਿਲ੍ਹਾ ਲੁਧਿਆਣਾ ਦੀ ਸਮਰਾਲਾ ਤਹਿਸੀਲ ਦੇ ਪਿੰਡ ਦੀਵਾਲਾ ਵਿੱਚ ਪੁਰਾਤਨ ਵਸਤਾਂ ਦਾ ਅਣਮੋਲ ਖਜਾਨਾ ਸਾਂਭੀ ਬੈਠਾ ਹੈ ਤਸਵਿੰਦਰ ਸਿੰਘ ਬੜੈਚ। ਤਸਵਿੰਦਰ ਸਿੰਘ ਇੱਕ ਦਰਮਿਆਨੇ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਹੈ। ਖੇਤੀਬਾੜੀ ਦੇ ਧੰਦੇ ਨਾਲ ਜੁੜੇ ਇਸ ਸ਼ਖਸ ਨੇ ਆਪਣੇ ਘਰੇ ਇੱਕ ਮਿੰਨੀ ਮਿਊਜ਼ੀਅਮ ਬਣਾਇਆ ਹੋਇਆ ਹੈ। ਇਸ ਮਿੰਨੀ ਮਿਊਜ਼ੀਅਮ (ਜਿਸਨੂੰ ਲੋਕੀਂ ਦੂਰੋਂ ਨੇੜਿਓਂ ਦੇਖਣ ਆਉਂਦੇ ਹਨ) ਵਿੱਚ ਹੱਥ ਪੱਖੇ, ਪਿੱਛੂ, ਝੂਲਾ, ਰਕਾਬਾਂ, ਪਟਾਰੀ, ਧੋਂਕਣੀ, ਪਰਤਾਪਾ, ਗਾਂਧੀ ਚਰਖਾ, ਟਿੰਡਾਂ, ਕਨੇਰੀ, ਊਠ ਤੇ ਘੋੜੇ ਦੀ ਕਾਠੀ, ਤੱਕੜੀ, ਗੜਵਾ, ਟੋਕਰੀ, ਕੂੰਡੀ ਸੋਟਾ, ਮੱਟ, ਸਾਈਕਲ ਲਾਈਸੈਂਸ, ਰੇਡੀਓ ਲਾਈਸੈਂਸ, ਛਾਨਣੇ, ਵੇੜਾ ਵੱਟਣੀ ਕੁੰਡੀ, ਪਿੱਤਲ ਦੀ ਤਰਪਾਈ, ਗਡੀਰਾ, ਗੁੜ ਚੰਡਣੀ, ਖਰਖਰੇ, ਲੈਂਪ, ਕੁੰਡੀਆਂ, ਪੰਜੇ, ਪਤੀਲੇ, ਗੜਵੀਆਂ, ਪਰਾਤਾਂ, ਕੱਦੂਕਸ, ਬੋਹੀਏ, ਅਟੇਰਨੇ, ਸਰਾਣੇ, ਹੱਥ ਕਢਾਈ ਵਾਲੀਆਂ ਫੋਟੋਆਂ, ਬਲਦਾਂ ਦੀਆਂ ਟੱਲੀਆਂ, ਮਕਸੂਦ, ਝਾਂਜਰਾਂ, ਘੋਟਣੇ, ਮੂੜੇ, ਪਟਾਰੀਆਂ, ਭੜੋਲੀਆਂ, ਸੁਹਾਗੀ, ਕਰੋਸ਼ੀਏ, ਇੰਨੂਏ, ਛੱਜ, ਹਲ, ਖਰਲ, ਉਖਲੀ-ਮੋਹਲਾ, ਹਮਾਮ, ਸਾਗ ਚੀਰਨ ਵਾਲੀ ਦਾਤੀ, ਘੱਗਰਾ, ਫੁਲਕਾਰੀ, ਨਾਲੇ ਬੁਣਨ ਵਾਲਾ ਅੱਡਾ, ਖੇਸ, ਰੂੰ-ਵੇਲਣੇ, ਆਟਾ ਚੱਕੀ, ਪੁਰਾਣੀਆਂ ਡਾਕ ਟਿਕਟਾਂ, ਟਿਊਬਾਂ ਵਾਲੇ ਰੇਡੀਓ, ਖੂਹ ਦਾ ਡੋਲ, ਪੁਰਾਣੇ ਸੇਰ ਵਾਲੇ ਵੱਟੇ, ਊਠ ਦੇ ਪੈਰ ਵਾਲੀ ਨਿਊਲ, ਹੁੱਕੇ, ਪੁਰਾਣੇ ਰੋਪੜੀ ਨਿਊਲੇ ਜਿੰਦਰੇ, ਫੱਟੀਆਂ, ਦਵਾਤਾਂ, ਰੋਟੀ ਵਾਲੇ ਡੱਬੇ, ਛੰਨੇ, ਕਾਂਸੀ ਦੇ ਥਾਲ, ਕੇਤਲੀ, ਗਾਗਰ, ਕੰਗਣੀ ਵਾਲੇ ਗਿਲਾਸ, ਰੋਟੀ ਵਾਲਾ ਟਿਫਨ, ਲਾਲਟੈਣ, ਮਧਾਣੀ, ਚਰਖਾ, ਪੁਰਾਣਾ ਸੰਦੂਕ, ਪੁਰਾਤਨ ਸਿੱਕੇ ਡਬਲੀ ਪੈਸੇ, ਗਲੀ ਵਾਲੇ ਪੈਸੇ, ਆਨੇ, ਅੱਧੇ ਆਨੇ, ਚਾਂਦੀ ਦੇ ਸਿੱਕੇ, ਦਮੜੀਆਂ, ਟੋਕਨ, ਪੁਰਾਣੇ ਨੋਟ, ਮਹਾਰਾਜਾ ਰਜਿੰਦਰ ਸਿੰਘ ਪਟਿਆਲਾ ਦੇ ਸਿੱਕੇ, ਅਹਿਮਦ ਸਾਹ ਅਬਦਾਲੀ, ਸ਼ੇਰ ਸਾਹ ਸੂਰੀ, ਈਸਟ ਇੰਡੀਆ ਕੰਪਨੀ, ਅਕਬਰ ਦੇ ਸਿੱਕੇ, ਨਾਨਕ ਸਾਹੀ ਸਿੱਕੇ ਆਦਿ ਵਸਤਾਂ ਸਾਂਭੀਆਂ ਹੋਈਆਂ ਹਨ। ਇਸ ਤੋਂ ਇਲਾਵਾ ਉਸ ਕੋਲ ਪੱਥਰ ਅਤੇ ਪਲਾਸਟਿਕ ਦੇ ਛੋਟੇ-ਵੱਡੇ ਤਿੰਨ ਸੌ ਦੇ ਲਗਭਗ ਤਵੇ (ਰਿਕਾਰਡ) ਵੀ ਮੌਜੂਦ ਹਨ। ਉਸਦੀ ਲਾਇਬਰੇਰੀ ਵਿੱਚ ਪੰਜਾਬ ਦੀ ਮਸ਼ਹੂਰ ਗਾਇਕਾ ਪ੍ਰਕਾਸ਼ ਕੌਰ, ਸੁਰਿੰਦਰ ਕੌਰ ਦੇ ਗੀਤ 'ਸੂਈ ਵੇ ਸੂਈ ਬਾਲਮਾਂ ਸੂਈ ਵੇ', 'ਕਰ ਛੱਤਰੀ ਦੀ ਛਾਂ- ਮੈਂ ਛਾਵੇਂ ਵਹਿੰਨੀ ਆ', 'ਚੀਰੇ ਵਾਲਿਆ', 'ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ'। ਸੀਤਲ ਸਿੰਘ ਦਾ 'ਜੱਟੀਏ ਟਰੱਕ ਤੇਰੇ ਯਾਰ ਦਾ।' ਨਰਿੰਦਰ ਬੀਬਾ ਦਾ 'ਮਾਝੇ ਦੀ ਮੈਂ ਜੱਟੀ।' ਹਰਚਰਨ ਸਿੰਘ ਗਰੇਵਾਲ ਦੇ 'ਮੇਰੀ ਵਾਰੀ ਆਈ ਪਤੀਲਾ ਖੜਕੇ', ਤੇਰੀ ਪੀਂਘ ਦਾ ਹੁਲਾਰਾ ਬਣ ਜਾਵਾਂ।' ਸਵਰਨ ਲਤਾ-ਕਰਮਜੀਤ ਧੂਰੀ ਦੇ 'ਸੱਥ ਵਿੱਚ ਲੱਗੀ ਵੇ ਕਚਹਿਰੀ', 'ਕਾਹਨੂੰ ਮਰਨੈ ਚੰਦਰਿਆ ਛਮਕਾਂ', 'ਭੌਂਕਦੇ ਨੇ ਕੁੱਤੇ।' ਨਵਾਬ ਕੁਮਾਰ ਦਾ 'ਜੁਗਨੀ'। ਹਰਨੇਕ ਸਿੰਘ ਨੇਕ ਦਾ 'ਚੋਰੀ ਆ ਜਾ ਕੰਧ ਟੱਪ ਕੇ', 'ਨਾਲਾ ਟੰਗ ਲੈ ਘੁੰਗਰੂਆਂ ਵਾਲਾ।' ਹਰਚਰਨ ਗਰੇਵਾਲ ਤੇ ਸੁਰਿੰਦਰ ਕੌਰ ਦਾ 'ਲੱਕ ਹਿੱਲੇ ਮਜਾਜਣ ਜਾਂਦੀ ਦਾ।' ਮੁਹੰਮਦ ਸਦੀਕ ਦਾ 'ਮੇਰੀ ਐਸੀ ਝਾਂਜਰ ਝਣਕੇ।' ਲਾਲ ਚੰਦ ਯਮਲਾ ਜੱਟ ਦਾ 'ਮੈਂ ਕੀ ਪਿਆਰ ਵਿੱਚੋਂ ਖੱਟਿਆ।' ਆਸਾ ਸਿੰਘ ਮਸਤਾਨਾ ਦਾ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ।' ਕਰਮਜੀਤ ਧੂਰੀ ਦਾ 'ਮਿੱਤਰਾਂ ਦੀ ਲੂਣ ਦੀ ਡਲੀ।' ਜਗਜੀਤ ਜੀਰਵੀ ਦਾ 'ਨੱਚਣ ਵਾਲੇ ਦੀ ਅੱਡੀ।' ਕੁਲਦੀਪ ਮਾਣਕ-ਸੀਮਾ ਦਾ 'ਛਿੱਕ ਚੰਦਰੇ ਜੇਠ ਨੇ ਮਾਰੀ।' ਦੀਦਾਰ ਸੰਧੂ ਤੇ ਅਮਰ ਨੂਰੀ ਦਾ 'ਫਾਟਕ ਕੋਟਕਪੁਰੇ ਦਾ।' ਪ੍ਰਕਾਸ਼ ਕੌਰ ਦਾ 'ਗੋਰੀ ਦੀਆਂ ਝਾਂਜਰਾਂ।' ਗੁਰਮੀਤ ਬਾਵਾ ਤੇ ਕ੍ਰਿਪਾਲ ਬਾਵਾ ਦਾ 'ਛੜਿਆਂ ਦੀ ਨਜ਼ਰ ਬੁਰੀ' ਆਦਿ ਦੇ ਰਿਕਾਰਡ ਉਸ ਕੋਲ ਮੌਜੂਦ ਹਨ। ਇਨ੍ਹਾਂ ਪੁਰਾਤਨ ਤਵਿਆ ਤੋਂ ਇਲਾਵਾ ਫਕੀਰ ਸਿੰਘ ਫਕੀਰ , ਜਗਮੋਹਣ ਕੌਰ-ਕੇ. ਦੀਪ., ਕਰਨੈਲ ਗਿੱਲ, ਮੁਹੰਮਦ ਰਫੀ, ਗੁਰਚਰਨ ਪੋਹਲੀ, ਪ੍ਰੇਮਿਲਾ ਪੰਮੀ, ਸੁਰਿੰਦਰ ਛਿੰਦਾ, ਜਸਵੀਰ ਖੁਸ਼ਦਿਲ, ਧੰਨਾ ਸਿੰਘ ਰੰਗੀਲਾ, ਜਸਦੇਵ ਯਮਲਾ, ਗੁਰਪਾਲ ਸਿੰਘ ਪਾਲ, ਏ. ਐਸ. ਕੰਗ, ਕੁਲਦੀਪ ਪਾਰਸ, ਜਸਵੰਤ ਸੰਦੀਲਾ, ਪਰਮਿੰਦਰ ਸੰਧੂ, ਬਾਵਾ- ਸੁਚੇਤ ਬਾਲਾ, ਅਮਰ ਚਮਕੀਲਾ- ਅਮਰਜੋਤ, ਸ਼ਾਂਤੀ ਦੇਵੀ, ਸਮਸ਼ਾਦ ਬੇਗਮ, ਚਾਂਦੀ ਰਾਮ ਆਦਿ ਦੇ ਰਿਕਾਰਡ ਵੀ ਉਸ ਕੋਲ ਮੌਜੂਦ ਹਨ। ਜਿਹੜੇ ਕਲਾਕਾਰ ਬਹੁਤੀ ਪ੍ਰਸਿੱਧੀ ਨਹੀਂ ਖੱਟ ਸਕੇ, ਉਨ੍ਹਾਂ ਕਲਾਕਾਰਾਂ ਦੇ ਰਿਕਾਰਡ ਵੀ ਤਸਵਿੰਦਰ ਸਿੰਘ ਕੋਲ ਮੌਜੂਦ ਹਨ। ਜਿਨ੍ਹਾਂ ਵਿੱਚ ਅਮਰ ਸਿੰਘ ਰਾਣਾ, ਮੰਜੂ, ਪਰਸਨ ਭੱਜੀ, ਪਰਮਜੀਤ ਪਾਲੀ, ਪਿਆਰਾ ਜਲਾਲਾਬਾਦੀ, ਨੇਕੀ ਕਾਤਿਲ, ਪਾਲਮ ਪਟੇਲ ਆਦਿ। ਪਾਕਿਸਤਾਨ ਦਾ ਆਲਮ ਲੁਹਾਰ, ਨੂਰ ਜਹਾਂ, ਰੇਸ਼ਮਾ, ਸ਼ੌਕਤ ਅਲੀ ਦੀਆਂ ਸੁਰੀਲੀਆਂ ਅਵਾਜਾਂ ਵੀ ਗੁਰਜੀਤ ਨੇ ਸਾਂਭ ਕੇ ਰੱਖੀਆਂ ਹੋਈਆਂ ਹਨ। ਧਾਰਮਿਕ ਰਿਕਾਰਡਿੰਗ ਵਿੱਚ ਸਾਕਾ ਸਰਹਿੰਦ ( ਨਰਿੰਦਰ ਬੀਬਾ), ਸਾਕਾ ਚਮਕੌਰ ਦੀ ਗੜ੍ਹੀ, ਸਾਕਾ ਤੱਤੀ ਤਵੀ (ਕਰਨੈਲ ਸਿੰਘ), ਬਾਬਾ ਦੀਪ ਸਿੰਘ ( ਗੁਰਚਰਨ ਗੋਹਲਵਾਲ), ਨਾਨਕ ਵੀਰਾ ਘੋੜੀ (ਰਣਜੀਤ ਕੌਰ), ਏਕ ਨੂਰ ਸੇ (ਜਸਵਿੰਦਰ ਯਮਲਾ), ਜਪੁਜੀ ਸਾਹਿਬ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀਆਂ, ਢਾਡੀਆਂ, ਕਵੀਸ਼ਰਾਂ ਦੇ ਰਿਕਾਰਡ ਵੀ ਉਸ ਕੋਲ ਹਨ। ਤਸਵਿੰਦਰ ਸਿੰਘ ਕੋਲ ਇਕ ਮਸ਼ੀਨ ਮਰਫੀ ਕੰਪਨੀ 102 ਮਾਡਲ, ਤੇ ਇਕ ਸੋਹਨ ਬਖਸ਼ ਮਸ਼ੀਨ ਮੌਜੂਦ ਹਨ। ਇਹ ਸਾਰੀਆਂ ਮਸ਼ੀਨਾਂ ਚਾਬੀ ਨਾਲ ਚੱਲਦੀਆਂ ਹਨ। ਇਸ ਤੋਂ ਇਲਾਵਾ ਉਸ ਕੋਲ ਬਿਜਲੀ ਨਾਲ ਚੱਲਣ ਵਾਲੀ ਫਲਿਪਸ ਦੀ ਗ੍ਰਾਮੋਫੋਨ ਮਸ਼ੀਨ ਵੀ ਹੈ। ਇਨ੍ਹਾਂ ਦੇ ਤਵੇ ਦੀ ਘੁੰਮਣ ਦੀ ਸਪੀਡ 33.5, 45, 78 ਚੱਕਰ ਪ੍ਰਤੀ ਮਿੰਟ (ਆਰ. ਪੀ. ਐਸ.) ਹੈ। ਤਸਵਿੰਦਰ ਸਿੰਘ ਨੂੰ ਇਹ ਰਿਕਾਰਡ ਤੇ ਮਸ਼ੀਨਾਂ ਇਕੱਠੀਆਂ ਕਰਨ ਲਈ ਸਾਰਾ ਪੰਜਾਬ, ਦਿੱਲੀ, ਕਲਕੱਤਾ, ਰਾਜਸਥਾਨ ਅਤੇ ਚੰਡੀਗੜ੍ਹ ਆਦਿ ਥਾਵਾਂ ਤੱਕ ਘੁੰਮਣਾ ਪਿਆ। ਉਸ ਨੇ ਦੱਸਿਆ ਕਿ ਉਹ 15-20 ਸਾਲਾਂ ਤੋਂ ਇਹ ਚੀਜ਼ਾਂ ਇਕੱਠੀਆਂ ਕਰ ਰਿਹਾ ਹੈ। ਉਸ ਨੇ ਕਈ ਚੀਜ਼ਾਂ ਕਾਫੀ ਪੈਸੇ ਖਰਚ ਕੇ ਪ੍ਰਾਪਤ ਕੀਤੀਆਂ ਹਨ। ਇਹ ਸਾਰੀਆਂ ਪੁਰਾਤਨ ਚੀਜਾਂ ਇਕੱਠੀਆਂ ਕਰਨ ਵਿੱਚ ਉਸ ਦੇ ਪਿਤਾ ਸ. ਮੇਵਾ ਸਿੰਘ , ਜੀਵਨ ਸਾਥਣ ਹਰਜਿੰਦਰ ਕੌਰ ਅਤੇ ਦੋਸਤ-ਮਿੱਤਰ, ਰਿਸਤੇਦਾਰ ਉਸਦਾ ਪੂਰਾ ਸਾਥ ਦੇ ਰਹੇ ਹਨ। ਤਸਵਿੰਦਰ ਸਿੰਘ ਬੜੈਚ ਇਨ੍ਹਾਂ ਵਿਰਾਸਤੀ ਵਸਤਾਂ ਦੀ ਸਕੂਲਾਂ, ਕਾਲਜਾਂ ਅਤੇ ਸਭਿਆਚਾਰਕ ਮੇਲਿਆਂ 'ਤੇ ਫ੍ਰੀ ਪ੍ਰਦਰਸ਼ਨੀ ਵੀ ਲਗਾਉਂਦਾ ਹੈ। ਵਿਗਿਆਨਕ ਯੁੱਗ ਵਿੱਚ ਪੰਜਾਬੀ ਵਿਰਸੇ ਤੇ ਸਭਿਆਚਾਰ ਨੂੰ ਵੱਡਾ ਖੋਰਾ ਲੱਗਿਆ ਹੈ, ਪਰ ਹਾਲੇ ਵੀ ਤਸਵਿੰਦਰ ਸਿੰਘ ਵਰਗੇ ਵਿਅਕਤੀ ਪੰਜਾਬੀ ਲੋਕਧਾਰਾ ਤੇ ਸਭਿਆਚਾਰ ਨੂੰ ਸਾਂਭਣ ਲਈ ਕਿਸੇ ਸੰਸਥਾ ਤੋਂ ਵੱਧ ਕੰਮ ਕਰ ਰਹੇ ਹਨ। ਜਿਨ੍ਹਾਂ ਦੇ ਕੰਮ ਦੀ ਸ਼ਲਾਘਾ ਕਰਨੀ ਬਣਦੀ ਹੈ। ਸਭਿਆਚਾਰਕ ਕਲੱਬਾਂ ਅਤੇ ਸਰਕਾਰਾਂ ਨੂੰ ਤਸਵਿੰਦਰ ਸਿੰਘ ਵਰਗੇ ਵਿਅਕਤੀਆਂ ਨੂੰ ਵਿਰਾਸਤੀ ਮੇਲਿਆਂ ਉੱਪਰ ਬਣਦਾ ਮਾਣ-ਸਤਿਕਾਰ ਦੇਣਾ ਚਾਹੀਦਾ ਹੈ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਵੱਲੋਂ ਸੰਭਾਲੇ ਪੁਰਾਤਨ ਸੰਗੀਤ ਦੇ ਅਨਮੋਲ ਖਜਾਨੇ ਦੇ ਦਰਸ਼ਨ ਕਰਦੇ ਰਹਿਣ।



Postal Address of Desh Doaba : 5101 Doe Hollow Pl, Antelope, CA. 95843

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਦੇਸ਼ ਵਿੱਚ ਭਾਜਪਾ ਦਾ ਪਤਨ ਸ਼ੁਰੂ: ਮਾਇਆਵਤੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ (ਬਸਪਾ) ਦੀ ਕੌਮੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਬੀਬੀ ਮਾਇਆਵਤੀ ਨੇ ਪਾਰਟੀ ਦੇ ਪੰਜਾਬ ਦੇ ਸਾਬਕਾ ਪ੍ਰਧਾਨ ਤੇ ਸੰਸਦ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਦਾ ਸੂਬੇ ਦੀ ਸਿਆਸਤ ਵਿੱਚੋਂ ਪੂਰੀ ਤਰਾਂ ਸਫਾਇਆ ਕਰਨ ਦਾ ਐਲਾਨ ਕਰਕੇ ਸਾਰਿਆਂ ਨੂੰ ਦੰਗ ਕਰ ਦਿੱਤਾ। ਉਨ੍ਹਾਂ ਅੱਜ ਇਥੇ ਸੈਕਟਰ 25 ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਜੰਮੂ ਤੇ ਕਸ਼ਮੀਰ ਅਤੇ ਚੰਡੀਗੜ੍ਹ ਦੇ ਬਸਪਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਭ ਤੋਂ ਪਹਿਲਾਂ ਸਟੇਜ 'ਤੇ ਹੀ ਬੈਠੇ ਸ੍ਰੀ ਕਰੀਮਪੁਰੀ ਉਪਰ ਗੁੱਸਾ ਝਾੜਦਿਆਂ ਕਿਹਾ ਕਿ ਪੰਜਾਬ ਵਿੱਚ ਪਾਰਟੀ ਨੂੰ ਮਜ਼ਬੂਤ ਕਰਨ ਲਈ ਉਨ੍ਹਾਂ (ਕਰੀਮਪੁਰੀ) ਨੂੰ ਉੱਤਰ ਪ੍ਰਦੇਸ਼ ਤੋਂ ਰਾਜ ਸਭਾ ਦਾ ਮੈਂਬਰ ਬਣਾਇਆ ਗਿਆ ਸੀ ਪਰ ਇਸ ਆਗੂ ਨੇ ਉਨ੍ਹਾਂ ਨੂੰ ਨਿਰਾਸ਼ ਕੀਤਾ ਹੈ। ਮਾਇਆਵਤੀ ਨੇ ਕਿਹਾ ਬਾਅਦ ਵਿਚ ਸ੍ਰੀ ਕਰੀਮਪੁਰੀ ਨੂੰ ਹਿਮਾਚਲ ਪ੍ਰਦੇਸ਼ ਦਾ ਇੰਚਾਰਜ ਨਿਯੁਕਤ ਕੀਤਾ ਸੀ ਪਰ ਵਿਧਾਨ ਸਭਾ ਚੋਣਾਂ ਦੌਰਾਨ ਇਥੋਂ ਵੀ ਪਾਰਟੀ ਦੀ ਮਾੜੀ ਹਾਰ ਹੋਈ ਜਿਸ ਕਾਰਨ ਹੁਣ ਸ੍ਰੀ ਕਰੀਮਪੁਰੀ ਨੂੰ ਪੰਜਾਬ ਵਿੱਚ ਨਾ ਤਾਂ ਕੋਈ ਅਹੁਦਾ ਦਿੱਤਾ ਜਾਵੇਗਾ ਅਤੇ ਨਾ ਹੀ ਕੋਈ ਚੋਣ ਲੜਾਈ ਜਾਵੇਗੀ।

ਮਾਇਆਵਤੀ ਨੇ ਇਥੇ ਕਾਂਸ਼ੀ ਰਾਮ ਦੇ ਜਨਮ ਦਿਨ ਮੌਕੇ ਕੀਤੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੱਲ੍ਹ ਉੱਤਰ ਪ੍ਰਦੇਸ਼ ਦੇ ਦੋ ਸੰਸਦੀ ਹਲਕਿਆਂ ਵਿੱਚ ਸਮਾਜਵਾਦੀ ਪਾਰਟੀ ਵੱਲੋਂ ਬਸਪਾ ਦੇ ਸਹਿਯੋਗ ਨਾਲ ਭਾਜਪਾ ਨੂੰ ਕਰਾਰੀ ਹਾਰ ਦੇ ਕੇ ਪ੍ਰਾਪਤ ਕੀਤੀ ਜਿੱਤ ਤੋਂ ਬਾਅਦ ਅਜਿਹੀ ਸੰਭਾਵਨਾ ਬਣੀ ਹੈ ਕਿ ਸਾਲ 2019 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਭਾਜਪਾ ਸਰਕਾਰ ਡਰਦੀ ਮਾਰੀ ਪਹਿਲਾਂ ਕਰਵਾ ਸਕਦੀ ਹੈ ਕਿਉਂਕਿ ਇਨ੍ਹਾਂ ਨਤੀਜਿਆਂ ਨੇ ਸਾਬਤ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਦਾ ਪਤਨ ਸ਼ੁਰੂ ਹੋ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਾਲ 2014 ਤੋਂ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈਵੀਐਮ) ਵਿਚ ਗੜਬੜ ਕਰਕੇ ਕੇਂਦਰ ਅਤੇ ਸੂਬਾਈ ਚੋਣਾਂ ਜਿੱਤਦੀ ਆ ਰਹੀ ਹੈ।




ਰੈਲੀ ਵਿਚ ਵੱਡੀ ਗਿਣਤੀ 'ਚ ਪੁੱਜੇ ਵਰਕਰਾਂ ਨੂੰ ਦੇਖ ਕੇ ਬਾਗੋਬਾਗ ਹੋਈ ਮਾਇਆਵਤੀ ਨੇ ਪੰਜ ਰਾਜਾਂ ਦੇ ਆਗੂਆਂ ਨੂੰ ਸਾਲ 2019 ਦੀਆਂ ਚੋਣਾਂ ਦੌਰਾਨ ਭਾਜਪਾ ਦਾ ਸਫਾਇਆ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਦੋਸ਼ ਲਾਇਆ ਕਿ ਭਾਜਪਾ ਸਰਕਾਰ ਰਾਖਵੇਂਕਰਨ ਨੂੰ ਖੋਰਾ ਲਾ ਰਹੀ ਹੈ ਅਤੇ ਦਲਿਤਾਂ ਤੇ ਹੋਰ ਘੱਟ ਗਿਣਤੀਆਂ ਨੂੰ ਹਿੰਦੂਵਾਦ ਦੇ ਏਜੰਡੇ ਹੇਠ ਦਰੜਿਆ ਜਾ ਰਿਹਾ ਹੈ। ਉਨ੍ਹਾਂ ਵਰਕਰਾਂ ਨੂੰ ਭਾਜਪਾ ਅਤੇ ਆਰਐਸਐਸ ਦੇ ਏਜੰਡਿਆਂ ਤੋਂ ਸਾਵਧਾਨ ਰਹਿਣ ਦਾ ਸੱਦਾ ਦਿੱਤਾ। ਇਸ ਤੋਂ ਪਹਿਲਾਂ ਪੰਜਾਬ ਦੇ ਪ੍ਰਧਾਨ ਰਸ਼ਪਾਲ ਸਿੰਘ ਰਾਜੂ, ਹਰਿਆਣਾ ਦੇ ਪ੍ਰਧਾਨ ਪ੍ਰਕਾਸ਼ ਭਾਰਤੀ, ਪੰਜਾਬ, ਹਰਿਆਣਾ ਤੇ ਚੰਡੀਗੜ੍ਹ ਦੇ ਇੰਚਾਰਜ ਡਾ. ਮੇਘ ਰਾਜ, ਚੰਡੀਗੜ੍ਹ ਦੇ ਪ੍ਰਧਾਨ ਵਰਿਆਮ ਸਿੰਘ, ਹਿਮਾਚਲ ਦੇ ਇੰਚਾਰਜ ਅਵਤਾਰ ਸਿੰਘ ਕਰੀਮਪੁਰੀ, ਸੰਸਦ ਮੈਂਬਰ ਸਤੀਸ਼ ਮਿਸ਼ਰਾ ਤੇ ਰਾਜਾ ਰਾਮ ਆਦਿ ਨੇ ਮਾਇਆਵਤੀ ਨੂੰ ਤਾਜ ਭੇਟ ਕੀਤਾ।

# ਜਿਲ੍ਹਾ ਪ੍ਰਧਾਨ ਬਸਰਾ ਦੀ ਅਗਵਾਈ 'ਚ ਲੁਧਿਆਣਾ ਤੋਂ ਬਸਪਾ ਦੀ ਮਹਾਂਰੈਲੀ ਲਈ ਜੱਥੇ ਰਵਾਨਾ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਸਪਾ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਦੇ ਜਨਮ ਦਿਨ ਤੇ ਚੰਡੀਗੜ੍ਹ ਦੇ ਰੈਲੀ ਗਰਾਊਂਡ ਵਿੱਚ ਮਹਾਂਰੈਲੀ ਕੀਤੀ ਗਈ ਜਿਸ ਵਿੱਚ ਬਸਪਾ ਦੀ ਕੌਮੀਂ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਨੇ ਮੁੱਖ ਮਹਿਮਾਨ ਦੇ ਤੌਰ ਤੇ ਸਿਰਕਤ ਕੀਤੀ। ਇਸ ਮਹਾਂਰੈਲੀ ਵਿੱਚ ਸਿਰਕਤ ਕਰਨ ਲਈ ਲੁਧਿਆਣਾ ਤੋਂ ਕਈ ਕਾਫਲੇ ਜਿਲ੍ਹਾ ਪ੍ਰਧਾਨ ਜੀਤ ਰਾਮ ਬਸਰਾ ਦੀ ਅਗਵਾਈ 'ਚ ਰਵਾਨਾ ਹੋਏ। ਇਸ ਮੌਕੇ ਗੱਲ ਕਰਦਿਆਂ ਸ੍ਰੀ ਬਸਰਾ ਨੇ ਕਿਹਾ ਕਿ ਕਾਂਸੀ ਰਾਮ ਨੇ ਸਾਰੀ ਜਿੰਦਗੀ ਸਮਾਜ ਦੇ ਲੇਖੇ ਲਾਉਂਦਿਆਂ ਅਤੇ ਅਥਾਹ ਕੁਰਬਾਨੀਆਂ ਕਰਕੇ ਬਹੁਜਨ ਸਮਾਜ ਪਾਰਟੀ ਬਣਾਈ ਜਿਸ ਨੇ ਜਿਥੇ ਦੇਸ਼ ਦੇ ਕਈ ਸੂਬਿਆਂ ਵਿੱਚ ਵਿਧਾਇਕ ਤੇ ਸੰਸਦ ਜਿਤਾਏ ਉਥੇ ਹੀ ਸੱਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਵਿੱਚ ਚਾਰ ਵਾਰ ਸਰਕਾਰ ਬਣਾ ਕੇ ਹਰ ਵਰਗ ਨੂੰ ਚੰਗੀਆਂ ਸਹੂਲਤਾਂ ਦਿੰਦਿਆਂ ਚਹੁੰ ਤਰਫਾ ਵਿਕਾਸ ਕੀਤਾ।




ਉਨ੍ਹਾਂ ਕਿਹਾ ਕਿ ਸ੍ਰੀ ਕਾਂਸੀ ਰਾਮ ਦੇ ਜਾਣ ਤੋਂ ਬਾਅਦ ਭੈਣ ਕੁਮਾਰੀ ਮਾਇਆਵਤੀ ਨੇ ਵੀ ਬਸਪਾ ਨੂੰ ਨਵੀਂ ਦਿਸ਼ਾ ਦਿੱਤੀ ਅਤੇ ਉਨ੍ਹਾਂ ਦੇ ਦਿਸ਼ਾ ਨਿਰਦੇਸ਼ਾਂ ਦੇ ਚੱਲ ਕੇ ਅੱਜ ਵੀ ਬਸਪਾ ਵਰਕਰ ਸੱਤਾ ਪ੍ਰਾਪਤੀ ਦੇ ਮਿਸ਼ਨ ਵੱਲ ਵਧ ਰਹੇ ਹਨ।

ਉਨ੍ਹਾਂ ਸ੍ਰੀ ਕਾਂਸੀ ਰਾਮ ਦੇ ਜਨਮ ਦਿਨ ਦੀਆਂ ਮੁਬਾਰਕਾਂ ਦਿੰਦਿਆਂ ਕਿਹਾ ਕਿ ਜਦੋਂ ਤੱਕ ਉਨ੍ਹਾਂ ਦੀ ਟੀਮ ਵਿੱਚ ਸਾਹ ਹਨ ਉਹ ਸ੍ਰੀ ਕਾਂਸੀ ਰਾਮ ਦਾ ਸੱਤਾ ਪ੍ਰਾਪਤੀ ਦਾ ਸੁਪਨਾ ਪੂਰਾ ਕਰਨ ਲਈ ਦ੍ਰਿੜ ਸੰਕਲਪ ਰਹਿਣਗੇ। ਇਸ ਮੌਕੇ ਜਨਰਲ ਸਕੱਤਰ ਪ੍ਰਗਣ ਬਿਲਗਾ, ਸੁਰਿੰਦਰ ਮੇਹਰਬਾਨ, ਪਵਨ ਕੁਮਾਰ ਦਾਦਰਾ, ਲਾਭ ਸਿੰਘ ਭਾਮੀਆਂ, ਮਾਸਟਰ ਰਾਮਨੰਦ, ਨਰਿੰਦਰ ਚੌਂਤਾ, ਨਰੇਸ਼ ਬਸਰਾ, ਸਾਬਕਾ ਕੌਂਸਲਰ ਤਾਰਾ ਸਿੰਘ, ਸੁਖਦੇਵ, ਡਾ: ਸੁਰਿੰਦਰ ਜੱਖੂ, ਲਾਡੀ ਗੰਗੜ, ਰਮਨਦੀਪ, ਰਵਿੰਦਰ, ਜਗਦੀਸ਼, ਗੁਰਪ੍ਰੀਤ ਸਿੰਘ, ਰਿੰਕੂ ਬਸਰਾ, ਇੰਦਰੇਸ਼ ਕੁਮਾਰ, ਗੁਰਦੇਵ ਬੱਧਣ, ਤੀਰਥ, ਲੈਂਬਰ ਰਾਮ ਮਾਹੀ, ਦਰਸ਼ਨ ਸਿੰਘ, ਗਿਆਨ ਚੰਦ, ਰਾਮਲੋਕ ਕੁਲੀਏਵਾਲ, ਕੇਵਲ ਸਿੰਘ ਜਮਾਲਪੁਰ, ਉਪ ਪ੍ਰਕਾਸ, ਮਨਜੀਤ, ਵਿੱਕੀ ਕੁਮਾਰ, ਰਾਜ ਕੁਮਾਰ ਕਾਲਾ, ਨਰਿੰਦਰ ਰੱਲ, ਸੁਖਪਾਲ ਮਾਹੀ, ਹਰਬੰਸ ਗਹਿਲੇਵਾਲ, ਬਲਵੀਰ ਸਿੰਘ, ਮੇਜਰ ਸਿੰਘ, ਚਰਨ ਸਿੰਘ ਲੁਹਾਰਾ, ਰਾਜਿੰਦਰ ਕੁਮਾਰ ਕਾਕਾ, ਹੰਸ ਰਾਜ ਬੰਗੜ, ਅਨੁਜ ਕੁਮਾਰ ਅਤੇ ਹੋਰ ਹਾਜਰ ਸਨ।





ਵਾਲਮੀਕਿ/ਮਜਬੀ ਸਿੱਖ ਮਹਾਂਸਭਾ ਦੀ ਹੰਗਾਮੀ ਅਤੇ ਭਰਵੀਂ ਮੀਟਿੰਗ ਗੱਲਾ ਮਜਦੂਰ ਯੂਨੀਅਨ ਨਵੀਂ ਦਾਣਾ ਮੰਡੀ ਮੋਗਾ ਵਿਖੇ ਸਰਪ੍ਰਸਤ ਸ ਮਨਜੀਤ ਸਿੰਘ ਧਾਲੀਵਾਲ ਐਡਵੋਕੇਟ ਜੀ ਦੀ ਅਗਵਾਈ ਵਿਚ ਹੋਈ ਮੀਟਿੰਗ ਵਿੱਚ ਸਰਬਸੰਮਤੀ ਨਾਲ ਫੈਸਲਾ ਲਿਆ ਗਿਆ ਕੀ ਐਪਰਲ 8/4/2018 ਨੂੰ ਵਿਸ਼ਵ ਰਤਨ ਬਾਬਾ ਸਹਿਬ ਡਾ ਭੀਮ ਰਾਓ ਅੰਬੇਦਕਰ ਜੀ ਦਾ ਜਨਮ ਦਿਹਾੜਾ (ਅੰਬੇਦਕਰ ਜੈਅੰਤੀ) ਬੜੀ ਧੂਮ ਧਾਮ ਨਾਲ ਮੋਗਾ ਵਿਖੇ ਮਨਾਈ ਜਾਵੇਗੀ, ਮਜਦੂਰ ਜਥੇਬੰਦੀ ਦੇ ਜੂਝਾਰੂ ਆਗੂਆਂ ਨੂੰ ਸਨਮਾਨਿਤ ਕੀਤਾ ਜਾਵੇਗਾ ਅਤੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹੁਸ਼ਿਆਰ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਆਪਣੇ ਸਮੇਂ ਵਿੱਚੋ ਸਮਾਂ ਕਢ ਕੇ ਪਹੁੰਚੇ ਸਾਰੇ ਸਤਿਕਾਰਯੋਗ ਸਾਥੀਆਂ ਦਾ ਕੋਟਿਨ ਕੋਟ ਧੰਨਵਾਦ;

**– ਬਲਜਿੰਦਰ ਧਾਲੀਵਾਲ, ਪ੍ਰਧਾਨ ਵਾਲਮੀਕਿ/ਮਜਬੀ ਸਿੱਖ ਮਹਾਂਸਭਾ**

# ਸ਼ੈਡਿਊਲ ਕਾਸਟ ਸਬ-ਪਲਾਨ ਐਕਟ ਦੀ ਮੰਗ ਨੂੰ ਲੈ ਕੇ ਸੀਫ ਦੀ ਦਸਤਖ਼ਤ ਮੁਹਿੰਮ ਜ਼ੋਰਾਂ 'ਤੇ

**ਜਲੰਧਰ–** ਸ਼ੈਡਿਊਲ ਕਾਸਟ ਇੰਟਰਪ੍ਰੀਨਿਓਰ ਇੰਮਪਾਵਰਮੈਂਟ ਫੋਰਮ (ਸੀਫ) ਵੱਲੋਂ ਸ਼ੈਡਿਊਲ ਕਾਸਟ ਸਬ ਪਲਾਨ ਐਕਟ ਤਹਿਤ ਚਲਾਏ ਜਾ ਰਹੀ ਦਸਤਖ਼ਤ ਮੁਹਿੰਮ ਦੇ ਤਹਿਤ ਅਨੁਸੂਚਿਤ ਜਾਤੀ ਵਰਗ ਦੇ ਵੱਖ-ਵੱਖ ਅਦਾਰਿਆਂ ਨੇ ਬੁੱਧਵਾਰ ਨੂੰ ਲੁਧਿਆਣਾ ਵਿੱਚ ਦੋ ਲੱਖ ਦਸਤਖ਼ਤਾਂ ਦਾ ਪ੍ਰੋਫਾਰਮਾ ਸੀਫ ਦੇ ਮੁੱਖ ਸਲਾਹਕਾਰ ਅਤੇ ਐਸ.ਸੀ. ਕਮਿਸ਼ਨ ਪੰਜਾਬ ਦੇ ਸਾਬਕਾ ਚੇਅਰਮੈਨ ਰਾਜੇਸ਼ ਬਾਘਾ ਅਤੇ ਭਾਰਤ ਸਰਕਾਰ ਦੇ ਸਾਬਕਾ ਸਫੀਰ ਰਮੇਸ਼ ਚੰਦਰ ਨੂੰ ਸੌਂਪੇ । ਫੋਰਮ ਨੇ ਇਸ ਮੁਹਿੰਮ ਦੌਰਾਨ 10 ਲੱਖ ਦਸਤਖ਼ਤ ਰਾਸ਼ਟਰਪਤੀ ਨੂੰ ਸੌਂਪਣ ਦਾ ਸੰਕਲਪ ਲਿਆ ਹੈ । ਸੰਸਥਾ ਦੇ ਜਨਰਲ ਸਕੱਤਰ ਭੁਪਿੰਦਰ ਨੇ ਦੱਸਿਆ ਕਿ ਸੂਬੇ ਭਰ ਵਿੱਚ ਚੱਲ ਰਹੀ ਇਸ ਮੁਹਿੰਮ ਦੇ ਤਹਿਤ ਹੁਣ ਤੱਕ ਸਾਢੇ ਸੱਤ ਲੱਖ



ਤੋਂ ਜਿਆਦਾ ਦਸਤਖ਼ਤ ਹੋ ਚੁੱਕੇ ਹਨ ਅਤੇ ਫੋਰਮ ਜਲਦੀ ਹੀ ਆਪਣਾ ਟੀਚਾ ਪੂਰਾ ਕਰਕੇ ਇਸਨੂੰ ਭਾਰਤ ਦੇ ਰਾਸ਼ਟਰਪਤੀ ਨੂੰ ਸੌਂਪਣਗੀਆਂ। ਫੋਰਮ ਦੇ ਦੋਨਾਂ ਅਧਿਕਾਰੀਆਂ ਨੇ ਦੱਸਿਆ ਕਿ ਉਕਤ ਐਕਟ ਦੇ ਤਹਿਤ ਕੇਂਦਰੀ ਬਜਟ ਵਿੱਚ ਅਨੁਸੂਚਿਤ ਜਾਤੀਆਂ ਦੇ ਵਿਕਾਸ ਸਬੰਧੀ ਰੱਖੇ ਜਾਣ ਵਾਲੇ ਫੰਡ ਹੋਰ ਵਰਗਾਂ ਵਿੱਚ ਖਰਚ ਕੀਤੇ ਜਾਣ ਉੱਤੇ ਰੋਕ ਲੱਗੇਗੀ ਅਤੇ ਅਨੁਸੂਚਿਤ ਜਾਤੀਆਂ ਲਈ ਵੱਖਰੇ ਤੌਰ ਤੇ ਕੀਤੇ ਜਾਣ ਵਾਲੇ ਬਜਟ ਦੀਆਂ ਵਿਵਸਥਾਵਾਂ ਦੀ ਅਰਥਪੂਰਨ ਵਰਤੋਂ ਹੋਵੇਗੀ। ਇਸ ਦਸਤਖ਼ਤ ਮੁਹਿੰਮ ਤਹਿਤ ਵੱਖ-ਵੱਖ ਅਦਾਰਿਆਂ ਦੇ ਨੌਜਵਾਨ ਕਾਰਕੁੰਨ ਵੱਧ - ਚੜ੍ਹ ਕਰ ਕਾਰਜ ਕਰ ਰਹੇ ਹਨ। ਇਸ ਮੌਕੇ ਉੱਤੇ ਰਾਜਕੁਮਾਰ ਹੈਪੀ, ਅਮਰਜੀਤ ਸਿੰਘ, ਦਰਸ਼ਨ ਸਿੰਘ, ਜਗਮੋਹਨ ਸਿੰਘ, ਸੀਫ ਦੇ ਪ੍ਰਧਾਨ ਪ੍ਰੇਮਪਾਲ ਡੋਮੇਲੀ, ਪਿਆਰੇ ਲਾਲ ਅਤੇ ਹੋਰ ਮੌਜੂਦ ਸਨ।

# ਜ਼ਿਮਨੀ ਚੋਣਾਂ ਵਿੱਚ ਭਾਜਪਾ ਨੂੰ ਵੱਡਾ ਝਟਕਾ

**ਲਖਨਊ ਪਟਨਾ–** ਅਗਲੇ ਸਾਲ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਅੱਜ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਜਬਰਦਸਤ ਝਟਕਾ ਲੱਗਿਆ ਜਦੋਂ ਉੱਤਰ ਪ੍ਰਦੇਸ਼ ਵਿੱਚ ਗੋਰਖਪੁਰ ਤੇ ਫੂਲਪੁਰ ਅਤੇ ਬਿਹਾਰ ਦੀ ਅਰਰੀਆ ਲੋਕ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਵਿੱਚ ਇਸ ਨੂੰ ਮੂੰਹ ਦੀ ਖਾਣੀ ਪਈ।

ਗੋਰਖਪੁਰ ਸੀਟ ਦੀ ਹਾਰ ਹੋਰ ਵੀ ਨਮੋਸ਼ੀਜਨਕ ਹੈ ਕਿਉਂਕਿ ਇੱਥੋਂ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਲਗਾਤਾਰ ਪੰਜ ਵਾਰ ਜਿੱਤਦੇ ਰਹੇ ਹਨ ਜਦਕਿ ਫੂਲਪੁਰ ਸੀਟ ਤੋਂ ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਨੇ 2014 ਦੀਆਂ ਚੋਣਾਂ ਵਿੱਚ ਜਿੱਤ ਹਾਸਲ ਕੀਤੀ ਸੀ। ਦੋਵਾਂ ਨੇ ਤਿੰਨ ਲੱਖ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਸੀ।

ਗੋਰਖਪੁਰ ਸੀਟ 'ਤੇ ਸਮਾਜਵਾਦੀ ਪਾਰਟੀ ਦੇ ਪ੍ਰਵੀਨ ਨਿਸ਼ਾਦ ਨੇ ਭਾਜਪਾ ਦੇ ਉਪੇਂਦਰ ਦੱਤ ਸ਼ੁਕਲਾ ਨੂੰ 21961 ਵੋਟਾਂ ਦੇ ਫ਼ਰਕ ਨਾਲ ਹਰਾਇਆ ਜਦਕਿ ਫੂਲਪੁਰ ਸੀਟ 'ਤੇ ਸਪਾ ਦੇ ਹੀ ਨਗੇਂਦਰ ਪ੍ਰਤਾਪ ਸਿੰਘ ਨੇ ਭਾਜਪਾ ਦੇ ਕੌਸ਼ਲੇਂਦਰ ਸਿੰਘ ਪਟੇਲ ਨੂੰ 59460 ਵੋਟਾਂ ਨਾਲ ਮਾਤ ਦਿੱਤੀ।

ਬਿਹਾਰ ਦੀ ਅਰਰੀਆ ਲੋਕ ਸਭਾ ਸੀਟ 'ਤੇ ਲਾਲੂ ਪ੍ਰਸ਼ਾਦ ਦੀ ਰਾਸ਼ਟਰੀ ਜਨਤਾ ਦਲ ਦੇ ਸਰਫ਼ਰਾਜ਼ ਆਲਮ ਨੇ ਭਾਜਪਾ ਦੇ ਪ੍ਰਦੀਪ ਕੁਮਾਰ ਸਿੰਘ ਨੂੰ 60 ਹਜ਼ਾਰ ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ। ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਭਗਵੀਂ ਪਾਰਟੀ ਨਾਲ ਹੱਥ ਮਿਲਾਉਣ ਤੋਂ ਬਾਅਦ ਜੇਡੀਯੂ-ਭਾਜਪਾ ਗੱਠਜੋੜ ਨੂੰ ਪਹਿਲਾ ਵੱਡਾ ਚੁਣਾਵੀ ਝਟਕਾ ਲੱਗਿਆ ਹੈ। ਭਾਜਪਾ ਲਈ ਤਸੱਲੀ ਦੀ ਗੱਲ ਇਹੀ ਰਹੀ ਕਿ ਪਾਰਟੀ ਉਮੀਦਵਾਰ ਰਿੰਕੀ ਰਾਣੀ ਪਾਂਡੇ ਨੇ ਭਭੂਆ ਵਿਧਾਨ ਸਭਾ ਦੀ ਸੀਟ ਕਾਂਗਰਸ ਦੇ ਸ਼ੰਭੂ ਸਿੰਘ ਪਟੇਲ ਨੂੰ 14000 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਪਾਰਟੀ ਦੀ ਇੱਜਤ ਬਚਾਉਣ ਵਿੱਚ ਕਾਮਯਾਬ ਰਹੀ। ਜਹਾਨਾਬਾਦ ਵਿਧਾਨ ਸਭਾ ਸੀਟ 'ਤੇ ਰਾਸ਼ਟਰੀ ਜਨਤਾ ਦਲ ਦੇ ਸੁਦਯ ਯਾਦਵ ਨੇ ਜਨਤਾ ਦਲ-ਯੂ ਦੇ ਅਭਿਰਾਮ ਸ਼ਰਮਾ ਨੂੰ 30000 ਤੋਂ ਵੱਧ ਵੋਟਾਂ ਦੇ ਫ਼ਰਕ ਨਾਲ ਹਰਾਇਆ। ਗੋਰਖਪੁਰ ਵਿੱਚ ਓ ਬੀ ਸੀ-ਦਲਿਤ-ਮੁਸਲਿਮ ਵੋਟਾਂ ਦੀ ਇਕਜੁੱਟਤਾ ਨੇ ਰੰਗ ਲਿਆਂਦਾ ਜੋ ਪਹਿਲਾਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਵਿੱਚ ਵੰਡੀਆਂ ਜਾਂਦੀਆਂ ਸਨ। ਇਸ ਤੋਂ ਇਲਾਵਾ ਨਿਸ਼ਾਦ ਪਾਰਟੀ ਤੇ ਪੀਸ ਪਾਰਟੀ ਜਿਹੇ ਛੋਟੇ ਖਿਡਾਰੀਆਂ ਨੇ ਵੀ ਸਪਾ ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਵਿੱਚ ਭੂਮਿਕਾ ਨਿਭਾਈ। ਉਪ ਮੁੱਖ ਮੰਤਰੀ ਕੇਸ਼ਵ ਪ੍ਰਸ਼ਾਦ ਮੌਰੀਆ ਨੇ ਕਿਹਾ ਕਿ ਬਸਪਾ ਦੇ ਵੋਟ ਤਬਦੀਲ ਹੋਣ ਕਰ ਕੇ ਫਰਕ ਪਿਆ ਹੈ।

ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਜ਼ਿਮਨੀ ਚੋਣ ਨਤੀਜਿਆਂ ਨੂੰ ਸੱਤਾਧਾਰੀ ਭਾਜਪਾ ਖ਼ਿਲਾਫ਼ ਲੋਕ ਰੋਹ ਦੀ ਝਲਕ ਕਰਾਰ ਦਿੱਤਾ ਹੈ। ਉਨ੍ਹਾਂ ਇਕ ਟਵੀਟ ਵਿੱਚ ਕਿਹਾ '' ਅੱਜ ਦੀਆਂ ਜ਼ਿਮਨੀ ਚੋਣਾਂ ਦੇ ਸਾਰੇ ਜੇਤੂਆਂ ਨੂੰ ਵਧਾਈਆਂ। ਨਤੀਜਿਆਂ ਤੋਂ ਸਾਫ਼ ਜ਼ਾਹਰ ਹੈ ਕਿ ਲੋਕ ਮਨਾਂ ਵਿੱਚ ਭਾਜਪਾ ਖਿਲਾਫ਼ ਕਿਸ ਕਦਰ ਗੁੱਸਾ ਭਰਿਆ ਹੋਇਆ ਹੈ। ਕਾਂਗਰਸ ਉੱਤਰ ਪ੍ਰਦੇਸ਼ ਵਿੱਚ ਮੁੜ ਪੈਰਾਂ 'ਤੇ ਖੜ੍ਹੇ ਹੋਣ ਦੀ ਕੋਸ਼ਿਸ਼ ਕਰੇਗੀ ਪਰ ਇਹ ਰਾਤੋ-ਰਾਤ ਨਹੀਂ ਹੋ ਸਕਦਾ।''

2014 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਤੇ ਇਸ ਦੀ ਸਹਿਯੋਗੀ ਅਪਨਾ ਦਲ ਨੇ 41.8 ਫੀਸਦ ਵੋਟਾਂ ਲੈ ਕੇ 80 ਵਿੱਚੋਂ 73 ਸੀਟਾਂ ਜਿੱਤੀਆਂ ਸਨ। ਸਮਾਜਵਾਦੀ ਪਾਰਟੀ ਨੇ 22.2 ਫ਼ੀਸਦ ਵੋਟਾਂ ਨਾਲ ਪੰਜ ਸੀਟਾਂ ਜਿੱਤੀਆਂ ਸਨ ਜਦਕਿ ਬਸਪਾ ਨੂੰ 19.6 ਫ਼ੀਸਦ ਵੋਟਾਂ ਮਿਲੀਆਂ ਸਨ ਪਰ ਪਾਰਟੀ ਖਾਤਾ ਨਹੀਂ ਖੋਲ੍ਹ ਸਕੀ ਸੀ।ਹੁਣ ਜ਼ਿਮਨੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਧਰਮ ਨਿਰਪੱਖ ਪਾਰਟੀਆਂ ਦੇ ਇਕਜੁੱਟ ਹੋਣ ਦੀ ਮੰਗ ਜ਼ੋਰ ਫੜ ਸਕਦੀ ਹੈ।

**ਅਤਿ ਉਤਸ਼ਾਹ ਕਾਰਨ ਹਾਰ ਗਏ: ਯੋਗੀ**

ਲਖਨਊ: ਹੈਰਾਨੀਜਨਕ ਹਾਰ ਤੋਂ ਘਬਰਾਏ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਕਿਹਾ ਕਿ ਪਾਰਟੀ 'ਅਤਿ ਉਤਸ਼ਾਹ' ਕਾਰਨ ਹਾਰ ਗਈ ਹੈ ਤੇ ਕਾਰਨਾਂ ਦਾ ਗਹਿਰਾ ਅਧਿਐਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ''ਅਸੀਂ ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਦੇ ਗੱਠਜੋੜ ਨੂੰ ਠੀਕ ਤਰ੍ਹਾਂ ਸਮਝ ਨਹੀਂ ਸਕੇ।

# ਕੋਰੇਗਾਉਂ ਭੀਮਾ ਹਿੰਸਾ ਮਾਮਲੇ ਵਿਚ ਹਿੰਦੂਤਵੀ ਨੇਤਾ ਮਿਲਿੰਦ ਏਕਬੋਟੇ ਗ੍ਰਿਫਤਾਰ

**ਪੂਣੇ, ਨਵੀਂ ਦਿੱਲੀ–** ਮਹਾਰਾਸ਼ਟਰ ਦੇ ਕੋਰੇਗਾਉਂ ਭੀਮਾ ਵਿਚ ਹਿੰਸਾਦੇ ਮਾਮਲੇ ਵਿਚ ਮੁੱਖ ਦੋਸ਼ੀ ਅਤੇ ਹਿੰਦੂਵਾਦੀ ਨੇਤਾ ਮਿਲਿੰਦ ਰਮਾਕਾਂਤ ਏਕਬੋਟੇ ਨੂੰ ਸੁਪਰੀਮ ਕੋਰਟ ਨੇ ਅੰਤਰਿਮ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਮਹਾਰਾਸ਼ਟਰ ਪੁਲਿਸ ਦੀ ਸਟੇਟਸ ਰਿਪੋਰਟ ਤੋਂ ਬਾਅਦ ਇਹ ਫੈਸਲਾ ਲਿਆ। ਇਸ ਤੋਂ ਬਾਅਦ ਪੁਣੇ ਜ਼ਿਲ੍ਹੇ ਦੀ ਦਿਹਾਤੀ ਪੁਲਿਸ ਨੇ ਸਮਸਤ ਹਿੰਦੂ ਅਗਾੜੀ ਦੇ ਪ੍ਰਧਾਨ ਏਕਬੋਟੇ ਨੂੰ ਉਹਨਾਂ ਦੇ ਸ਼ਿਵਾਜੀ ਨਗਰ ਸਥਿਤ ਰਿਹਾਇਸ਼ ਤੋਂ ਗ੍ਰਿਫਤਾਰ ਕਰ ਲਿਆ। ਇਸ ਤੋਂ ਪਹਿਲਾਂ ਹੇਠਲੀ ਅਦਾਲਤ ਨੇ 22 ਜਨਵਰੀ ਅਤੇ ਉਸ ਤੋਂ ਬਾਅਦ ਬੰਬੇ ਹਾਈਕੋਰਟ ਨੇ 2 ਫਰਵਰੀ ਨੂੰ ਏਕਬੋਟੇ ਨੂੰ ਅੰਤਰਿਮ ਜਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

# ਸ਼ਹੀਦ ਸ.ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ

**ਲੁਧਿਆਣਾ–** ਪ੍ਰੈਸ ਲਾਇਨਜ਼ ਕਲੱਬ ਰਜਿ. ਲੁਧਿਆਣਾ ਵੱਲੋਂ ਪਲੇਠਾ ਸੈਮੀਨਾਰ ਮਿਤੀ 23 ਮਾਰਚ 2018 ਨੂੰ ਸਵੇਰੇ 10 ਵਜੇ ਸਥਾਨਕ ਪੰਜਾਬੀ ਭਵਨ ਲੁਧਿਆਣਾ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਪ੍ਰੋਗਰਾਮ ਦਾ ਵਿਸ਼ਾ-'ਅਜੋਕੀ ਪੱਤਰਕਾਰੀ ਦਸ਼ਾ ਤੇ ਦਿਸ਼ਾ' ਹੋਵੇਗਾ। ਇਸ ਮੌਕੇ ਮੁੱਖ ਬੁਲਾਰੇ ਡਾ. ਐਸ.ਐਸ ਦੁਸਾਂਝ (ਸਾਬਕਾ ਮੁਖੀ ਪੱਤਰਕਾਰੀ ਵਿਭਾਗ ਪੀਏਯੂ ਲੁਧਿਆਣਾ, ਡਾ. ਹਰਕੰਵਲ ਕੋਰਪਾਲ ਸੀਨੀਅਰ ਪੱਤਰਕਾਰ, ਸਿੱਧੂ ਦਮਦਮੀ ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ, ਸ. ਨਰਿੰਦਰ ਸਿੰਘ ਡਾਨਸੀਵਾਲ ਸੀਨੀਅਰ ਪੱਤਰਕਾਰ, ਸੰਪਾਦਕ ਸੈਲਾਬ, ਪ੍ਰੋ. ਗੁਰਭਜਨ ਸਿੰਘ ਗਿੱਲ, ਸਾਬਕਾ ਐਡੀਟਰ ਚੰਗੀ ਖੇਤੀ ਪੀਏਯੂ ਲੁਧਿਆਣਾ, ਡਾ. ਸੁਰਜੀਤ ਸਿੰਘ ਗਿੱਲ, ਸਾਬਕਾ ਡਾਇਰੈਕਟਰ ਸੰਚਾਰ ਵਿਭਾਗ ਪੀਏਯੂ ਸਾਮਲ ਹੋਣਗੇ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com, www.ambedkartimes.com

# ਖਟਕੜ ਕਲਾਂ 'ਚ ਸ਼ਹੀਦ ਭਗਤ ਸਿੰਘ ਦੀ ਯਾਦਗਾਰ ਨੂੰ ਚੜ੍ਹਾਇਆ ਨਵਾਂ ਰੰਗ

**ਬੰਗਾ–** ਪਿੰਡ ਖਟਕੜ ਕਲਾਂ ਵਿੱਚ ਬਣੀ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਯਾਦਗਾਰ ਦੇ ਆਧੁਨਿਕੀਕਰਨ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਰਹੀਆਂ ਹਨ। ਮੁੱਖ ਮਾਰਗ 'ਤੇ ਸ਼ਹੀਦ ਦਾ ਆਦਮ ਕੱਦ ਬੁੱਤ ਸਥਾਪਿਤ ਹੈ। ਸ਼ਹੀਦ ਦੇ ਬਚਪਨ ਤੋਂ ਲੈ ਕੇ ਜਵਾਨੀ ਤੱਕ ਆਜ਼ਾਦੀ ਦੇ ਘੋਲ ਦੀਆਂ ਸਮੁੱਚੀਆਂ ਯਾਦਾਂ ਨੂੰ 12 ਗੈਲਰੀਆਂ ਵਿੱਚ ਰੂਪਮਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਉਸ ਦਾ ਲੰਡਨ ਦੀ ਅਸੈਂਬਲੀ 'ਚ ਬੰਬ ਸੁੱਟਣਾ, ਸਾਂਡਰਸ ਨੂੰ ਗੋਲੀ ਮਾਰਨਾ, ਸਾਥੀਆਂ ਨਾਲ ਗੁਪਤ ਮੀਟਿੰਗ, ਲਾਹੌਰ ਦਾ ਕਾਲਜ, ਜੇਲ੍ਹ ਦੀ ਕਾਲ ਕੋਠੜੀ ਆਦਿ ਵਰਤਾਰਾ ਹੂ-ਬ-ਹੂ ਦਰਸਾਇਆ ਗਿਆ ਹੈ। ਇਸ ਦੇ ਨਾਲ ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ ਦ੍ਰਿਸ਼ ਵੀ ਅੱਖਾਂ ਨਮ ਕਰਦਾ ਹੈ। ਅਜਾਇਬ ਘਰ 'ਚ ਸ਼ਹੀਦ ਦੇ ਜੀਵਨ ਸੰਘਰਸ਼ ਨਾਲ ਜੁੜੀਆਂ ਵਸਤਾਂ ਅਤੇ ਹੋਰ ਯਾਦਗਾਰੀ ਸਾਮਾਨ ਦੀ ਸੰਭਾਲ ਲਈ ਵਿਸ਼ੇਸ਼ ਥਾਂ ਬਣਾਈ ਗਈ ਹੈ। ਪੰਜਾਬ ਸਰਕਾਰ ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਯਾਦਗਾਰ ਅਤੇ ਅਜਾਇਬ ਘਰ ਇਸ 23 ਮਾਰਚ ਨੂੰ ਰਾਸ਼ਟਰ ਅਰਪਣ ਕੀਤੇ ਜਾਣਗੇ। ਉਸ ਦਿਨ ਪੰਜਾਬ ਦੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਖਟਕੜ ਕਲਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਸ਼ਰਧਾ ਦੇ ਫੁੱਲ ਅਰਪਿਤ ਕਰਨਗੇ। ਇਸ ਸਥਾਪਤੀ ਨਾਲ ਪਿੰਡ ਖਟਕੜ ਕਲਾਂ ਵਿਸ਼ੇਸ਼ ਸੈਰ ਸਪਾਟਾ ਕੇਂਦਰ ਵਜੋਂ ਵਿਕਸਿਤ ਹੋਣ ਦੀਆਂ ਸੰਭਾਵਨਾਵਾਂ ਵੱਧਣਗੀਆਂ। ਸਰਕਾਰ ਵੱਲੋਂ ਇਹ ਦਿਨ 'ਯੁਵਾ ਸ਼ਕਤੀਕਰਨ' ਵਜੋਂ ਮਨਾਇਆ ਜਾ ਰਿਹਾ ਹੈ। ਸ਼ਹੀਦ ਭਗਤ ਸਿੰਘ ਯਾਦਗਾਰੀ ਅਜਾਇਬ ਘਰ ਦੇ ਆਧੁਨਿਕੀਕਰਨ 'ਤੇ ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਵੱਲੋਂ 18 ਕਰੋੜ ਰੁਪਏ ਖਰਚੇ ਗਏ ਹਨ। ਖਟਕੜ ਕਲਾਂ ਦੇ ਕਿਸਾਨ ਸਤਨਾਮ ਸਿੰਘ ਸੰਧੂ ਅਤੇ ਐਨ.ਆਰ.ਆਈ. ਪਾਲ ਸਿੰਘ, ਜਿਨ੍ਹਾਂ ਦੀਆਂ ਕੋਠੀਆਂ 'ਤੇ ਸ਼ਹੀਦ ਭਗਤ ਸਿੰਘ ਦੇ ਆਦਮ ਕੱਦ ਬੁੱਤ ਲੱਗੇ ਹੋਏ ਹਨ, ਦਾ ਕਹਿਣਾ ਹੈ ਕਿ ਉਹ ਸ਼ਹੀਦ ਦੇ ਪਿੰਡ ਵਾਸੀ ਹੋਣ ਕਰਕੇ ਬਹੁਤ ਮਾਣ ਮਹਿਸੂਸ ਕਰਦੇ ਹਨ। ਪਿੰਡ ਦੇ ਨੌਜਵਾਨਾਂ ਅਮਨਪ੍ਰੀਤ, ਸਤਵਿੰਦਰ, ਗੁਰਦੇਵ, ਬੀਰਾ, ਸੁਦਾਗਰ ਆਦਿ ਨੇ ਕਿਹਾ ਕਿ ਉਹ ਸ਼ਹੀਦ-ਏ-ਆਜ਼ਮ ਦੀ ਕੁਰਬਾਨੀ ਨੂੰ ਆਪਣਾ ਪ੍ਰੇਰਨਾਸ੍ਰੋਤ ਮੰਨਦੇ ਹਨ ਅਤੇ ਪਿੰਡ ਦੀ ਮਿੱਟੀ 'ਚ ਸ਼ਹੀਦੀ ਪਰਿਵਾਰ ਦੀ ਕੁਰਬਾਨੀ ਦਾ ਜਜ਼ਬਾ ਉਨ੍ਹਾਂ 'ਚ ਹਿੰਮਤ ਭਰਦਾ ਹੈ। ਪਿੰਡ ਦੇ ਸਰਪੰਚ ਸੁਖਵਿੰਦਰ ਸਿੰਘ, ਜੋ ਅਜਾਇਬ ਘਰ ਦੇ ਨਿਰਮਾਣ ਕਾਰਜ ਅਤੇ ਹੁਣ ਸਮਾਗਮਾਂ ਦੀਆਂ ਤਿਆਰੀਆਂ ਵਿੱਚ ਰੁੱਝੇ ਹੋਏ ਹਨ, ਨੇ ਕਿਹਾ ਕਿ ਸ਼ਹੀਦ ਦਾ ਭਰ ਜਵਾਨੀ ਵਿੱਚ ਦੇਸ਼ ਦੀ ਆਜ਼ਾਦੀ ਲਈ ਫਾਂਸੀ ਦਾ ਰੱਸਾ ਚੁੰਮਣਾ ਪਿੰਡ ਖਟਕੜ ਕਲਾਂ ਦਾ ਨਾਂ ਪੂਰੀ ਦੁਨੀਆਂ ਵਿੱਚ ਰੌਸ਼ਨ ਕਰ ਗਿਆ ਹੈ। ਕੁਝ ਵਿਅਕਤੀਆਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਸਾਹਮਣੇ ਬਣੀ ਪਾਰਕ 'ਚ ਕੰਮ ਕਰਨ ਵਾਲਿਆਂ ਨੂੰ ਕਈ ਮਹੀਨਿਆਂ ਤੋਂ ਤਨਖਾਹ ਨਾ ਮਿਲਣ ਅਤੇ ਅਜਾਇਬ ਘਰ ਦੀ ਬਿਜਲੀ ਦੇ ਬਿੱਲ ਦਾ ਬਕਾਇਆ ਖੜ੍ਹਾ ਹੋਣ 'ਤੇ ਚਿੰਤਾ ਪ੍ਰਗਟਾਉਂਦਿਆਂ ਨਵੇਂ ਅਜਾਇਬ ਘਰ ਦੇ ਰੱਖ-ਰਖਾਵ ਲਈ ਪੱਕਾ ਬਜਟ ਰੱਖਣ ਦਾ ਸਵਾਲ ਰੱਖਿਆ।



# ਇਰਾਕ 'ਚ 39 ਭਾਰਤੀਆਂ ਦੇ ਜ਼ਿੰਦਾ ਨਾ ਹੋਣ ਦੀ ਪੁਸ਼ਟੀ

**ਨਵੀਂ ਦਿੱਲੀ–** ਕੇਂਦਰ ਸਰਕਾਰ ਨੇ ਅੱਜ ਸੰਸਦ ਵਿੱਚ ਹੌਲਨਾਕ ਖ਼ੁਲਾਸਾ ਕਰਦਿਆਂ ਕਿਹਾ ਕਿ ਕਰੀਬ ਚਾਰ ਸਾਲ ਪਹਿਲਾਂ ਇਰਾਕ ਵਿੱਚ ਆਈਐਸਆਈਐਸ ਵੱਲੋਂ ਅਗਵਾ ਕੀਤੇ ਗਏ 39 ਭਾਰਤੀਆਂ ਵਿੱਚੋਂ ਕੋਈ ਵੀ ਜ਼ਿੰਦਾ ਨਹੀਂ ਬਚਿਆ। ਇਨ੍ਹਾਂ ਮੰਦਭਾਗਿਆਂ ਵਿੱਚੋਂ 27 ਪੰਜਾਬ, ਛੇ ਬਿਹਾਰ, ਚਾਰ ਹਿਮਾਚਲ ਪ੍ਰਦੇਸ਼ ਤੇ ਦੋ ਪੱਛਮੀ ਬੰਗਾਲ ਨਾਲ ਸਬੰਧਤ ਸਨ। ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਨੇ ਰਾਜ ਸਭਾ ਵਿੱਚ ਆਪਣੇ ਤੌਰ 'ਤੇ ਬਿਆਨ ਦਿੰਦਿਆਂ ਕਿਹਾ ਕਿ ਇਨ੍ਹਾਂ ਦੀਆਂ ਲਾਸ਼ਾਂ ਇਰਾਕ ਦੇ ਸਭ ਤੋਂ ਵੱਡੇ ਸ਼ਹਿਰ ਮੋਸੂਲ ਨੇੜਲੇ ਪਿੰਡ ਬਾਦੋਸ਼ ਵਿੱਚੋਂ ਮਿਲ ਗਈਆਂ ਹਨ, ਜਿਨ੍ਹਾਂ ਦੀ ਸ਼ਨਾਖ਼ਤ ਡੀਐਨਏ ਟੈਸਟਾਂ ਰਾਹੀਂ ਕੀਤੀ ਗਈ ਹੈ।

ਇਸ ਦੇ ਨਾਲ ਹੀ ਕੇਂਦਰ ਵੱਲੋਂ ਇਨ੍ਹਾਂ ਭਾਰਤੀਆਂ ਦੇ ਮਾਮਲੇ ਨਾਲ ਸਿੱਝਣ ਦੇ ਮੁੱਦੇ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਕਾਂਗਰਸ ਤੇ ਕੁਝ ਪੀੜਤ ਪਰਿਵਾਰਾਂ ਨੇ ਵਿਦੇਸ਼ ਮੰਤਰੀ 'ਤੇ ਹੁਣ ਤੱਕ ਉਨ੍ਹਾਂ ਨੂੰ ਝੂਠੇ ਦਿਲਾਸੇ ਦੇਣ ਤੇ ਹਨੇਰੇ ਵਿੱਚ ਰੱਖਣ ਦਾ ਦੋਸ਼ ਲਾਇਆ ਹੈ। ਕਾਂਗਰਸ, ਨੈਸ਼ਨਲ ਕਾਂਗਰਸ ਤੇ ਸੀਪੀਐਮ ਆਦਿ ਵਿਰੋਧੀ ਪਾਰਟੀਆਂ ਨੇ ਪੀੜਤ ਪਰਿਵਾਰਾਂ ਨੂੰ ਜਾਣਕਾਰੀ ਦੇਣ ਤੋਂ ਪਹਿਲਾਂ ਇਹ ਐਲਾਨ ਸੰਸਦ ਵਿੱਚ ਅਤੇ ਟੈਲੀਵਿਜ਼ਨ ਰਾਹੀਂ ਕਰਨ ਦੀ ਨਿਖੇਧੀ ਕਰਦਿਆਂ ਸਰਕਾਰ ਦੀ ਕਾਰਵਾਈ ਨੂੰ 'ਅਸੰਵੇਦਨਸ਼ੀਲਤਾ ਦਾ ਸਿਖਰ ਤੇ ਨਾਮੁਆਫ਼ੀਯੋਗ' ਕਰਾਰ ਦਿੱਤਾ ਹੈ। ਬੀਬੀ ਸਵਰਾਜ ਨੇ ਬਾਅਦ ਵਿੱਚ ਇਕ ਪ੍ਰੈਸ ਕਾਨਫਰੰਸ ਰਾਹੀਂ ਇਨ੍ਹਾਂ ਦੋਸ਼ਾਂ ਦਾ ਖੰਡਨ ਕਰਦਿਆਂ ਉਲਟਾ ਕਾਂਗਰਸ ਉਤੇ 'ਸਸਤੀ ਸਿਆਸਤ' ਖੇਡਣ ਦੇ ਦੋਸ਼ ਲਾਏ। ਪਹਿਲਾਂ ਉਨ੍ਹਾਂ ਰਾਜ ਸਭਾ ਵਿੱਚ ਕਿਹਾ ਕਿ ਭਾਰਤੀਆਂ ਦੀਆਂ ਮ੍ਰਿਤਕ ਦੇਹਾਂ ਬਾਦੋਸ਼ ਦੀ ਇਕ ਸਮੂਹਿਕ ਕਬਰਗਾਹ ਵਿੱਚੋਂ ਕੱਢੀਆਂ ਗਈਆਂ ਹਨ, ਜਿਨ੍ਹਾਂ ਨੂੰ ਖ਼ਾਸ ਜਹਾਜ਼ ਰਾਹੀਂ ਵਤਨ ਲਿਆ ਕੇ ਵਾਰਸਾਂ ਹਵਾਲੇ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਸਾਫ਼ ਨਹੀਂ ਹੈ ਕਿ ਉਨ੍ਹਾਂ ਦਾ ਕਤਲ ਕਦੋਂ ਕੀਤਾ ਗਿਆ। ਉਨ੍ਹਾਂ ਕਿਹਾ, ''ਮੈਂ ਇਹੋ ਆਖਦੀ ਆ ਰਹੀ ਸਾਂ ਕਿ ਮੈਂ ਠੋਸ ਸਬੂਤ ਤੋਂ ਬਿਨਾਂ ਕਿਸੇ ਨੂੰ ਮ੍ਰਿਤਕ ਨਹੀਂ ਐਲਾਨਾਂਗੀ... ਅੱਜ ਮੈਂ ਉਹ ਅਹਿਦ ਪੂਰਾ ਕਰ ਦਿੱਤਾ ਹੈ।''

ਗ਼ੌਰਤਲਬ ਹੈ ਕਿ ਇਸ ਤੋਂ ਪਹਿਲਾਂ ਵਿਦੇਸ਼ ਮੰਤਰੀ ਇਹੋ ਆਖਦੀ ਆ ਰਹੀ ਸੀ ਕਿ ਇਰਾਕ ਵਿਚਲੇ ਇਹ ਸਾਰੇ ਭਾਰਤੀ 'ਜ਼ਿੰਦਾ' ਹਨ। ਇਹ ਵੀ ਦੱਸਣਯੋਗ ਹੈ ਕਿ ਇਨ੍ਹਾਂ ਕੁੱਲ 40 ਭਾਰਤੀਆਂ ਵਿੱਚੋਂ ਗੁਰਦਾਸਪੁਰ ਨਾਲ ਸਬੰਧਤ ਹਰਜੀਤ ਮਸੀਹ ਮੌਕੇ 'ਤੇ ਖ਼ੁਦ ਨੂੰ ਬੰਗਲਾਦੇਸ਼ੀ ਮੁਸਲਮਾਨ ਦੱਸ ਕੇ ਜਾਨ ਬਚਾਉਣ ਵਿੱਚ ਸਫਲ ਰਿਹਾ ਸੀ। ਉਹ ਲਗਾਤਾਰ ਇਨ੍ਹਾਂ ਸਾਰੇ ਭਾਰਤੀਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਕਤਲ ਕਰ ਦਿੱਤੇ ਜਾਣ ਦੀ ਗੱਲ ਆਖਦਾ ਆ ਰਿਹਾ ਸੀ ਪਰ ਬੀਬੀ ਸਵਰਾਜ ਨੇ ਉਸ ਦੇ ਦਾਅਵਿਆਂ ਨੂੰ ਅੱਜ ਫਿਰ ਖ਼ਾਰਜ ਕਰਦਿਆਂ ਇਸ ਨੂੰ ਮਹਿਜ਼ 'ਚਿੜੀ ਤੇ ਮੱਝ ਦੀ ਕਹਾਣੀ' ਕਰਾਰ ਦਿੱਤਾ। ਬੀਬੀ ਸਵਰਾਜ ਨੇ ਕਿਹਾ ਕਿ ਇਨ੍ਹਾਂ ਭਾਰਤੀਆਂ ਨੂੰ ਜੂਨ 2014 ਵਿੱਚ ਮੋਸੂਲ ਵਿੱਚੋਂ ਅਗਵਾ ਕੀਤਾ ਗਿਆ ਸੀ ਤੇ ਕਤਲ ਕਰ ਕੇ ਬਾਦੋਸ਼ 'ਚ ਇਕ ਸਮੂਹਿਕ ਕਬਰਗਾਹ ਵਿੱਚ ਦਫਨਾ ਦਿੱਤਾ ਗਿਆ ਸੀ। ਵਿਦੇਸ਼ ਮੰਤਰੀ ਰੌਲੇ-ਰੱਪੇ ਕਾਰਨ ਲੋਕ ਸਭਾ ਵਿੱਚ ਇਸ ਸਬੰਧੀ ਬਿਆਨ ਨਹੀਂ ਦੇ ਸਕੀ।

# ਵਾਈਸਾਲੀਆ ਸੀਨੀਅਰ ਖੇਡਾਂ ਵਿੱਚ ਪੰਜਾਬੀ ਚੋਬਰਾਂ ਨੇ ਵਿਖਾਏ ਜੌਹਰ!



**ਫਰਿਜ਼ਨੋ (ਕੈਲੇਫੋਰਨੀਆ) ਨੀਟਾ ਮਾਛੀਕੇ/ ਕੁਲਵੰਤ ਧਾਲੀਆ–** ਫਰਿਜਨੋ ਸ਼ਹਿਰ ਦੇ ਲਾਗਲੇ ਟਾਊਨ ਵਾਈਸਾਲੀਆ ਦੇ ਮਾਊਂਟ ਵਿਟਨੀ ਹਾਈ ਸਕੂਲ ਦੇ ਗਰਾਊਂਡਾ ਵਿੱਚ ਵਾਈਸਾਲੀਆ ਸੀਨੀਅਰ ਖੇਡਾਂ ਦਾ ਅਯੋਜਨ ਕੀਤਾ ਗਿਆ। ਇਹਨਾਂ ਖੇਡਾਂ ਵਿੱਚ ਦੁਨੀਆਂ ਭਰ ਤੋਂ ਸੀਨੀਅਰ ਖਿਡਾਰੀ ਭਾਗ ਲੈਣ ਵਾਸਤੇ ਪਹੁੰਚੇ ਹੋਏ ਸਨ।ਇਹ ਖੇਡਾਂ ਕਾਲਜ ਦੇ ਟ੍ਰੈਕ ਐਂਡ ਫੀਲਡ ਖੇਤਰ ਵਿੱਚ ਕਰਵਾਈਆਂ ਗਈਆਂ। ਇਹ ਖੇਡਾਂ ਵਿੱਚ ਚਾਰ ਪੰਜਾਬੀ ਸੀਨੀਅਰ ਗੱਭਰੂਆਂ ਨੇ ਵੀ ਹਿੱਸਾ ਲਿਆ ਤੇ ਕੁਲ 13 ਮੈਡਲ ਆਪਣੇ ਨਾਮ ਕੀਤੇ। ਇਹਨਾਂ ਖਿਡਾਰੀਆਂ ਵਿੱਚੋਂ ਗੁਰਬਖਸ਼ ਸਿੱਧੂ ਨੇ ਡਿਸਕਸ ਥਰੋ ਅਤੇ ਰਲੇਅ ਰੇਸ, ਕਮਲਜੀਤ ਬੈਨੀਪਾਲ ਨੇ ਦੌੜਾਂ, ਸੁਖਨੈਣ ਸਿੰਘ ਨੇ ਰਲੇਅ ਰੇਸ ਅਤੇ ਟਰਿਪਲ ਜੰਪ ਅਤੇ ਸੁਖਦੇਵ ਸਿੰਘ ਸਿੱਧੂ ਨੇ ਪਾਵਰ ਵਾਕ ਵਿੱਚ ਮੈਡਲ ਜਿੱਤਕੇ ਪੰਜਾਬੀ ਭਾਈਚਾਰੇ ਦਾ ਨਾਮ ਉੱਚਾ ਕੀਤਾ।

# ਬਸਪਾ ਤੋਂ ਨਰਾਜ ਚੱਲੇ ਆ ਰਹੇ ਸਾਰੇ ਪੁਰਾਣੇ ਪਾਰਟੀ ਵਰਕਰਾਂ ਦਾ ਸਵਾਗਤ ਹੈ: ਰਛਪਾਲ ਸਿੰਘ ਰਾਜੂ

**ਲੁਧਿਆਣਾ (ਗੁਰਪ੍ਰੀਤ ਸਿੰਘ ਮਹਿਦੂਦਾਂ)–** ਬਹੁਜਨ ਸਮਾਜ ਦੇ ਸੂਬਾ ਪ੍ਰਧਾਨ ਸ੍ਰੀ ਰਛਪਾਲ ਸਿੰਘ ਰਾਜੂ ਲੁਧਿਆਣਾ ਪਹੁੰਚੇ ਜਿਥੇ ਉਹਨਾਂ ਪਾਰਟੀ ਵਰਕਰਾਂ ਨਾਲ 20 ਮਾਰਚ ਨੂੰ ਜਲੰਧਰ ਵਿਖੇ ਕੀਤੀ ਜਾਣ ਵਾਲੀ ਸੂਬਾ ਪੱਧਰੀ ਮੀਟਿੰਗ ਸਬੰਧੀ ਚਰਚਾ ਕੀਤੀ। ਇਸ ਮੌਕੇ ਉਹਨਾਂ ਪਾਰਟੀ ਦੇ ਸੰਸਥਾਪਕ ਸਾਹਿਬ ਸ੍ਰੀ ਕਾਂਸੀ ਰਾਮ ਦੇ ਜਨਮ ਦਿਨ ਤੇ ਬਸਪਾ ਮੁੱਖੀ ਭੈਣ ਕੁਮਾਰੀ ਮਾਇਆਵਤੀ ਦੀ ਅਗਵਾਈ 'ਚ ਚੰਡੀਗੜ ਵਿਖੇ ਰੱਖੀ ਮਹਾਂਰੈਲੀ ਵਿੱਚ ਵਹੀਰਾ ਘੱਤ ਕੇ ਪਹੁੰਚੇ ਵਰਕਰਾਂ ਦਾ ਧੰਨਵਾਦ ਕੀਤਾ। ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੀ ਮੁੱਖੀ ਕੁਮਾਰੀ ਮਾਇਆਵਤੀ ਨੇ ਲੋਕ ਸਭਾ ਅਗਾਊ ਹੋਣ ਦਾ ਖਦਸ਼ਾ ਪ੍ਰਗਟ ਕਰ ਵਰਕਰਾਂ ਨੂੰ ਇਸਦੀਆਂ ਤਿਆਰੀਆਂ ਵਿੱਚ ਜੁੱਟ ਜਾਣ ਦਾ ਸੱਦਾ ਦਿੱਤਾ ਹੈ ਜਿਸ ਤੇ ਅਮਲ ਕਰਦਿਆਂ ਅਸੀ ਪੰਜਾਬ ਭਰ ਵਿੱਚ ਮੀਟਿੰਗਾਂ ਦਾ ਸਿਲਸਿਲਾ ਤੇਜ ਕਰ ਦਿੱਤਾ ਹੈ। ਉਹਨਾਂ ਕਿਹਾ ਕਿ ਜਲੰਧਰ ਵਿਖੇ ਹੋਣ ਜਾ ਰਹੀ ਮੀਟਿੰਗ ਵੀ ਏਸੇ ਨਾਲ ਸਬੰਧਿਤ ਹੈ। ਉਹਨਾਂ ਕਿਹਾ ਕਿ ਇਸ ਮੀਟਿੰਗ ਵਿੱਚ ਪਾਰਟੀ ਨੂੰ ਬੂਥ ਲੇਵਲ ਤੱਕ ਮਜਬੂਤ ਕਰਨ ਤੇ ਵਿਚਾਰਾਂ ਹੋਣਗੀਆਂ। ਉਹਨਾਂ ਅੱਗੇ ਕਿਹਾ ਕਿ ਬਸਪਾ ਤੋਂ ਨਿਰਾਜ ਚੱਲੇ ਆ ਰਹੇ ਸਾਰੇ ਪੁਰਾਣੇ ਪਾਰਟੀ ਵਰਕਰਾਂ ਦਾ ਪਾਰਟੀ ਵਿੱਚ ਸਵਾਗਤ ਹੈ ਅਤੇ ਉਹ ਪਾਰਟੀ ਵਿੱਚ ਸਮੂਲੀਅਤ ਕਰਨ ਲਈ ਸਾਡੇ ਨਾਲ ਸਿੱਧਾ ਸੰਪਰਕ ਕਰ ਸਕਦੇ ਹਾਂ। ਆਪ ਦੇ ਮੁੱਖੀ ਅਰਵਿੰਦ ਕੇਜਰੀਵਾਲ ਅਤੇ ਮਜੀਠੀਆ ਕਾਂਡ ਤੇ ਬੋਲਦਿਆਂ ਉਹਨਾਂ ਕਿਹਾ ਕਿ ਜਿਸ ਪ੍ਰਕਾਰ ਉਹਨਾਂ ਨੇ ਮੁਆਫੀ ਮੰਗੀ ਹੈ ਉਸ ਤੋਂ ਸਾਫ ਹੈ ਕਿ ਆਪ ਦੇ ਮੁੱਖੀ ਨੇ ਸੌਖੇ ਤਰੀਕੇ ਨਾਲ ਪ੍ਰਸਿੱਧੀ ਪਾਉਣ ਲਈ ਮਜੀਠੀਆ ਦੇ ਇਲਜਾਮ ਲਗਾਏ ਸਨ ਜਿਸ ਦਾ ਮਨੋਰਥ ਕੇਵਲ ਪੰਜਾਬ ਦੀ ਸੱਤਾ ਪ੍ਰਾਪਤੀ ਸੀ। ਉਹਨਾਂ ਕਿਹਾ ਕਿ ਅਜਿਹੇ ਮੁੱਦੇ ਚੁੱਕ ਕੇ ਕੇਜਰੀਵਾਲ ਨੇ ਕੇਵਲ ਪੰਜਾਬ 'ਚੋਂ ਹੀ ਨਹੀ ਬਲਕਿ ਦੇਸ਼ ਅਤੇ ਵਿਦੇਸ਼ਾਂ ਵਿੱਚ ਭਾਰੀ ਮਾਤਰਾ 'ਚ ਫੰਡ ਵਸੂਲਿਆ ਹੈ। ਏਹ ਪੰਜਾਬ ਦੇ ਲੋਕਾਂ ਨਾਲ ਬਹੁਤ ਵੱਡਾ ਧੋਖਾ ਹੈ ਜੇ ਇੰਝ ਕਹਿ ਲਿਆ ਜਾਵੇ ਕਿ ਏਹ ਪੰਜਾਬੀਆਂ ਦੇ ਪਿੱਠ ਤੇ ਕੀਤਾ ਗਿਆ ਉਹ ਵਾਰ ਹੈ ਜਿਸ ਨੂੰ ਉਹ ਕਦੇ ਵੀ ਨਹੀ ਭੁੱਲਣਗੇ। ਉਹਨਾਂ ਕਿਹਾ ਕਿ ਆਪ ਨੂੰ ਇੱਕ ਵਿਚਾਰਧਾਰਾ ਵਾਲੀ ਪਾਰਟੀ ਮੰਨ ਕੇ ਜੋ ਵੀ ਵਿਵਸਥਾ ਪਰਿਵਰਤਨ ਦੇ ਚਾਹਵਾਨ ਇਸ ਵਿੱਚ ਸ਼ਾਮਿਲ ਹੋਏ ਸਨ ਉਹਨਾਂ ਨੂੰ ਏਹ ਸਮਝ ਲੈਣਾ ਚਾਹੀਦਾ ਹੈ ਕਿ ਕੇਵਲ ਬਸਪਾ ਹੀ ਅਜਿਹੀ ਵਿਚਾਰਧਾਰਾ ਤੇ ਕੀ ਦਹਾਕਿਆਂ ਤੋਂ ਸਖਤੀ ਨਾਲ ਪਹਿਰਾ ਦੇ ਰਹੀ ਹੈ। ਉਹਨਾਂ ਕਿਹਾ ਕਿ ਆਪ ਦੇ ਸਾਰੇ ਚੰਗੇ ਆਗੂਆਂ ਅਤੇ ਵਰਕਰਾਂ ਦਾ ਬਸਪਾ ਵਿੱਚ ਭਰਵਾਂ ਸਵਾਗਤ ਹੈ। ਮਜੀਠੀਆ ਦੀ ਨਸ਼ਿਆਂ ਵਿੱਚ ਸਮੂਲੀਅਤ ਦੇ ਸਵਾਲ ਤੇ ਉਹਨਾਂ ਕਿਹਾ ਕਿ ਬਸਪਾ ਫੋਰੀ ਬਿਆਨਬਾਜੀ ਨਾਲ ਵਾਹ ਵਾਹ ਨਹੀ ਖੱਟਦੀ। ਮਜੀਠੀਆ ਦਾ ਕੇਸ ਅਦਾਲਤ ਵਿੱਚ ਵਿਚਾਰ ਅਧੀਨ ਹੈ ਅਤੇ ਜੇਕਰ ਕਾਂਗਰਸ ਸਰਕਾਰ ਨੇ ਇਸ ਕੇਸ ਤੇ ਇਮਾਨਦਾਰੀ ਨਾਲ ਪਹਿਰਾ ਦਿੱਤਾ ਤਾਂ ਫੈਸਲਾ ਲੋਕਾਂ ਦੀ ਇੱਛਾ ਦਾ ਆਵੇਗਾ। ਇਸ ਮੌਕੇ ਉਹਨਾਂ ਨਾਲ ਜੋਨ ਕੋਆਡੀਨੇਟਰ ਰਾਮ ਸਿੰਘ ਗੋਗੀ, ਜਿਲਾ ਪ੍ਰਧਾਨ ਜੀਤਰਾਮ ਬਸਰਾ, ਪ੍ਰਗਣ ਬਿਲਗਾ, ਪਵਨ ਕੁਮਾਰ ਦਾਦਰਾ, ਨਰੇਸ਼ ਬਸਰਾ, ਸਾਬਕਾ ਕੌਂਸਲਰ ਤਾਰਾ ਸਿੰਘ, ਸੁਖਦੇਵ ਮਹੇ, ਵਿੱਕੀ ਬਹਾਦਰਕੇ, ਕਮਲ ਬੌਧ, ਨਰਿੰਦਰ ਰੱਲ, ਲਾਡੀ ਗੰਗੜ, ਰਮਨਦੀਪ, ਰਵਿੰਦਰ, ਜਗਦੀਸ਼, ਗੁਰਪ੍ਰੀਤ ਸਿੰਘ, ਰਿੰਕੂ ਬਸਰਾ, ਇੰਦਰੇਸ਼ ਕੁਮਾਰ, ਗੁਰਦੇਵ ਬੱਧਣ, ਤੀਰਥ, ਲੈਂਬਰ ਰਾਮ ਮਾਹੀ, ਦਰਸ਼ਨ ਸਿੰਘ, ਗਿਆਨ ਚੰਦ, ਰਾਮਲੋਕ ਕੁਲੀਏਵਾਲ, ਕੇਵਲ ਸਿੰਘ ਜਮਾਲਪੁਰ, ਉਪ ਪ੍ਰਕਾਸ, ਮਨਜੀਤ, ਰਾਜ ਕੁਮਾਰ ਕਾਲਾ, ਸੁਖਪਾਲ ਮਾਹੀ, ਹਰਬੰਸ ਗਹਿਲੇਵਾਲ, ਬਲਵੀਰ ਸਿੰਘ, ਮੇਜਰ ਸਿੰਘ, ਚਰਨ ਸਿੰਘ ਲੁਹਾਰਾ, ਰਾਜਿੰਦਰ ਕੁਮਾਰ ਕਾਕਾ, ਹੰਸ ਰਾਜ ਬੰਗੜ, ਅਨੁਜ ਕੁਮਾਰ ਅਤੇ ਹੋਰ ਹਾਜਰ ਸਨ।



# ਸਾਹਿਤਕ ਸੰਸਥਾ ਵਲੋਂ ਪਰਵਾਸੀ ਲੇਖਕ ਤਲਵਿੰਦਰ ਮੰਡ ਅਤੇ ਮੋਹਨ ਸਿੰਘ ਕੁੱਕੜਪਿੰਡੀਆ ਨਾਲ ਰੂ-ਬ-ਰੂ

## ਪ੍ਰਵਾਸ ਇੱਕਲਾ ਪੰਜਾਬੀਆਂ ਦੇ ਹਿੱਸੇ ਹੀ ਨਹੀ ਆਇਆ ਸਗੋਂ ਇਹ ਤਾਂ ਵਿਸ਼ਵ ਪੱਧਰੀ ਵਰਤਾਰਾ ਹੈ-ਸੰਘਾ

**ਫਗਵਾੜਾ (ਬੀ.ਕੇ.ਰੱਤੂ)–** ਸਕੇਪ-ਸਾਹਿੱਤਕ ਸੰਸਥਾ ਅਤੇ ਪੰਜਾਬੀ ਵਿਰਸਾ ਟਰੱਸਟ ਵੱਲੋਂ ਸਾਹਿੱਤਕ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਕੈਨੇਡਾ ਦੇ ਪ੍ਰਸਿੱਧ ਪੰਜਾਬੀ ਲੇਖਕ ਕਵੀ ਤਲਵਿੰਦਰ ਮੰਡ ਅਤੇ ਬਰਤਾਨਵੀ ਨਾਵਲਕਾਰ ਮੋਹਣ ਸਿੰਘ ਕੁੱਕੜਪਿੰਡੀਆਂ ਨਾਲ ਰੂ-ਬ-ਰੂ ਕਰਵਾਈ ਗਈ। ਤਲਵਿੰਦਰ ਮੰਡ ਨੇ ਦੱਸਿਆ ਕਿ ਪਰਵਾਸ ਹੰਡਾ ਰਹੇ ਪੰਜਾਬੀਆਂ ਦਾ ਦੁਖਾਂਤ ਇਹ ਹੈ ਕਿ ਉਹ ਆਪਣੇ ਅਤੀਤ ਨੂੰ ਭੁਲਾ ਨਹੀਂ ਸਕਦੇ ਅਤੇ ਅੱਗੋਂ ਜਿਸ ਦੇਸ਼ ਵਿੱਚ ਉਹ ਰਹਿੰਦੇ ਹਨ ਉਸਨੂੰ ਪੂਰੀ ਤਰ੍ਹਾਂ ਅਪਨਾ ਨਹੀਂ ਸਕਦੇ। ਜਿਸ ਵੇਲੇ ਬਹੁਤ ਵੱਡੀ ਗਿਣਤੀ ਵਿੱਚ ਪ੍ਰਵਾਸੀ ਪੰਜਾਬੀ ਲੇਖਕ ਪੰਜਾਬੀ ਨਾਲ ਜੁੜੇ ਹੋਏ ਹਨ ਪਰ ਪੰਜਾਬੀ ਬੋਲੀ ਨੂੰ ਆਪਣਾ ਬਣਦਾ ਮਾਣ -ਸਤਿਕਾਰ ਨਾ ਤਾਂ ਪੰਜਾਬ ਵਿੱਚ ਮਿਲ ਸਕਿਆ ਹੈ ਤੇ ਨਾ ਹੀ ਵਿਦੇਸ਼ਾਂ ਵਿੱਚ ਨਵੀਂ ਪੰਜਾਬੀ ਪੀੜੀ ਇਸਦੀ ਬਾਂਹ




ਫੜ੍ਹ ਰਹੀ ਹੈ। ਮੋਹਨ ਸਿੰਘ ਕੁੱਕੜ ਪਿੰਡੀਆ ਨੇ ਦੱਸਿਆ ਕਿ ਪੰਜਾਬੀ ਭਾਈਚਾਰੇ ਵਿੱਚ ਨੈਤਿਕਤਾ ਦੀ ਕਮੀ ਨੇ ਦੇਸ਼ ਵਿੱਚ ਵੀ ਤੇ ਪ੍ਰਦੇਸ ਵਿੱਚ ਵੀ ਪੰਜਾਬੀਆਂ ਲਈ ਬੇ-ਲੋੜੀਆਂ ਮੁਸ਼ਕਲਾਂ ਪੈਦਾ ਕੀਤੀਆਂ ਹਨ ਤੇ ਪੰਜਾਬੀ ਸਾਹਿੱਤਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਪੰਜਾਬੀ ਭਾਈਚਾਰੇ ਨੂੰ ਸਹੀ ਸੇਧ ਦੇਣ। ਕਰਨ ਅਜਾਇਬ ਸਿੰਘ ਸੰਘਾ ਨੇ ਵਿਦੇਸ਼ ਵਸਦੇ ਪੰਜਾਬੀਆਂ ਦੀਆਂ ਮੁਸ਼ਕਲਾਂ ਪ੍ਰਤੀ ਚਿੰਤਾ ਪ੍ਰਗਟ ਕੀਤੀ ਅਤੇ ਦੱਸਿਆ ਕਿ ਪ੍ਰਵਾਸ ਇੱਕਲਾ ਪੰਜਾਬੀਆਂ ਦੇ ਹਿੱਸੇ ਹੀ ਨਹੀਂ ਆਇਆ ਸਗੋਂ ਇਹ ਤਾਂ ਵਿਸ਼ਵ ਪੱਧਰੀ ਵਰਤਾਰਾ ਹੈ। ਸੰਸਥਾ ਵਲੋਂ ਆਏ ਹੋਏ ਸਭਨਾ ਦਾ ਐਸ.ਐਲ. ਵਿਰਦੀ ਨੇ ਸਵਾਗਤ ਕੀਤਾ। ਗੁਰਮੀਤ ਸਿੰਘ ਪਲਾਹੀ ਨੇ ਸਟੇਜ ਦੀ ਭੂਮਿਕਾ ਨਿਭਾਈ ਅਤੇ ਪਰਵਿੰਦਰਜੀਤ ਸਿੰਘ ਨੇ ਸਭਨਾ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਟੀ. ਡੀ. ਚਾਵਲਾ, ਓਮ ਪ੍ਰਕਾਸ਼ ਸੰਦਲ, ਉਰਮਲਜੀਤ ਸਿੰਘ, ਅਮਨਦੀਪ ਕੋਟਰਾਣੀ, ਕਰਮਜੀਤ ਸਿੰਘ ਸੰਧੂ, ਮਨੋਜ ਫਗਵਾੜਵੀ, ਬਲਦੇਵ ਰਾਜ ਕੋਮਲ, ਸੀਤਲ ਰਾਮ ਬੰਗਾ, ਜਸਵੀਰ ਕੌਰ ਜੱਸੀ, ਤਾਰਾ ਸਿੰਘ, ਰਘਬੀਰ ਸਿੰਘ ਮਾਨ ਆਦਿ ਹਾਜ਼ਰ ਸਨ।

# ਅਵਤਾਰ ਸਾਦਿਕ ਦੇ ਸਦੀਵੀ ਵਿਛੋੜੇ ਉੱਤੇ ਦੁੱਖ ਦਾ ਪ੍ਰਗਟਾਵਾ

**ਸਟਾਕਟਨ–** ਪੰਜਾਬੀ ਸਾਹਿਤ ਸਭਾ ਸਟਾਕਟਨ ਦੇ ਆਹੁਦੇਦਾਰਾਂ ਅਤੇ ਸਮੂਹ ਮੈਂਬਰਾਂ ਵਲੋਂ ਬੀਤੀ ਗਿਆਰਾਂ ਮਾਰਚ ਨੂੰ 'ਸੇਵਾ ਸਦਨ ਲੈਥਰੋਪ' ਦੇ ਹਾਲ ਵਿੱਚ ਕੀਤੀ ਮੀਟਿੰਗ ਦੌਰਾਨ ਲੈਸਟਰ, ਇੰਗਲੈਂਡ ਨਿਵਾਸੀ ਅਵਤਾਰ ਸਾਦਿਕ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਇੱਸ ਸੋਗਮਈ ਘਟਨਾ ਨਾਲ ਆਲਮੀ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਅਵਤਾਰ ਸਾਦਿਕ ਇੰਗਲੈਂਡ ਵਿੱਚ 'ਇਓ' ਦੇ ਪਹਿਲੀ ਕਤਾਰ ਦੇ ਕਾਰਕੁਨ ਰਹਿ ਚੁੱਕੇ ਹਨ। ਉਨ੍ਹਾਂ ਪ੍ਰਗਤੀਸ਼ੀਲ ਸਾਹਿਤ ਦੀ ਸਿਰਜਨਾ ਕਰਦਿਆਂ ਚਾਰ ਕਾਵਿ ਸੰਗ੍ਰਹਿ ਅਤੇ ਤਿੰਨ ਕਹਾਣੀ ਸੰਗ੍ਰਹਿ ਸਾਹਿਤ ਦੀ ਝੋਲੀ ਪਾਏ। ਸਭਿਆਚਾਰ ਪਖੋਂ ਪੰਜਾਬੀ ਲੋਕ ਗੀਤਾਂ, ਨਾਚਾਂ, ਸਾਜ਼ਾਂ ਨਾਲ ਨੌਜਵਾਨਾਂ ਨੂੰ ਲਗਾਤਾਰ ਜੋੜੀ ਰਖਿਆ। ਸਾਹਿਤ ਸਭਾ ਵਲੋਂ ਮਾਰਚ ਦੇ ਮਹੀਨੇ ਭਾਰਤ ਦੀ ਲੋਕ ਅਜ਼ਾਦੀ ਲਈ ਫਾਂਸੀਆਂ ਦੇ ਰੱਸੇ ਚੁੰਮਣ ਵਾਲੇ ਗੌਰਵਸ਼ੀਲ ਸ਼ਹੀਦਾਂ ਭਗਤ ਸਿੰਘ, ਰਾਜਗੁਰੂ ਅਤੇ ਸੁੱਖਦੇਵ ਦੀ ਯਾਦ ਵੀ ਤਾਜਾ ਕੀਤੀ ਗਈ।

ਪਿਛਲੇ ਦਿਨੀ ਪੰਜਾਬੀ ਦੀ ਨਾਮਵਰ ਲੇਖਕਾ ਨੀਲਮ ਸੈਣੀ ਦੇ ਜੀਵਨ ਸਾਥੀ ਲਾਜ਼ ਸੈਣੀ ਦੇ ਸਦੀਵੀ ਵਿਛੋੜੇ ਤੇ ਦੁੱਖ ਸਾਂਝਾ ਕਰਦਿਆਂ ਉਪਰੋਕਤ ਸਭਨਾ ਲਈ ਦੋ ਮਿੰਟ ਦਾ ਮੌਨ ਧਾਰਨ ਕਰ ਅਕੀਦਤ ਦੇ ਫੁੱਲ ਭੇਂਟ ਕੀਤੇ।

ਸ਼ਰਧਾਂਜ਼ਲੀ ਭੇਂਟ ਕਰਨ ਵਾਲਿਆਂ ਵਿੱਚ: ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਪ੍ਰਿਸੀਪਲ ਹਰਨੇਕ ਸਿੰਘ, ਹਰਪ੍ਰੀਤ ਕੌਰ ਧੂਤ, ਗੁਰਪ੍ਰੀਤ ਕੌਰ, ਮਨਦੀਪ ਗੋਰਾ, ਹਰਜੀਤ ਹਠੂਰ, ਮਨਜੀਤ ਕੌਰ ਸਿੱਧੂ, ਰਾਜ ਕੁਮਾਰੀ,ਅਤੇ ਕਰਨਬੀਰ ਆਦਿ ਨੇ ਆਪਣੀ ਹਾਜ਼ਰੀ ਲਵਾਈ। ਹਾਜ਼ਰ ਮੈਂਬਰਾਂ ਵਲੋਂ ਪਿਛਲੇ ਦਿਨੀ ਭਾਰਤ ਵਿੱਚ ਬੁੱਤ ਸ਼ਿਕਨੀ ਅਤੇ ਬੁੱਤ ਹੁਰਮਤੀ ਦੀਆਂ ਘਟਨਾਵਾਂ ਨੂੰ ਵੀ ਪੁਰ ਜ਼ੋਰ ਨਿੰਦਿਆ ਗਿਆ।

ਇਸ ਉਪਰੰਤ ਸਾਹਿਤ ਸਭਾ ਵਲੋਂ ਇਸ ਵਰ੍ਹੇ ਕੀਤੇ ਜਾਣ ਵਾਲੇ ਵਿਸ਼ੇਸ਼ ਸਮਾਗਮਾਂ ਬਾਰੇ ਮੁਢਲੀ ਵਿਚਾਰ ਚਰਚਾ ਕੀਤੀ ਗਈ। ਜਿਸਨੂੰ ਭਰਵਾਂ ਹਾਂ ਪੱਖੀ ਹੁੰਗਾਰਾ ਮਿਲਿਆ। ਸਮੂਹ ਹਾਜ਼ਰ ਲੇਖਕਾਂ ਵਲੋਂ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ, ਕਵਿਤਾਵਾਂ, ਗੀਤ ਸਰੋਤਿਆਂ ਨਾਲ ਸਾਂਝੇ ਕੀਤੇ ਗਏ। ਸਭਾ ਦੀ ਅਗਲੀ ਮੀਟਿੰਗ 20 ਮਈ ਨੂੰ ਨੇੜਲੇ ਕਸਬੇ ਪੈਟਰਸਨ ਵਿੱਚ ਕਰਨ ਦਾ ਫੈਸਲਾ ਲੈਂਦਿਆਂ ਅਤਿਅੰਤ ਖੁਸ਼ਗਵਾਰ ਮਹੌਲ ਵਿੱਚ ਸਾਰਿਆਂ ਨੇ ਇੱਕ ਦੂਜੇ ਨੂੰ ਅਲਵਿਦਾ ਆਖੀ।

**ਰਿਪੋਟਰ: ਹਰਜਿੰਦਰ ਪੰਧੇਰ**
**(209-610- 5055)**

# ਈਸਾਈ ਭਾਈਚਾਰੇ ਦੀ ਮੀਟਿੰਗ ਵਿੱਚ ਸ੍ਰੀ ਹਮੀਦ ਮਸੀਹ ਨੂੰ ਰਾਜ ਮੰਤਰੀ ਜਾਂ ਚੇਅਰਮੈਨੀ ਦੇਣ ਦੀ ਮੰਗ ਉੱਠੀ

**ਲੁਧਿਆਣਾ–** ਸਥਾਨਕ ਸਰਕਟ ਹਾਊਸ ਵਿਖੇ ਪੰਜਾਬ ਕ੍ਰਿਸ਼ਚਨ ਮੂਵਮੈਂਟ ਪੰਜਾਬ ਦੀ ਵਿਸ਼ੇਸ ਮੀਟਿੰਗ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਡੈਨੀ ਰੰਧਾਵਾ, ਅਰਗੇਨਾਈਜਰ ਸੈਕਟਰੀ ਡਾ: ਪ੍ਰਦੀਪ, ਸੈਕਟਰੀ ਸ੍ਰੀ ਤਰਸੇਮ ਮਸੀਹ ਟੈਰੀ, ਜਿਲਾ ਪ੍ਰਧਾਨ ਰੋਬਰਟ ਫਿਲਿਪ ਅਤੇ ਯੂਥ ਵਿੰਗ ਦੇ ਪ੍ਰਧਾਨ ਰਾਹੁਲ ਭੱਟੀ ਵੱਲੋਂ ਆਯੋਜਿਤ ਕੀਤੀ ਗਈ। ਜਿਸ ਵਿੱਚ ਸੂਬਾ ਪ੍ਰਧਾਨ ਸ੍ਰੀ ਹਮੀਦ ਮਸੀਹ ਦੀ ਜਗਾ ਤੇ ਸੂਬਾ ਜਨਰਲ ਸਕੱਤਰ ਡਾ: ਤਰਸੇਮ ਮਸੀਹ ਕਾਹਨੂੰਵਾਲ ਵਿਸ਼ੇਸ ਤੌਰ ਪਹੁੰਚੇ। ਇਸ ਤੋਂ ਇਲਾਵਾ ਸੂਬੇ ਭਰ ਤੇ ਹੋਰਨਾਂ ਆਹੁਦੇਦਾਰਾਂ ਨੇ ਵੱਡੀ ਗਿਣਤੀ ਵਿੱਚ ਸਿਰਕਤ ਕੀਤੀ। ਮੀਟਿੰਗ ਦੌਰਾਨ ਪੰਜਾਬ ਦੇ ਈਸਾਈਆਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸਥਿਤੀ ਤੇ ਡੂੰਘਾ ਵਿਚਾਰ ਕੀਤਾ ਗਿਆ। ਭਰਵੇਂ ਇੱਕਠ ਨੂੰ ਸੰਬੋਧਨ ਕਰਦਿਆਂ ਸ੍ਰੀ ਡੈਨੀ ਰੰਧਾਵਾ ਅਤੇ ਡਾ: ਕਾਹਨੂੰਵਾਲ ਨੇ ਕਿਹਾ ਕਿ ਵਕਤ ਦੀ ਸਖਤ ਮੰਗ ਹੈ ਕਿ ਪੰਜਾਬ ਦੇ ਈਸਾਈ ਆਪਣੀ ਆਪਸੀ ਵਿਰੋਧਤਾ ਛੱਡ ਕੇ ਏਕਤਾ ਵੱਲ ਧਿਆਨ ਦੇਵੇ ਕਿਉਂਕਿ ਆਪਸੀ ਖਿੱਚੋਤਾਣ ਕਾਰਨ ਪੰਜਾਬ ਦਾ ਈਸਾਈ ਉਪਰੋਕਤ ਸਾਰੇ ਵਿਸ਼ਿਆਂ ਤੋਂ ਪਿਛੜ ਗਿਆ ਹੈ ਜਿਸ ਦਾ ਨੁਕਸਾਨ ਹੁਣ ਹੀ ਨਹੀ ਬਲਕਿ ਸਾਡੀਆਂ ਆਉਣ ਵਾਲੀਆਂ ਪੀੜੀਆਂ ਨੂੰ ਵੀ ਭੁਗਤਣਾ ਪਵੇਗਾ। ਇਸ ਹੋ ਰਹੇ ਨੁਕਸਾਨ ਅਤੇ ਹੋਣ ਜਾ ਰਹੇ ਨੁਕਸਾਨ ਦੇ ਅਸੀ ਬਰਾਬਰ ਦੇ ਭਾਗੀ ਹੋਵਾਂਗੇ ਜਿਸ ਕਾਰਨ ਸਾਡੀਆਂ ਪੀੜੀਆਂ ਸਾਨੂੰ ਕਦੇ ਮੁਆਫ ਨਹੀ ਕਰਨਗੀਆਂ। ਆਗੂਆਂ ਨੇ ਆਪਸੀ ਸਹਿਮਤੀ ਪ੍ਰਗਟ ਕੀਤੀ ਕਿ ਈਸਾਈ ਭਾਈਚਾਰੇ ਵਿੱਚ ਏਕਤਾ ਲਿਆਉਣ ਅਤੇ ਉਪਰੋਕਤ ਵਿਸ਼ਿਆਂ ਵਿੱਚ ਆ ਰਹੇ ਨਿਘਾਰ 'ਚੋਂ ਬਾਹਰ ਕੱਢਣ ਲਈ ਸ੍ਰੀ ਹਮੀਦ ਮਸ਼ੀਹ (ਕਾਂਗਰਸ ਪਾਰਟੀ ਦੇ ਸੂਬਾ ਮੀਤ ਪ੍ਰਧਾਨ) ਇਸ ਕੰਮ ਲਈ ਇੱਕ ਯੋਗ ਆਗੂ ਹਨ।




ਇਸ ਲਈ ਸਮੂਹ ਭਾਈਚਾਰੇ ਨੂੰ ਉਹਨਾਂ ਤੇ ਵਿਸ਼ਵਾਸ ਰੱਖ ਉਹਨਾਂ ਨੂੰ ਭਾਈਚਾਰੇ ਦੀ ਬੇਹਤਰੀ ਅਤੇ ਵਿਕਾਸ ਲਈ ਅੱਗੇ ਕਰਨਾ ਚਾਹੀਦਾ ਹੈ। ਆਗੂਆਂ ਨੇ ਕਿਹਾ ਕਿ ਈਸਾਈ ਭਾਈਚਾਰਾ ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਨਾਲ ਜੁੜ ਕੇ ਇਸਦੀ ਮਜਬੂਤੀ ਅਤੇ ਚੜਦੀ ਕਲਾ ਲਈ ਸੰਘਰਸ਼ ਕਰ ਰਿਹਾ ਹੈ। ਪੰਜਾਬ ਵਿੱਚ ਮੌਜੂਦਾ ਸਮੇਂ ਕੰਮ ਕਰ ਰਹੀ ਕੈਪਟਨ ਸਰਕਾਰ ਬਣਾਉਣ ਵਿੱਚ ਵੀ ਇਸਦਾ ਵਿਸ਼ੇਸ ਯੋਗਦਾਨ ਹੈ ਅਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਬਾਕੀ ਹਾਈ ਕਮਾਂਡ ਵੀ ਈਸਾਈ ਭਾਈਚਾਰੇ ਪ੍ਰਤੀ ਪੂਰੀ ਗੰਭੀਰ ਹੈ ਜਿਸਦਾ ਸਾਨੂੰ ਲਾਹਾ ਲੈਣਾ ਚਾਹੀਦਾ ਹੈ।

ਇਸ ਲਈ ਅਸੀ ਮੁੱਖ ਮੰਤਰੀ ਅਤੇ ਬਾਕੀ ਸੀਨੀਅਰ ਲੀਡਰਸ਼ਿਪ ਤੋਂ ਮੰਗ ਕਰਦੇ ਹਾਂ ਕਿ ਸ੍ਰੀ ਹਮੀਦ ਮਸੀਹ ਨੂੰ ਰਾਜ ਮੰਤਰੀ ਦਾ ਅਹੁਦਾ ਜਾਂ ਕੋਈ ਚੇਅਰਮੈਨੀ ਦਿੱਤੀ ਜਾਵੇ। ਆਗੂਆਂ ਨੇ ਕਿਹਾ ਕਿ ਜੇਕਰ ਕਾਂਗਰਸ ਹਾਈ ਕਮਾਂਡ ਅਜਿਹਾ ਕਰਦੀ ਹੈ ਤਾਂ ਉਸ ਨਾਲ ਈਸਾਈ ਭਾਈਚਾਰੇ ਦਾ ਤਾਂ ਭਲਾ ਹੋਣਾ ਹੀ ਹੈ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੂੰ ਵੀ ਵੱਡਾ ਲਾਭ ਮਿ-ਲੇਗਾ। ਮੀਟਿੰਗ ਵਿੱਚ ਸ੍ਰੀ ਸਨਾਵਰ ਭੱਟੀ ਸੂਬਾ ਯੂਥ ਪ੍ਰਧਾਨ, ਸ੍ਰੀ ਡੈਨੀਅਲ ਮਸੀਹ ਪ੍ਰਧਾਨ ਜਲੰਧਰ, ਸ੍ਰੀ ਪੀਟਰ ਮਸੀਹ ਯੂਥ ਪ੍ਰਧਾਨ ਜਲੰਧਰ, ਸ੍ਰੀਮਤੀ ਪ੍ਰੀਤੀ ਪ੍ਰਧਾਨ ਜਲੰਧਰ, ਸ੍ਰੀਮਤੀ ਡੌਲੀ ਜਨਰੱਲ ਸਕੱਤਰ ਜਲੰਧਰ, ਸ੍ਰੀ ਰਾਫੇਲ ਇਬਰਾਹਮ ਯੂਥ ਕੋਆਡੀਨੇਟਰ, ਪਾਸਟਰ ਸੁਸ਼ੀਲ, ਕੈਪਟਨ ਰਾਕੇਸ਼ ਦਾ ਸਾਲਵੇਸ਼ਨ ਆਰਮੀ ਚਰਚ, ਪਾਸਟਰ ਚਰਨਜੀਤ, ਪਾਸਟਰ ਚੰਦਰਿਮਾ, ਡਾ: ਮਾਈਕਲ ਸਾਮੂਅਲ, ਵਿਵੇਕ ਵਿਲੀਅਮ, ਦਾਊਦ, ਸੁਲੇਮਾਨ ਰੋਬਨ, ਸਟੀਫਨ ਗਿੱਲ, ਕੈਲਵਿਨ ਰੋਹਿਨ, ਸੰਦੀਪ ਫਤਿਹਗੜ ਸਾਹਿਬ ਤੋਂ ਇਲਾਵਾ ਪੰਜਾਬ ਭਰ ਦੀਆਂ ਚਰਚਾਂ ਦੇ ਆਗੂਆਂ ਨੇ ਹਿੱਸਾ ਲਿਆ।

# ਕਾਮਰੇਡ ਗੰਧਰਵ ਸੈਨ ਕੋਛੜ ਨੂੰ ਹਜ਼ਾਰਾਂ ਲੋਕਾਂ ਵੱਲੋਂ ਸ਼ਰਧਾਂਜ਼ਲੀਆਂ

## ਲੋਕ ਲਹਿਰ ਦੀ ਮਸ਼ਾਲ ਜਗਦੀ ਰੱਖਣ ਦਾ ਲਿਆ ਅਹਿਦ

**ਜਲੰਧਰ–** ਆਜ਼ਾਦੀ ਸੰਗਰਾਮ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਮ ਤੱਕ ਇਨਕਲਾਬ ਦੀ ਮਸ਼ਾਲ ਲੈ ਕੇ ਸਾਬਤ ਕਦਮੀ ਤੁਰਨ ਵਾਲੇ 100 ਵਰ੍ਹਿਆਂ ਦੇ ਗੰਧਰਵ ਸੈਨ ਕੋਛੜ ਦੀ ਯਾਦ 'ਚ ਅੱਜ ਨੂਰ ਮਹਿਲ ਵਿਖੇ ਸਰਾਂ ਲਾਗੇ ਯਾਦਗਾਰੀ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਸਮਾਗਮ 'ਚ ਪੰਜਾਬ ਭਰ ਤੋਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੇ ਜੱਥੇ ਆਕਾਸ਼ ਗੁੰਜਾਊ ਨਾਅਰੇ ਮਾਰਦੇ ਪੰਡਾਲ 'ਚ ਪੁੱਜੇ।

ਗੰਧਰਵ ਸੈਨ ਕੋਛੜ ਨੂੰ ਭਾਵ-ਭਿੰਨੀ ਸ਼ਰਧਾਂਜ਼ਲੀ ਅਰਪਤ ਕਰਦਿਆਂ ਦਰਜਣਾਂ ਜੱਥੇਬੰਦੀਆਂ, ਨੂਰਮਹਿਲ ਦੀਆਂ ਸੰਸਥਾਵਾਂ, ਬੁੱਧੀਜੀਵੀਆਂ ਵੱਲੋਂ ਸ਼ਰਧਾਂਜ਼ਲੀਆਂ ਭੇਂਟ ਕਰਨ ਦਾ ਆਗਾਜ਼ ਡਾ. ਨਿਵੇਦਿਤਾ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਕਿਰਤੀ ਜਮਾਤ ਅਤੇ ਲੋਕ-ਸ਼ਕਤੀ ਦੀ ਮਹੱਤਤਾ ਨੂੰ ਰੂਪਮਾਨ ਕਰਦੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਹੋਈ।

ਸ਼ਰਧਾਂਜ਼ਲੀ ਸਮਾਗਮ ਦੇ ਪਰਿਵਾਰ ਵੱਲੋਂ ਮੰਚ ਸੰਚਾਲਕ ਅਮੋਲਕ ਸਿੰਘ ਵੱਲੋਂ ਅਹਿਦ ਪੜ੍ਹਿਆ ਗਿਆ ਜਿਸ ਨੂੰ ਖਚਾਖਚ ਭਰੇ ਪੰਜਾਲ ਨੇ ਖੜ੍ਹੇ ਹੋ ਕੇ ਬੁਲੰਣ



ਕੀਤਾ। ਅਹਿਦ 'ਚ ਕਿਹਾ ਗਿਆ ਕਿ ਗੰਧਰਵ ਸੈਨ ਕੋਛੜ ਨੂੰ ਸਮਰਪਤ ਸ਼ਰਧਾਂਜ਼ਲੀ ਸਮਾਗਮ ਹਲਫ਼ ਲੈਂਦਾ ਹੈ ਕਿ ਗੰਧਰਵ ਸੈਨ ਜਿਸ ਮਾਰਕਸੀ ਵਿਚਾਰਧਾਰਾ ਨੂੰ ਪਰਨਾਏ ਹੋਏ ਸਨ, ਉਸਨੂੰ ਬੁਲੰਦ ਕੀਤਾ ਜਾਏਗਾ। ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਉਸ ਵੇਲੇ ਤੱਕ ਲੋਕ ਸੰਗਰਾਮ ਜਾਰੀ ਰੱਖਿਆ ਜਾਏਗਾ।

ਗੰਧਰਵ ਸੈਨ ਕੋਛੜ ਦੀ ਧੀ ਅਤੇ ਲੋਕ ਲਹਿਰ 'ਚ ਡਟਕੇ ਯੋਗਦਾਨ ਪਾਉਣ ਵਾਲੀ ਸੁਰਿੰਦਰ ਕੁਮਾਰੀ ਕੋਛੜ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਆਪਣੇ ਸੰਬੋਧਨ 'ਚ ਕਿਹਾ ਕਿ ਉਹ ਵਿਗਿਆਨਕ ਚੇਤਨਾ ਦੇ ਪਸਾਰ ਅਤੇ ਲੋਟੂ ਵਿਵਸਥਾ ਬਦਲਕੇ ਲੋਕ ਜਮਹੂਰੀਅਤ ਦੇ ਸਥਾਪਤੀ ਲਈ ਜੂਝਦੇ ਰਹਿਣਗੇ।


ਸਮਾਗਮ ਨੂੰ ਨੂਰਮਹਿਲ ਦੀਆਂ ਵਿੱਦਿਅਕ ਸੰਸਥਾਵਾਂ ਵੱਲੋਂ ਜਰਨੈਲ ਸਿੰਘ, ਰੀਨਾ ਸਹਿਜਪਾਲ, ਨਗਰ ਕੌਂਸਲ ਦੇ ਪ੍ਰਧਾਨ ਜਗਤ ਮੋਹਣ ਸ਼ਰਮਾ, ਗੰਧਰਵ ਸੈਨ ਕੋਛੜ ਪਰਿਵਾਰ ਨਾਲ ਲੰਮੇ ਅਰਸੇ ਤੋਂ ਜੁੜੇ ਕਿਰਤੀਆਂ ਦੇ ਪ੍ਰਤੀਨਿੱਧ ਪ੍ਰੇਮ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਡਾ. ਜੋਗਿੰਦਰ ਦਿਆਲ (ਸੀ.ਪੀ.ਆਈ.), ਸੁਰਿੰਦਰ ਖੀਵਾ (ਸੀ.ਪੀ.ਐਮ.), ਮੰਗਤ ਰਾਮ ਪਾਸਲਾ (ਆਰ.ਐਮ.ਪੀ.ਆਈ.), ਹਰਭਗਵਾਨ ਭੀਖੀ (ਸੀ.ਪੀ.ਆਈ. ਐਮ.ਐਲ. (ਲਿਬਰੇਸ਼ਨ)), ਦਰਸ਼ਨ ਖਟਕੜ (ਸੀ.ਪੀ.ਆਈ.ਐਮ.ਐਲ., ਨਿਊ ਡੈਮੋਕਰੇਸੀ), ਜਸਪਾਲ ਜੱਸੀ (ਸੰਪਾਦਕ, 'ਸੁਰਖ਼ ਲੀਹ'), ਬਲਵੰਤ ਮਖੂ (ਲੋਕ ਸੰਗਰਾਮ ਮੰਚ), ਦਰਸ਼ਨ ਤੂਰ (ਇਨਕਲਾਬੀ ਲੋਕ ਮੋਰਚਾ), ਬੂਟਾ ਸਿੰਘ (ਜਮਹੂਰੀ ਅਧਿਕਾਰ ਸਭਾ), ਡਾ. ਪਰਮਿੰਦਰ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਭੀਮਇੰਦਰ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਹਮੀਰ ਸਿੰਘ (ਸੀਨੀਅਰ ਪੱਤਰਕਾਰ ਪੰਜਾਬੀ ਟ੍ਰਿਬਿਊਨ), ਸੁਖਦੇਵ ਸਿੰਘ ਕੋਕਰੀ ਕਲਾਂ (ਭਾਰਤੀ ਕਿਸਾਨ ਯੂਨੀਅਨ ਏਕਤਾ, ਉਗਰਾਹਾਂ), ਕੁਲਬੀਰ ਸੰਘੇੜਾ (ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਟਰੱਸਟ ਬਰਮਿੰਘਮ), ਪ੍ਰੋ. ਵਰਿਆਮ ਸਿੰਘ ਸੰਧੂ (ਨਾਮਵਰ ਕਹਾਣੀਕਾਰ), ਡਾ. ਸ਼ਿਆਮ ਸੁੰਦਰ ਦੀਪਤੀ, ਨਿਰਭੈ ਢੁਡੀਕੇ (ਕਿਰਤੀ ਕਿਸਾਨ ਯੂਨੀਅਨ), ਕਸ਼ਮੀਰ ਘੁੱਗਸ਼ੋਰ (ਪੇਂਡੂ ਮਜ਼ਦੂਰ ਯੂਨੀਅਨ), ਹਰਮੇਸ਼ ਮਾਲੜੀ (ਪੰਜਾਬ ਖੇਤ ਮਜ਼ਦੂਰ ਯੂਨੀਅਨ), ਰਾਜਵਿੰਦਰ (ਬਿਗਲ ਮਜ਼ਦੂਰ ਦਸਤਾ), ਕਮਿਊਨਿਸਟ ਗ਼ਦਰ ਪਾਰਟੀ (ਪ੍ਰਕਾਸ਼ ਰਾਓ), ਨਾਜ਼ਰ ਸਿੰਘ ਬੋਪਾਰਾਏ (ਸੁਰਖ਼ ਰੇਖਾ), ਮੋਹਣ ਸਿੰਘ (ਬਿਜਲੀ ਮੁਲਾਜ਼ਮ ਆਗੂ), ਰਮਿੰਦਰ ਪਟਿਆਲਾ (ਨੌਜਵਾਨ ਭਾਰਤ ਸਭਾ), ਕੁਸ਼ਤੀ ਕੋਚ ਸੰਸਥਾ ਦੇ ਸਕੱਤਰ, ਸੁਖਦੇਵ ਸਿੰਘ ਰਾਏਪੁਰ ਡੱਬਾ।

ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੀਤ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਜੋਆਇੰਟ ਸਕੱਤਰ ਡਾ. ਪਰਮਿੰਦਰ ਸਿੰਘ, ਖਜ਼ਾਨਚੀ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਕਾਮਰੇਡ ਨੌਨਿਹਾਲ ਸਿੰਘ, ਕਮੇਟੀ ਮੈਂਬਰ ਹਰਵਿੰਦਰ ਭੰਡਾਲ, ਚਰੰਜੀ ਲਾਲ ਕੰਗਣੀਵਾਲ, ਕੁਲਵੰਤ ਸਿੰਘ ਸੰਧੂ, ਸੀਤਲ ਸਿੰਘ ਸੰਘਾ, ਦੇਵਰਾਜ ਨਯੀਅਰ, ਬਲਬੀਰ ਕੌਰ ਬੁੰਡਾਲਾ, ਹਰਬੀਰ ਕੌਰ ਬੰਨੂਆਣਾ, ਰਘਬੀਰ ਕੌਰ ਅਤੇ ਸਮੂਹ ਕਮੇਟੀ ਮੈਂਬਰਾਨ ਤੋਂ ਇਲਾਵਾ 5ਆਬ ਦੇ ਸੰਚਾਲਕ ਕੇਸਰ, ਡਾ. ਸੈਲੇਸ਼ ਆਦਿ ਵੱਲੋਂ ਸ਼ਰਧਾਂਜ਼ਲੀਆਂ ਅਰਪਣ ਕੀਤੀਆਂ ਗਈਆਂ।

ਸ਼ਰਧਾਂਜ਼ਲੀ ਸਮਾਗਮ ਤੋਂ ਪਹਿਲਾਂ ਗੰਧਰਵ ਸੈਨ ਕੋਛੜ ਦਾ ਪਰਿਵਾਰ, ਉਹਨਾਂ ਦੀ ਧੀ ਸੁਰਿੰਦਰ ਕੁਮਾਰੀ ਕੋਛੜ ਦੀ ਅਗਵਾਈ 'ਚ ਸ਼ਮਸ਼ਾਨ ਘਾਟ ਪੁੱਜਕੇ ਅਸਥੀਆਂ ਚੁੱਗ ਕੇ ਕਿਸੇ ਵੀ ਨਹਿਰ, ਦਰਿਆ 'ਚ ਪਾਉਣ ਦੀ ਬਜਾਏ, ਸ਼ਮਸ਼ਾਨ ਘਾਟ 'ਚ ਹੀ ਪਰਿਵਾਰ ਵੱਲੋਂ ਲਗਾਏ ਬੂਟਿਆਂ ਦੀਆਂ ਜੜ੍ਹਾਂ 'ਚ ਹੀ ਪਾਉਣ ਦੀ ਨਿਵੇਕਲੀ ਰਸਮ ਅਦਾ ਕੀਤੀ। ਪਰਿਵਾਰ ਨੇ ਕੋਈ ਵੀ ਅੰਧ ਵਿਸ਼ਵਾਸੀ ਭਰੀ, ਗੈਰ ਵਿਗਿਆਨਕ ਰਸਮ ਤੋਂ ਪਰਹੇਜ਼ ਕਰਦਿਆਂ ਆਉਣ ਵਾਲੀ ਪੀੜ੍ਹੀ ਲਈ ਸ਼ਾਨਦਾਰ ਪਿਰਤ ਪਾਈ ਹੈ।

# ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਦੀ ਮੌਤ

**ਕੁਰੂਕਸ਼ੇਤਰ–** ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਬੰਦ ਸਜ਼ਾ ਭੁਗਤ ਚੁੱਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਯਤਨਸ਼ੀਲ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਫਿਰ ਤੋਂ ਅੰਦੋਲਨ ਸ਼ੁਰੂ ਕਰਦੇ ਹੋਏ ਪਾਣੀ ਦੀ ਟੈਂਕੀ ਤੋਂ ਛਾਲ ਮਾਰ ਦਿੱਤੀ ਜਿਸ ਕਾਰਨ ਉਨ੍ਹਾਂ ਨੂੰ ਗੰਭੀਰ ਹਾਲਤ 'ਚ ਪਿੰਡ ਤੋਂ ਲੋਕ ਨਾਇਕ ਜੈਪ੍ਰਕਾਸ਼ ਹਸਪਤਾਲ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਖ਼ਾਲਸਾ ਦੀ ਮੌਤ ਤੋਂ ਬਾਅਦ ਸਿੱਖ ਸੰਗਤ ਐਲ.ਐਨ.ਜੇ.ਪੀ. ਹਸਪਤਾਲ 'ਚ ਇਕੱਠੀ ਹੋਣੀ ਸ਼ੁਰੂ ਹੋ ਗਈ ਸੀ। ਖ਼ਬਰ ਲਿਖੇ ਜਾਣ ਤੱਕ ਡੀਐਸਪੀ ਧੀਰਜ ਕੁਮਾਰ ਅਤੇ ਗੁਰਮੇਲ ਸਿੰਘ ਹਸਪਤਾਲ 'ਚ ਹਾਲਾਤ 'ਤੇ ਨਜ਼ਰ ਰੱਖੇ ਹੋਏ ਸਨ। ਜਾਣਕਾਰੀ ਮੁਤਾਬਿਕ ਭਾਈ ਖ਼ਾਲਸਾ ਨੇ ਮੰਗਲਵਾਰ ਦੁਪਹਿਰ ਕਰੀਬ ਇਕ ਵਜੇ ਆਪਣੇ ਜੱਦੀ ਪਿੰਡ ਠਸਕਾ ਅਲੀ ਜ਼ਿਲ੍ਹਾ ਕੁਰੂਕਸ਼ੇਤਰ 'ਚ ਪਾਣੀ ਦੀ ਟੈਂਕੀ 'ਤੇ ਚੜ੍ਹ ਕੇ ਬੇਮਿਆਦੀ ਭੁੱਖ ਹੜਤਾਲ ਸ਼ੁਰੂ ਕੀਤੀ ਸੀ। ਸੂਚਨਾ ਮਿਲਣ ਤੋਂ ਬਾਅਦ ਪ੍ਰਸ਼ਾਸਨਿਕ ਅਧਿਕਾਰੀ ਅਤੇ ਫਾਇਰ ਬ੍ਰਿਗੇਡ ਵਿਭਾਗ ਦੀ ਗੱਡੀ ਮੌਕੇ 'ਤੇ ਪੁੱਜ ਗਈ। ਪਰਿਵਾਰ ਮੁਤਾਬਿਕ ਮੌਕੇ 'ਤੇ ਪੁੱਜੇ ਡੀਐਸਪੀ ਧੀਰਜ ਕੁਮਾਰ ਨੇ ਟੈਂਕੀ ਤੋਂ ਹੇਠਾਂ ਉਤਰਨ ਲਈ ਉਨ੍ਹਾਂ 'ਤੇ ਦਬਾਅ ਬਣਾਇਆ ਸੀ। ਵਾਰ-ਵਾਰ ਕਹਿਣ 'ਤੇ ਵੀ ਪੁਲੀਸ ਅਧਿਕਾਰੀ ਨਹੀਂ ਮੰਨੇ ਤੇ ਦੇਰ ਸ਼ਾਮ 7.15 ਵਜੇ ਗੁਰਬਖ਼ਸ਼ ਸਿੰਘ ਖ਼ਾਲਸਾ ਨੇ ਟੈਂਕੀ ਤੋਂ ਛਾਲ ਲਗਾ ਦਿੱਤੀ। ਇਸ ਤੋਂ ਬਾਅਦ ਡੀ.ਐਸ.ਪੀ. ਧੀਰਜ ਕੁਮਾਰ ਨੇ ਕਰਮਚਾਰੀਆਂ ਦੀ ਮਦਦ ਨਾਲ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ ਨੂੰ ਗੱਡੀ 'ਚ ਪਾਇਆ ਅਤੇ ਕੁਰੂਕਸ਼ੇਤਰ ਦੇ ਲੋਕਨਾਇਕ ਜੈਪ੍ਰਕਾਸ਼ ਹਸਪਤਾਲ ਲਿਆਂਦਾ।



# ਅਤੁੱਲ ਸਿੰਘ (ਮੈਕੀ) ਦਾ ਬੇਵਕਤ ਅਕਾਲ ਚਲਾਣਾ



**ਜਲੰਧਰ–** ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਅਤੁੱਲ ਸਿੰਘ (ਮੈਕੀ) ਬੀਤੀ 4 ਮਾਰਚ 2018 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਹਨਾਂ ਦੀ ਆਤਮਕ ਸ਼ਾਂਤੀ ਲਈ ਰੱਖੇ ਪਾਠ ਦੇ ਭੋਗ 18 ਮਾਰਚ 2018 ਦਿਨ ਐਤਵਾਰ ਨੂੰ ਬਾਅਦ ਦੁਪਹਿਰ 1 ਤੋਂ 2 ਵਜੇ ਤੱਕ ਉਹਨਾਂ ਦੇ ਘਰ ਕੋਠੀ ਨੰਬਰ 4, ਸਾਹਮਣੇ ਆਲ ਇੰਡੀਆ ਰੇਡੀਓ ਸਟੇਸ਼ਨ, ਨੇੜੇ ਲਾਜਵੰਤੀ ਹਸਪਤਾਲ ਜਲੰਧਰ ਸਿਟੀ ਵਿਖੇ ਪਾਏ ਗਏ। ਉਹਨਾਂ ਦੀ ਮੌਤ ਨਾਲ ਪਰਿਵਾਰ ਅਤੇ ਰਿਸ਼ਤੇਦਾਰਾਂ ਸਮੇਤ ਸ੍ਰੀ ਜੱਸੀ ਬੰਗਾ, ਜੋ ਕਿ ਉਹਨਾਂ ਦੇ ਮਾਮਾ ਜੀ ਹਨ, ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ। ਅਦਾਰਾ ਦੇਸ਼ ਦੁਆਬਾ ਇਸ ਦੁੱਖ ਦੀ ਘੜੀ ਵਿਚ ਪਰਿਵਾਰ ਨਾਲ ਦੁੱਖ ਵਿਚ ਸ਼ਰੀਕ ਹੁੰਦਾ ਹੈ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

INDO-AMERICAN HERITAGE FORUM FRESNO, CALIFORNIA

# ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ

ਸਾਨਫਰਾਂਸਿਸਕੋ (ਹਿੰਦੂ) ਸਾਜਿਸ਼ ਕੇਸ ਨੂੰ ਸਮਰਪਿਤ

# 18ਵਾਂ ਮੇਲਾ ਗਦਰੀ ਬਾਬਿਆਂ ਦਾ

## 25 ਮਾਰਚ 2018 ਦਿਨ ਐਤਵਾਰ 12 ਵਜੇ ਤੋਂ ਸ਼ਾਮ 6 ਵਜੇ ਤੱਕ

ਕਰਨੀਲੀਆ ਅਤੇ ਡਕੋਟਾ ਦੇ ਕੌਰਨਰ ਤੇ

## Central High School

(East), Gymnasium 3535 N Cornelia Ave, Fresno, CA 93722

Corner of Cornelia & Dakota

ਸਮੂਹ ਸਾਥੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।


ਭਾਈ ਭਗਵਾਨ ਸਿੰਘ


ਸ਼ਹੀਦ ਤਾਰਕ ਨਾਥ ਦਾਸ


ਬਾਬੂ ਮੰਗੂ ਰਾਮ ਮੁੱਗੋਵਾਲੀਆ


ਭਾਈ ਸੰਤੋਖ ਸਿੰਘ ਧਰਦਿਓ


ਭਾਈ ਭਾਨ ਸਿੰਘ ਸੁਨੇਤ


ਮੁੱਖ ਮਹਿਮਾਨ
ਡਾ. ਹਰਸ਼ਿੰਦਰ ਕੌਰ ਪਟਿਆਲਾ

## ਪ੍ਰੋਗਰਾਮ

* ਮੁੱਖ ਮਹਿਮਾਨ 'ਤੇ ਬੁਲਾਰੇ: ਡਾ. ਹਰਸ਼ਿੰਦਰ ਕੌਰ ਤੇ ਸ. ਜਰਨੈਲ ਸਿੰਘ ਅੱਚਰਵਾਲ ਹੋਣਗੇ।
* ਬੁਲੰਦ ਅਵਾਜ਼ ਦੇ ਮਾਲਕ ਗਾਇਕ ਜੀਤਾ ਗਿੱਲ, ਹਰਜੀਤ ਮਰਸਿਡ ਤੇ ਗਾਇਕ ਰਜਿੰਦਰ ਸਿੰਘ (ਰਾਜ ਬਰਾੜ) ਇਨਕਲਾਬੀ ਗੀਤ ਸੰਗੀਤ ਦਾ ਪ੍ਰੋਗਰਾਮ ਪੇਸ਼ ਕਰਨਗੇ।
* ਜੀ ਐਚ ਜੀ ਡਾਂਸ ਐਂਡ ਸੰਗੀਤ ਅਕੈਡਮੀ ਵਲੋਂ ਭੰਗੜਾ ਪੇਸ਼ ਕੀਤਾ ਜਾਵੇਗਾ।
* ਬੱਚਿਆਂ ਵਲੋਂ ਗੀਤ, ਕਵਿਤਾਵਾਂ, ਭਾਸ਼ਨ 'ਤੇ ਸਿਮਰਨ ਹੇਅਰ ਵਲੋਂ ਤਿਆਰ ਹੇਅਰ ਮੀਡੀਆ ਦੀ ਟੀਮ ਵਲੋਂ ਗਿੱਧਾ ਪੇਸ਼ ਕੀਤਾ ਜਾਵੇਗਾ।
* ਕਰਮਨ ਪੰਜਾਬੀ ਸਕੂਲ ਵਲੋਂ ਵਿਸ਼ੇਸ਼ ਆਈਟਮ ਪੇਸ਼ ਕੀਤੀ ਜਾਵੇਗੀ।
* 4.0 ਜੀ ਪੀ ਏ ਗਰੇਡ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।

Note: students with 4.0 grade should register at IAHForum@gmail.com


ਮੰਚ ਸੰਚਾਲਿਕਾ
ਆਸ਼ਾ ਸ਼ਰਮਾ

## ਮੇਲਾ ਕਮੇਟੀ

ਬਲਦੇਵ ਸਿੰਘ ਧਾਲੀਵਾਲ, ਗੁਰਦੀਪ ਸਿੰਘ ਅਣਖੀ, ਗੁਰਮੀਤ ਸਿੰਘ ਗਿੱਲ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਸਿੰਘ ਢਾਹ, ਬੂਟਾ ਸਿੰਘ ਸਹੋਤਾ, ਜੋਗਾ ਸਿੰਘ ਮੰਢਾਲੀ, ਸ਼ਰਨਜੀਤ ਕੌਰ ਧਾਲੀਵਾਲ, ਸਿਮਰਨ ਕੌਰ ਹੇਅਰ, ਹਰਿੰਦਰ ਕੌਰ ਮੰਢਾਲੀ, ਕੁਲਵੀਰ ਕੌਰ ਸੇਖੋਂ, ਬਲਵੀਰ ਕੌਰ ਧਾਲੀਵਾਲ, ਬਲਵਿੰਦਰ ਕੌਰ ਧਾਲੀਵਾਲ, ਭੁਪਿੰਦਰ ਕੌਰ ਬਦੇਸ਼ਾ, ਸੁਖਜਿੰਦਰ ਕੌਰ ਢਿੱਲੋਂ, ਗੁਰਮੀਤ ਗਾਜੀਆਣਾ, ਪ੍ਰੀਤਮ ਸਿੰਘ ਗਿੱਲ, ਪਰਮਜੀਤ ਸਿੰਘ ਧਾਲੀਵਾਲ, ਉਦੇਦੀਪ ਸਿੰਘ ਸਿੱਧੂ, ਜਗਰੂਪ ਸਿੰਘ ਧਾਲੀਵਾਲ, ਅਮੋਲਕ ਸਿੰਘ ਸਿੱਧੂ, ਦਲਬਾਰਾ ਸਿੰਘ ਧਾਲੀਵਾਲ, ਜਸਦੀਪ ਸਿੰਘ, ਸ਼ੌਕਤ ਅਲੀ, ਕਰਮ ਸਿੰਘ ਮਾਨ, ਕੇਵਲ ਸਿੰਘ ਬਾਸੀ, ਪ੍ਰੋ. ਅਰਜਨ ਸਿੰਘ ਜੋਸਨ, ਜਸਵੰਤ ਮਹਿਮੀ, ਸ਼ੇਰ ਸਿੰਘ ਚੌਹਾਨ, ਬਲਵਿੰਦਰ ਸਿੰਘ ਜਾਡਲਾ, ਟਹਿਲ ਸਿੰਘ ਢੇਸੀ, ਗੁਰਮੀਤ ਸਿੰਘ ਰਾਏਪੁਰ ਡੱਬਾ, ਮਨਵੀਰ ਸਿੰਘ ਭੁੱਲਰ, ਜੱਸੀ ਰਾਏ, ਸੁਰਿੰਦਰ ਸਿੰਘ ਬਿੰਦ, ਸੋਹਣ ਸਿੰਘ ਮੱਲ੍ਹੀ, ਹਰਮਨ ਸਿੰਘ ਗਿੱਲ, ਅਮਨਦੀਪ ਸਿੰਘ।

## ਸਪਾਂਸਰਜ਼

ਗੁਲਬਿੰਦਰ ਸਿੰਘ ਢੇਸੀ, ਅਟਵਾਲ ਬ੍ਰਦਰਜ਼ ਫਾਰਮ, ਟਰਾਨਸ ਕੌਰਪ ਫਰੇਟ ਵੇ (ਨਿੱਝਰ ਬ੍ਰਦਰਜ਼), ਏ ਵਨ ਰੀਐਲਟੀ (ਪ੍ਰੀਤਮ ਗਿੱਲ), ਅਮਰੀਕ ਉੱਪਲ, ਭਜਨ ਸਿੰਘ ਸਹੋਤਾ, ਦੀਪਾ ਚੌਹਾਨ ਬੁਲਡੌਗ ਫਰੇਟ ਵੇ, ਚਰਨਜੀਤ ਸਿੰਘ ਬਾਠ, ਜੀ ਬੀ ਟੀ ਆਈ, ਗਿੱਲ ਇੰਨਸ਼ੋਰੈਂਸ ਟਰੱਕਿੰਗ, ਸੰਧੂ ਫਾਰਮ (ਤਜਿੰਦਰ ਸੰਧੂ), ਨਿਊ ਇੰਡੀਆ ਸਵੀਟ ਐਂਡ ਸਪਾਈਸਜ਼, ਪਰਮਜੀਤ ਸਿੰਘ ਬਾਸੀ, ਸੈਟੇਲਾਈਟ ਪਲੱਸ, ਸਿੱਖ ਨਾਮਧਾਰੀ ਸੋਸਾਇਟੀ, ਸਮਾਰਟਵੇ ਐਕਸਪ੍ਰੈੱਸ, ਸਟੋਨ ਟਰੱਕਿੰਗ, ਤਾਰਾ ਸਿੰਘ ਬੱਲ, ਟਰਾਈ ਅੱਸ ਟਰਕਿੰਗ, ਰੌਇਲ ਸੰਗੂ ਗਰੁੱਪ, ਪੀ ਐਮ ਟਰੱਕਿੰਗ (ਗੁਰਪਾਲ ਰੰਧਾਵਾ), ਸੌਪ ਐਂਡ ਗੈਸ, ਏ ਐ ਪੀ ਟਰੱਕਿੰਗ, ਬੀ ਡੀ ਟਰਾਂਸਪੋਰਟ, ਜਗਰੂਪ ਸਿੰਘ ਧਾਲੀਵਾਲ, ਨਿੱਜਰ ਫਾਰਮ, ਸੰਘਾ ਕੈਰੀਅਰ, ਐਸ ਪੀ ਟਰੱਕਿੰਗ, ਯੂਨਾਈਟਡ ਟਰੱਕ ਡਰਾਈਵਿੰਗ ਸਕੂਲ, ਵਿਰਕ ਪਰਾਪਰਟੀਜ, ਤਰਲੋਕ ਸਿੰਘ, ਨਿਰਮਲ ਸਿੰਘ, ਐਸ ਐਮ ਬਰਦਰਜ਼ (ਕੈਸ਼ ਐਂਡ ਕੈਰੀ)।







Design By: hayermedia.com








ਜੀਤਾ ਗਿੱਲ


ਰਜਿੰਦਰ ਸਿੰਘ (ਰਾਜ ਬਰਾੜ)


ਹਰਜੀਤ ਸਿੰਘ ਮਰਸਿਡ

ਚਾਹ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲੇਗਾ

ਇਸ ਪ੍ਰੋਗਰਾਮ ਦਾ ਦਾਖਲਾ ਅਤੇ ਪਾਰਕਿੰਗ ਮੁਫਤ ਹੈ

| ਗੁਰਦੀਪ ਸਿੰਘ ਗਿੱਲ<br>ਪ੍ਰਧਾਨ<br>(559) 360-4248 | ਨਵਦੀਪ ਸਿੰਘ ਧਾਲੀਵਲ<br>ਵਾਈਸ ਪ੍ਰਧਾਨ<br>(559) 287-0822 | ਸੁਰਿੰਦਰ ਮੰਢਾਲੀ<br>ਸੈਕਰੇਟਰੀ<br>(559) 473-9269 | ਜਸਵੰਤ ਸਿੰਘ ਮਾਨ<br>ਖਜਾਨਚੀ | ਕੁਲਵੀਰ ਸਿੰਘ ਹੇਅਰ<br>(ਮੀਡੀਆ ਸਕੱਤਰ)<br>559-239-5000 |
|---|---|---|---|---|

# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ









ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'














# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ











ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'



















# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ






ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'












ਸਵਰਗੀ ਕਮਿਸ਼ਨਰ ਸ੍ਰੀ ਲਾਹੌਰੀ ਰਾਮ ਜੀ ਦੇ ਪਰਿਵਾਰ ਵੱਲੋਂ ਅਤੇ ਸ੍ਰੀ ਭਾਟੀਆ ਪਰਿਵਾਰ ਵੱਲੋਂ ਲਗਾਏ ਲੰਗਰ ਛਕ ਰਹੀਆਂ ਸੰਗਤਾਂ




# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ






















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'

























# ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਨੇ ਮਨਾਇਆ ਸਤਿਗੁਰੂ ਰਵਿਦਾਸ ਜੀ ਦਾ 641ਵਾਂ ਗੁਰਪੁਰਬ ਦਿਹਾੜਾ ਅਤੇ 18ਵਾਂ ਵਿਸ਼ਾਲ ਨਗਰ ਕੀਰਤਨ























ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'





# ਉੱਤਰ ਪ੍ਰਦੇਸ਼ 'ਚ ਸਪਾ ਦੀ ਨਹੀ ਬਲਕਿ ਸ਼ਾਹਿਬ ਕਾਂਸ਼ੀ ਰਾਮ ਜੀ ਦੇ ਸਮਾਜਿਕ ਗਠਜੋੜ ਦੇ ਫਾਰਮੂਲੇ ਦੀ ਜਿੱਤ ਹੋਈ ਹੈ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਦੇਸ਼ ਦੀ ਸਿਆਸਤ 'ਚ ਅਜੇਤੂ ਬਣ ਚੁੱਕੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਪ੍ਰਧਾਨ ਅਮਿਤ ਸ਼ਾਹ ਦੀ ਜੋੜੀ ਨੂੰ ਉੱਤਰ ਪ੍ਰਦੇਸ਼ ਲੋਕ ਸਭਾ ਦੀਆਂ ਉੱਪ ਚੋਣਾਂ 'ਚ ਸਪਾ-ਬਸਪਾ ਗਠਜੋੜ ਨੇ ਦੋਵੇਂ ਸੀਟਾਂ ਜਿੱਤ ਕੇ ਇੱਕ ਵੱਡਾ ਝਟਕਾ ਦਿੱਤਾ ਹੈ ਅਤੇ ਭਾਜਪਾ ਬਿਹਾਰ ਵਿੱਚ ਵੀ ਆਰ ਜੇ ਡੀ ਕੋਲੋਂ ਇੱਕਲੋਤੀ ਸੀਟ ਹਾਰ ਗਈ ਹੈ। ਉੱਤਰ ਪ੍ਰਦੇਸ਼ ਵਰਗੇ ਸੂਬੇ ਵਿੱਚ ਭਾਜਪਾ ਦੀ ਹਾਰ ਤੇ ਬੋਲਦਿਆਂ ਜੋ ਸਬਦ ਮੁੱਖ ਮੰਤਰੀ ਅਦਿਤਿਆ ਨਾਥ ਯੋਗੀ ਨੇ ਕਹੇ ਕਿ ਸਪਾ ਬਸਪਾ ਦੀ ਜੋੜੀ ਸਮਝ ਨਹੀ ਆਈ ਅੱਜ ਦੇ ਦਿਨ ਪੈਦਾ ਹੋਏ ਕਾਂਸੀ ਰਾਮ ਦੀ ਸਮਾਜਿਕ ਗਠਜੋੜ ਦੇ ਫਾਰਮੂਲੇ ਦੀ ਸਫਲਤਾ ਮੰਨੀ ਜਾ ਸਕਦੀ ਹੈ ਭਾਵ ਕਿ ਉੱਤਰ ਪ੍ਰਦੇਸ਼ ਵਿੱਚ ਸਪਾ ਦੀ ਨਹੀ ਬਲਕਿ ਕਾਂਸੀ ਰਾਮ ਦੇ ਫਾਰਮੂਲੇ ਦੀ ਜਿੱਤ ਹੋਈ ਹੈ। ਜਿਸ ਫਾਰਮੂਲੇ ਨੂੰ ਸਾਇਦ ਦੋਵੇਂ ਪਾਰਟੀਆਂ ਭੁੱਲ ਗਈਆਂ ਸਨ। ਭਾਜਪਾ ਨੂੰ ਦੇਸ਼ ਦੀ ਸਿਆਸਤ ਚੋਂ ਮੁੜ ਬਾਹਰ ਕਰਨ ਲਈ ਦੋਵੇਂ ਪਾਰਟੀਆਂ ਹੀ ਨਹੀ ਬਲਕਿ ਦੇਸ਼ ਦੀਆਂ ਤਮਾਮ ਉਨ੍ਹਾਂ ਪਾਰਟੀਆਂ ਜੋ ਦੇਸ਼ ਨੂੰ ਹਿੰਦੂ ਅੱਤਵਾਦ ਤੋਂ ਬਚਾਉਣਾ ਚਾਹੁੰਦੀਆਂ ਹਨ ਨੂੰ ਇੱਕਜੁੱਟ ਹੋਣਾ ਹੋਵੇਗਾ। ਜੇਕਰ ਸਮਾਂ ਰਹਿੰਦਿਆਂ ਉਹ ਅੱਜ ਦੀ ਜਿੱਤ ਦੇ ਭਾਵ ਸਾਹਿਬ ਕਾਂਸੀ ਰਾਮ ਦੇ ਸਮਾਜਿਕ ਗਠਜੋੜ ਦੇ ਫਾਰਮੂਲੇ ਨੂੰ ਸਮਝ ਗਈਆਂ ਤਾਂ 2019 'ਚ ਭਾਜਪਾ ਦੀ ਹਾਰ ਤੈਅ ਹੈ। ਆਓ ਹੁਣ ਸਮਾਜਿਕ ਫਾਰਮੂਲਾ ਦੇਣ ਵਾਲੇ ਸਾਹਿਬ ਕਾਂਸੀ ਰਾਮ ਦੇ ਜਨਮ ਦਿਨ ਤੇ ਉਨ੍ਹਾਂ ਦੇ ਜੀਵਨ ਤੇ ਚਰਚਾ ਕਰੀਏ।

ਉਨ੍ਹਾਂ ਦਾ ਜਨਮ ਉਨ੍ਹਾਂ ਦੇ ਨਾਨਕੇ ਪਿੰਡ ਬੂੰਗਾ ਸਾਹਿਬ ਵਿਖੇ 15 ਮਾਰਚ 1934 ਨੂੰ ਮਾਤਾ ਬਿਸ਼ਨ ਕੌਰ ਧਰਮਪਤਨੀ ਸਰਦਾਰ ਹਰੀ ਸਿੰਘ ਦੀ ਕੁੱਖੋਂ ਹੋਇਆ। ਸਿੱਖ ਰਾਮਦਾਸੀਆ (ਚਮਾਰ) ਜਾਤੀ ਨਾਲ ਸਬੰਧਿਤ ਸਰਦਾਰ ਹਰੀ ਸਿੰਘ ਆਪਣੇ ਪਿੰਡ ਖੁਵਾਸਪੁਰ ਵਿਖੇ ਖੇਤੀਬਾੜੀ ਦਾ ਕੰਮ ਕਰਦੇ ਸਨ। ਸਾਹਿਬ ਕਾਂਸੀ ਰਾਮ ਨੇ ਪੰਜਵੀਂ ਤੱਕ ਦੀ ਪੜ੍ਹਾਈ ਮਾਨਿਕਪੁਰ ਅਤੇ ਛੇਵੀਂ ਤੋਂ ਦਸਵੀਂ ਜਮਾਤ ਦੀ ਪੜ੍ਹਾਈ ਡੀ.ਏ.ਵੀ. ਪਬਲਿਕ ਸਕੂਲ ਰੋਪੜ ਤੋਂ ਪ੍ਰਾਪਤ ਕੀਤੀ। ਬੀ.ਐਸ.ਸੀ (ਸਾਇੰਸ ) ਦੀ ਡਿਗਰੀ ਸਰਕਾਰੀ ਕਾਲਜ ਰੋਪੜ ਤੋਂ ਪ੍ਰਾਪਤ ਕੀਤੀ ਸੀ। ਉਹ ਜਿਥੇ ਸਾਦਗੀ ਵਾਲਾ ਜੀਵਨ ਬਤੀਤ ਕਰਨ ਵਾਲੇ ਸਨ ਉਥੇ ਹੀ ਬਹੁਤ ਅਣਖੀ ਸੁਭਾਅ ਦੇ ਇਨਸਾਨ ਸਨ। ਬੀ. ਐਸ. ਸੀ. ਦੀ ਡਿਗਰੀ ਪਾਸ ਕਰਨ ਉਪਰੰਤ, ਉਹ ਡਿਫੈਂਸ ਕੈਮੀਕਲ ਸੰਸਥਾਨ ਪੂਨਾ ਮਹਾਂਰਾਸ਼ਟਰ ਵਿਖੇ ਸਾਇੰਸਦਾਨ ਦੇ ਅਹੁਦੇ ਤੇ ਸਰਕਾਰੀ ਨੌਕਰੀ ਕਰਨ ਲੱਗ ਪਏ। ਨੌਕਰੀ ਸਮੇਂ ਵਾਪਰੀ ਇੱਕ ਘਟਨਾ ਨੇ ਇਕ ਸਾਇੰਸਦਾਨ ਨੂੰ ਪਹਿਲਾਂ ਸਮਾਜਿਕ ਆਗੂ ਅਤੇ ਫੇਰ ਦੇਸ਼ ਦੇ ਚੋਟੀ ਦੇ ਆਗੂਆਂ ਤੋਂ ਵੀ ਕੱਦਾਵਰ ਰਾਜਨੀਤਿਕ ਆਗੂ ਬਣਾ ਦਿੱਤਾ। ਸੰਨ 1978 'ਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਾਮਸੇਫ, 1981 'ਚ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸੰਮਤੀ ( ਡੀ.ਐਸ.-ਫੋਰ) ਫਿਰ 1984 ਵਿਚ ਬਹੁਜਨ ਸਮਾਜ ਪਾਰਟੀ ਦੇ ਮਾਧਿਅਮ ਨਾਲ 15/85 ਦਾ ਫਾਰਮੂਲੇ ਨਾਲ (15 ਫੀਸਦੀ ਵਿਦੇਸ਼ੀ ਆਰੀਅਨ, ਬ੍ਰਾਹਮਣ, ਕਸੱਤਰੀ ਅਤੇ ਵੈਸ਼/ 85 ਫੀਸਦੀ ਮੂਲਨਿਵਾਸੀ ਐਸ ਸੀ, ਐਸ ਟੀ, ਹੋਰ ਪਿਛੜਾ ਵਰਗ ਅਤੇ ਇਨ੍ਹਾਂ ਤੋਂ ਧਰਮ ਪਰਵਰਤਿਤ ਘੱਟ ਗਿਣਤੀਆਂ) ਅੰਬੇਡਕਰੀ-ਫੂਲੇ ਅੰਦੋਲਨ ਦੀ ਅਗਵਾਈ ਕੀਤੀ। ਉਨ੍ਹਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਡਕਰ ਜੀ ਦੇ ਮਿਸ਼ਨ ਨੂੰ ਪੂਰਾ ਕਰਨ ਲਈ ਵਿਆਹ ਨਾ ਕਰਨਾ, ਨਿੱਜੀ ਜਾਇਦਾਦ ਨਾ ਬਣਾਉਣਾ, ਆਪਣੇ ਪਰਿਵਾਰ, ਮਾਤਾ-ਪਿਤਾ ਰਿਸ਼ਤੇਦਾਰਾਂ ਤੇ ਦੋਸਤਾਂ ਨਾਲ ਮੋਹ ਨਾ ਰੱਖਣ ਦਾ ਸੰਕਲਪ ਲਿਆ। ਉਨ੍ਹਾਂ ਨੇ ਆਪਣਾ ਬੈਂਕ ਵਿਚ ਖਾਤਾ ਨਹੀਂ ਖੋਲ੍ਹਿਆ। ਉਨ੍ਹਾਂ ਨੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਸਾਰੇ ਦੇਸ਼ ਵਿਚ ਫੈਲਾ ਦਿੱਤਾ। ਉਨ੍ਹਾਂ ਦੀ ਪ੍ਰਭਾਵੀ ਸਖਸ਼ੀਅਤ ਦੇ ਚੱਲਦਿਆਂ ਦੇਸ਼ ਦੇ ਵੱਡੇ ਵੱਡੇ ਸਿਆਸੀ ਆਗੂ ਉਨ੍ਹਾਂ ਨੂੰ ਖੁਦ ਮਿਲਣ ਲਈ ਉਤਾਵਲੇ ਰਹਿੰਦੇ ਸਨ। ਇਥੋਂ ਤੱਕ ਕਿ ਕਈ ਵਾਰ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਪ੍ਰਧਾਨ ਮੰਤਰੀ ਵੀ.ਪੀ. ਸਿੰਘ, ਗੁਲਾਬ ਨਬੀ ਆਜ਼ਾਦ, ਮੁੱਖ ਮੰਤਰੀ ਨਾਰਾਇਣ ਦੱਤ ਤਿਵਾੜੀ ਨੇ ਸਾਹਿਬ ਕਾਂਸ਼ੀ ਰਾਮ ਜੀ ਨਾਲ ਮੁਲਾਕਾਤ ਕਰਨ ਦੀ ਇੱਛਾ ਜਾਹਰ ਕੀਤੀ।



ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਇਸ ਦੁਨੀਆਂ ਤੋਂ 6 ਦਸੰਬਰ 1956 ਨੂੰ ਚਲੇ ਜਾਣ ਕਾਰਨ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੇ ਮਿਸ਼ਨ ਛੱਡਣ ਦੇ ਕਾਰਨ 10 ਸਾਲ ਇਹ ਲਹਿਰ ਰੁਕੀ ਰਹੀ ਜਿਸਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਆਪਣੇ ਹੱਥਾਂ 'ਚ ਲਿਆ ਅਤੇ ਆਪਣੇ ਜਿਉਂਦੇ ਜੀ ਸਭ ਤੋਂ ਵੱਡੀ ਸਹਿਯੋਗੀ ਬਣੀ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਆਪਣਾ ਉੱਤਰਾਅਧਿਕਾਰੀ ਬਣਾਇਆ।

ਬੀ. ਐਸ. ਪੀ. ਨੇ 1984 ਵਿਚ ਪਹਿਲੀ ਵਾਰ ਚੋਣਾਂ ਵਿਚ ਭਾਗ ਲਿਆ ਭਾਵੇਂ ਬਹੁਤੀ ਸਫ਼ਲਤਾ ਨਾ ਮਿਲੀ ਪਰ ਕਾਂਗਰਸ ਪਾਰਟੀ ਦਾ ਬਹੁਤ ਨੁਕਸਾਨ ਕੀਤਾ। 3 ਸਾਲ ਬਾਅਦ ਸਾਹਿਬ ਕਾਂਸ਼ੀ ਰਾਮ ਜੀ ਨੇ ਵੀ. ਪੀ. ਸਿੰਘ ਦੇ ਖਿਲਾਫ਼ ਇਲਾਹਾਬਾਦ ਤੋਂ ਲੋਕ ਸਭਾ ਦੀ ਚੋਣ ਲੜੀ ਜਿਸ ਕਾਰਨ ਉਹ ਕਾਫੀ ਪ੍ਰਸਿੱਧ ਹੋ ਗਏ ਭਾਵੇਂ ਉਹ ਚੋਣ ਹਾਰ ਗਏ ਪ੍ਰੰਤੂ ਉਨ੍ਹਾਂ ਵੱਡੀਆਂ ਰਾਜਨੀਤਿਕ ਪਾਰਟੀਆਂ ਕਾਂਗਰਸ ਤੇ ਜਨਤਾ ਦਲ ਨੂੰ ਬਹੁਤ ਵੱਡੀ ਚੁਣੌਤੀ ਦਿੱਤੀ। 1991 ਵਿਚ ਸਾਹਿਬ ਕਾਂਸ਼ੀ ਰਾਮ ਨੇ ਇਟਾਵਾ ਲੋਕ ਸਭਾ ਸੀਟ ਜਿੱਤੀ। 1993 ਵਿਚ ਸਮਾਜਵਾਦੀ ਪਾਰਟੀ ਨਾਲ ਮਿਲ ਕੇ ਉੱਤਰ ਪ੍ਰਦੇਸ ਵਿੱਚ ਸਰਕਾਰ ਬਣਾਈ। ਗਠਜੋੜ ਟੁੱਟਣ ਕਾਰਨ 3 ਜੂਨ 1995 ਨੂੰ ਭਾਜਪਾ ਤੇ ਹੋਰ ਵਿਰੋਧੀ ਪਾਰਟੀਆਂ ਨਾਲ ਮਿਲ ਕੇ ਭੈਣ ਕੁਮਾਰੀ ਮਾਇਆਵਤੀ ਜੀ ਦੀ ਅਗਵਾਈ 'ਚ ਸਰਕਾਰ ਬਣਾਈ। 1995 'ਚ ਸਾਹਿਬ ਕਾਂਸ਼ੀ ਰਾਮ ਨੇ ਕਾਨਪੁਰ 'ਚ ਸ਼ਾਹੂ ਜੀ ਮਹਾਰਾਜ ਯੂਨੀਵਰਸਿਟੀ ਬਣਾਈ। 1997 ਵਿਚ ਸਮਾਜਿਕ ਕ੍ਰਾਂਤੀ ਦੇ ਪਿਤਾਮਾ ਮਹਾਤਮਾ ਜੋਤੀਬਾ ਫੂਲੇ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਦੇ ਨਾਮ ਯੂਨੀਵਰਿਸਟੀਆਂ ਬਣਾਈਆਂ, ਸ਼ਾਹੂ ਜੀ ਮਹਾਰਾਜ ਅਤੇ ਪੈਰੀਅਰ ਰਾਮਾ ਸੁਆਮੀ ਮੇਲੇ ਦਾ ਆਯੋਜਨ ਕੀਤਾ। ਸ਼ਾਹੂ ਜੀ ਮਹਾਰਾਜ ਗਾਈਡੈਂਸ ਅਤੇ ਰਿਸਰਚ ਇੰਸਟੀਚਿਊਟ ਬਣਾਇਆ ਸੀ। ਗਰੀਬਾਂ ਨੂੰ ਜ਼ਮੀਨਾਂ ਦੇ ਪੱਟੇ ਦੇ ਕਬਜੇ ਦੁਆਏ ਅਤੇ ਦਿੱਲੀ ਦੇ ਨੇੜੇ ਨੋਇਡਾ 'ਚ ਗੌਤਮ ਬੁੱਧ ਯੂਨੀਵਰਸਿਟੀ 200 ਏਕੜ ਜ਼ਮੀਨ 'ਤੇ ਬਣਾਈ। ਸਮਾਜਿਕ ਕ੍ਰਾਂਤੀ ਦੇ ਪਿਤਾਮਾ ਮਹਾਤਮਾ ਜੋਤੀਬਾ ਫੂਲੇ ਸਮੇਤ ਹੋਰਨਾਂ ਮਹਾਂਪੁਰਸ਼ਾਂ ਦੇ ਨਾਮ ਤੇ ਸਕੂਲ, ਕਾਲਜ ਅਤੇ ਵੱਡੀਆਂ ਵਿਸ਼ਵ ਪੱਧਰ ਦੀਆਂ ਯੂਨੀਵਰਸਿਟੀਆਂ ਅਤੇ 17 ਜਿਲ੍ਹੇ ਉਨ੍ਹਾਂ ਦੇ ਨਾਮ 'ਤੇ ਬਣਾਏ। ਰਾਜਾ ਭਈਆ ਨੂੰ ਤੇ ਲੱਖਾਂ ਗੁੰਡਿਆਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ। ਜਾਤੀਵਾਦੀ, ਬ੍ਰਾਹਮਣਵਾਦੀ, ਮਨੂੰਵਾਦੀ ਵਿਵਸਥਾ ਦਾ ਨਾਸ਼ ਕਰਨਾ ਉਨ੍ਹਾਂ ਦਾ ਮਨੋਰਥ ਸੀ ਤੇ ਮੰਨਣਾ ਸੀ ਕਿ ਸਾਡੇ ਸੰਘਰਸ਼ ਦਾ ਨਤੀਜਾ ਸਾਡੀ ਆਜ਼ਾਦੀ ਹੋਣਾ ਚਾਹੀਦਾ ਹੈ। ਇਹ ਕੰਮ ਜਾਤੀ ਦੇ ਆਧਾਰ 'ਤੇ ਤੋੜੇ ਲੋਕਾਂ ਨੂੰ ਜੋੜ ਕੇ ਬਹੁਜਨ ਸਮਾਜ ਬਣਾਉਣ ਨਾਲ ਹੋਵੇਗਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਕਹਿੰਦੇ ਸਨ ਕਿ ਅਸੀਂ ਰਾਜਨੀਤੀ ਨੂੰ ਜਿੰਨਾ ਵੀ ਬੁਰਾ ਭਲਾ ਕਹੀਏ ਲੇਕਿਨ ਰਾਜਨੀਤੀ ਦੇ ਆਧਾਰ 'ਤੇ ਹੀ ਸਮਾਜ ਦੀ ਮੂਵਮੈਂਟ ਚੱਲਦੀ ਹੈ। ਜੇ ਅਸੀਂ ਦੇਸ਼ ਵਿਚ ਅੱਗੇ ਵਧਣਾ ਹੈ ਤਾਂ ਰਾਜਨੀਤੀ ਵਿਚ ਵੀ ਅੱਗੇ ਵਧਣਾ ਹੋਵੇਗਾ। ਅਸੀਂ ਬਹੁਜਨ ਸਮਾਜ ਦੇ ਲੋਕ ਲਗਾਤਾਰ ਮਨੂੰਵਾਦ ਵੱਲੋਂ ਬੇਇਨਸਾਫ਼ੀ ਦੇ ਸ਼ਿਕਾਰ ਰਹੇ ਹਾਂ। ਜਦੋਂ ਬਹੁਜਨ ਸਮਾਜ ਦੀ ਆਪਣੀ ਹਕੂਮਤ ਹੋਵੇਗੀ ਤਾਂ ਸਾਨੂੰ ਨਿਆਂ ਝੱਟ ਮਿਲੇਗਾ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਅਕਸਰ ਕਹਿੰਦੇ ਸਨ ਕਿ ਆਪਣੇ ਦੇਸ਼ ਵਿਚ ਆਪਣਾ ਰਾਜ ਦੇਖਣਾ ਚਾਹੁੰਦਾ ਹਾਂ। ਇਸ ਲਈ ਮੇਰਾ ਮਰਨ ਨੂੰ ਜੀਅ ਨਹੀਂ ਕਰਦਾ। 15 ਸਤੰਬਰ 2003 ਨੂੰ ਆਂਧਰਾ ਪ੍ਰਦੇਸ਼ ਦੀ ਰੈਲੀ ਤੋਂ ਵਾਪਸ ਆਉਂਦੇ ਸਮੇਂ ਸਾਹਿਬ ਕਾਂਸ਼ੀ ਰਾਮ ਜੀ ਨੂੰ ਰਸਤੇ ਵਿਚ ਬਰੇਨ ਸਟ੍ਰੋਕ ਹੋਇਆ ਜਿਸ ਨਾਲ ਉਨ੍ਹਾਂ ਦਾ ਖੱਬਾ ਪਾਸਾ ਲਕਵਾਗ੍ਰਸਤ ਹੋ ਗਿਆ। ਭੈਣ ਕੁਮਾਰੀ ਮਾਇਆਵਤੀ ਜੀ ਵੱਲੋਂ ਉਨ੍ਹਾਂ ਦੀ ਸੇਵਾ ਕੀਤੀ ਅਤੇ ਠੀਕ ਇਲਾਜ ਕਰਵਾਇਆ। ਅਖੀਰ 9 ਅਕਤੂਬਰ 2006 ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਪ੍ਰੀਨਿਰਮਾਣ ਨੂੰ ਪ੍ਰਾਪਤ ਹੋ ਗਏ। ਉਨ੍ਹਾਂ ਦਾ ਅੰਤਿਮ ਸਸਕਾਰ ਬੁੱਧ ਧਰਮ ਦੀਆਂ ਰਸਮਾਂ ਨਾਲ ਕੀਤਾ ਗਿਆ। ਅੱਜ ਬ੍ਰਾਹਮਣਵਾਦੀਆਂ ਦੇ ਹੱਥਾਂ ਵਿੱਚ ਖੇਡ ਰਹੇ ਨਕਲੀ ਅੰਬੇਡਕਰਵਾਦੀ ਜਿਥੇ ਬਸਪਾ ਦੇ ਰਾਜ ਸੱਤਾ ਵੱਲ ਵਧਦੇ ਕਦਮਾਂ ਅੱਗੇ ਰੋੜੇ ਤੇ ਜੰਜੀਰਾਂ ਬਣ ਰਹੇ ਹਨ ਉਥੇ ਹੀ ਖੁਦ ਦੀਆਂ ਦੁਕਾਨਾਂ ਬੰਦ ਹੁੰਦੀਆਂ ਵੇਖ ਉਹ ਸਮਾਜਿਕ ਗਠਜੋੜ ਦੇ ਫਾਰਮੂਲੇ ਨੂੰ ਜਾਤੀਵਾਦ ਕਾਇਮ ਰੱਖ ਕੇ ਸਫਲ ਨਹੀ ਹੋਣ ਰਹੇ। ਅਜਿਹੇ ਵਿਹਲੜ ਤੇ ਵਿਕਾਊ ਲੋਕਾਂ ਤੋਂ ਮੂਲਨਿਵਾਸੀ ਬਹੁਜਨਾਂ ਦੇ ਹਿੱਤ ਸੁਰੱਖਿਅਤ ਕਰਨ ਲਈ ਜਾਗਰੂਕ ਅੰਬੇਕਰਵਾਦੀਆਂ ਨੂੰ ਡਾਂਗ ਚੁੱਕਣੀ ਹੋਵੇਗੀ।

***ਅਦਾਰਾ ਦੇਸ਼ ਦੁਆਬਾ ਅਤੇ ਅੰਬੇਦਕਰ ਟਾਈਮਜ਼ ਵੱਲੋਂ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਦੀਆਂ ਸਮੂਹ ਮਾਨਵਤਾ ਪ੍ਰੇਮੀਆਂ ਨੂੰ ਲੱਖ-ਲੱਖ ਵਧਾਈਆਂ।***

# ਨਿਊਜ਼ੀਲੈਂਡ ਤੋਂ ਇਕ ਵਧੀਆ ਤੇ ਜਾਣਕਾਰੀ ਭਰਪੂਰ ਲੇਖ

**ਨਿਊਜ਼ੀਲੈਂਡ ਨੂੰ ਦੁਨੀਆਂ ਦੇ ਭ੍ਰਿਸ਼ਟਾਚਾਰ ਮੁਕਤ ਦੇਸ਼ਾਂ ਵਿਚ ਸਿਖਰ 'ਤੇ ਰੱਖਿਆ ਗਿਆ ਹੈ। ਬ੍ਰਾਇਨ ਇਸ ਦੇਸ਼ ਦੇ ਇੱਕ ਲੇਖਕ ਹਨ। ਉਹਨਾਂ ਨੇ "ਭਾਰਤ ਵਿਚ ਭ੍ਰਿਸ਼ਟਾਚਾਰ" ਵਿਸ਼ੇ ਤੇ ਇਕ ਤੱਥ ਭਰਪੂਰ ਲੇਖ ਲਿਖਿਆ ਹੈ ਜੋ ਸੋਸ਼ਲ ਮੀਡੀਆ ਤੇ ਕਾਫ਼ੀ ਛਾਇਆ ਹੋਇਆ ਹੈ। ਲੇਖ ਦੀ ਮਕਬੂਲੀਅਤ ਅਤੇ ਅਸਰ ਨੂੰ ਵੇਖਦੇ ਹੋਏ ਪੰਜਾਬੀ ਪਾਠਕਾਂ ਲਈ ਇਸਦਾ ਤਰਜਮਾ ਕੀਤਾ ਗਿਆ ਹੈ।**

ਭਾਰਤੀ ਲੋਕ ਹੋਬਜ਼ (ਬੇਕਾਬੂ, ਮਾੜੀ ਤੇ ਖੁਦਗਰਜ਼ ਤਹਿਜ਼ੀਬ) ਵਿਚਾਰਧਾਰਾ ਵਾਲ਼ੇ ਹਨ।

ਭਾਰਤ ਵਿੱਚ ਭ੍ਰਿਸ਼ਟਾਚਾਰ ਦਾ ਇਕ ਤਹਿਜ਼ੀਬੀ ਪੱਖ ਵੀ ਹੈ। ਭਾਰਤੀ ਲੋਕ ਭ੍ਰਿਸ਼ਟਾਚਾਰ ਕਰਨ ਵੇਲ਼ੇ ਜਰਾ ਵੀ ਨਹੀਂ ਝਿਝਕਦੇ। ਭ੍ਰਿਸ਼ਟਾਚਾਰ ਇੱਥੇ ਬਹੁਤ ਵੱਡੇ ਪੱਧਰ ਤੇ ਫੈਲਿਆ ਹੋਇਆ ਹੈ।

ਭਾਰਤੀ ਲੋਕ ਭ੍ਰਿਸ਼ਟ ਵਿਅਕਤੀ ਦਾ ਵਿਰੋਧ ਕਰਨ ਦੀ ਬਜਾਏ, ਉਸਨੂੰ ਬਰਦਾਸ਼ਤ ਕਰਨ ਦੇ ਆਦੀ ਹਨ। ਕੋਈ ਹੋਰ ਮਨੁੱਖੀ ਨਸਲ ਜਮਾਂਦਰੂ ਇਤਨੀ ਭ੍ਰਿਸ਼ਟ ਨਹੀਂ ਹੈ।

ਇਹ ਪਤਾ ਲਗਾਉਣ ਲਈ ਕਿ ਭਾਰਤੀ ਲੋਕ ਇੰਨੇ ਭ੍ਰਿਸ਼ਟ ਕਿਉਂ ਹਨ, ਜਰਾ ਉਹਨਾਂ ਦੀ ਜੀਵਨ ਜਾਚ ਅਤੇ ਰਵਾਇਤਾਂ ਵੱਲ ਝਾਤੀ ਮਾਰੋ।

ਭਾਰਤ ਵਿਚ ਧਰਮ ਵੀ ਕਾਰੋਬਾਰੀ ਲੈਣ ਦੇਣ ਵਰਗਾ ਇਕ ਕਾਰੋਬਾਰ ਹੀ ਹੈ। ਭਾਰਤੀ ਲੋਕ ਇਸ ਆਸ ਨਾ਼ਲ ਪਰਮੇਸ਼ਰ ਨੂੰ ਪੈਸਾ ਚੜ੍ਹਾਉਂਦੇ ਹਨ ਕਿ ਇਸਦਾ ਫ਼ਲ ਦੇਣ ਵੇਲ਼ੇ ਉਹ ਦੂਸਰਿਆਂ ਨਾਲੋਂ ਉਹਨਾਂ ਨੂੰ ਤਰਜੀਹ ਦੇਵੇਗਾ। ਇਹ ਦਲੀਲ ਇਸ ਸੋਚ ਨੂੰ ਪੱਕਿਆਂ ਕਰਦੀ ਹੈ ਕਿ ਲੋੜਵੰਦ ਲੋਕਾਂ ਨੂੰ ਲੋੜੀਂਦੀਆਂ ਚੀਜ਼ਾਂ ਪ੍ਰਾਪਤ ਕਰਨ ਲਈ ਪਰਮਾਤਮਾ ਨੂੰ ਕੁਝ ਨਾ ਕੁਝ ਦੇਣਾ ਹੀ ਪੈਣਾ ਹੈ। ਮੰਦਰ ਦੀ ਵ਼ਲਗਣ ਤੋਂ ਬਾਹਰ ਅਸੀਂ ਅਜਿਹੇ ਲੈਣ ਦੇਣ ਨੂੰ ਭ੍ਰਿਸ਼ਟਾਚਾਰ ਆਖਦੇ ਹਾਂ।

ਅਮੀਰ ਭਾਰਤੀ ਵਿਅਕਤੀ ਨਕਦੀ ਦੀ ਬਜਾਏ ਸੋਨਾ, ਚਾਂਦੀ ਅਤੇ ਹੋਰ ਗਹਿਣੇ ਪਰਮਾਤਮਾ ਦੇ ਨਾਂ ਤੇ ਦਾਨ ਕਰਦਾ ਹੈ। ਉਹ ਦਾਨ ਗ਼ਰੀਬਾਂ ਨੂੰ ਨਹੀਂ ਸਗੋਂ ਪਰਮੇਸ਼ਰ ਨੂੰ ਦਿੰਦਾ ਹੈ। ਉਹ ਸੋਚਦਾ ਹੈ ਕਿ ਕਿਸੇ ਲੋੜਵੰਦ ਨੂੰ ਦੇਣ ਨਾ਼ਲ ਪੈਸਾ ਬਰਬਾਦ ਹੋ ਜਾਵੇਗਾ।

ਜੂਨ 2009 ਵਿੱਚ, "ਦਿ ਹਿੰਦੂ" ਅਖ਼ਬਾਰ ਨੇ ਕਰਨਾਟਕ ਦੇ ਮੰਤਰੀ ਜੀ. ਜਨਾਰਦਨ ਰੈਡੀ ਵੱਲੋਂ ਤਿਰੂਪਤੀ ਮੰਦਰ ਨੂੰ ੪੫ ਕਰੋੜ ਰੁਪਏ ਦਾ ਸੋਨਾ ਅਤੇ ਹੀਰੇ ਜਵਾਹਰਾਤ ਦਾਨ ਕਰਨ ਦੀ ਖ਼ਬਰ ਛਾਪੀ ਸੀ। ਭਾਰਤ ਦੇ ਮੰਦਰਾਂ ਨੂੰ ਇੰਨਾ ਜ਼ਿਆਦਾ ਪੈਸਾ ਮਿਲਦਾ ਹੈ ਕਿ ਉਨ੍ਹਾਂ ਨੂੰ ਸਮਝ ਨਹੀਂ ਲਗਦੀ ਕਿ ਇਸ ਧਨ ਦਾ ਕੀ ਕੀਤਾ ਜਾਵੇ। ਅਰਬਾਂ ਦੀ ਜਾਇਦਾਦ ਮੰਦਰਾਂ ਕੋ਼ਲ ਬੇਕਾਰ ਤੇ ਅਣਵਰਤੀ ਹੀ ਪਈ ਹੋਈ ਹੈ।

ਜਦੋਂ ਯੂਰਪੀਅਨ ਲੋਕ ਭਾਰਤ ਆਏ ਸਨ ਤਾਂ ਉਹਨਾਂ ਨੇ ਇੱਥੇ ਸਕੂਲ ਬਣਾਏ ਪਰ ਇਸਦੇ ਉ਼ਲਟ ਜਦੋਂ ਭਾਰਤੀ ਲੋਕ ਯੂਰਪ ਅਤੇ ਅਮਰੀਕਾ ਗਏ ਤਾਂ ਉਹਨਾਂ ਉਥੇ ਸਭ ਤੋਂ ਪਹਿਲਾਂ ਮੰਦਰ ਬਣਾਏ।

ਭਾਰਤੀਆਂ ਦੀ ਸੋਚ ਅਜਿਹੀ ਬਣਾ ਦਿੱਤੀ ਗਈ ਹੈ ਕਿ ਰੱਬ ਕੋਈ ਦਾਤ ਦੇਣ ਲਈ ਉਹਨਾਂ ਤੋਂ ਕੁਝ ਨਾ ਕੁਝ ਭੇਟਾ ਲੈਣ ਦਾ ਹਮੇਸ਼ਾ ਚਾਹਵਾਨ ਹੁੰਦਾ ਹੈ ਇਸ ਲਈ ਦਾਨ ਪੁੰਨ ਕਰਨ ਵਿਚ ਕੁਝ ਵੀ ਗ਼ਲਤ ਨਹੀਂ ਹੈ। ਇਸੇ ਮਾਨਸਿਕਤਾ ਕਾਰਨ ਭਾਰਤੀ ਇੰਨੀ ਆਸਾਨੀ ਨਾਲ ਭ੍ਰਿਸ਼ਟ ਹੋ ਜਾਂਦੇ ਹਨ।

ਭਾਰਤੀ ਤਹਿਜ਼ੀਬ ਰੱਬ ਨਾ਼ਲ ਅਜਿਹਾ ਲੈਣ ਦੇਣ ਕਰਨ ਵਾ਼ਲੇ ਵਰਤੋਂ ਵਿਹਾਰ ਨੂੰ ਸੌਖਿਆਂ ਹੀ ਆਪਣੇ ਅੰਦਰ ਸਮੋਅ ਲੈਂਦੀ ਹੈ। ਕਿਉਂਕਿ:-



1. ਇਸ ਨਾ਼ਲ ਕੋਈ ਇਖ਼ਲਾਕੀ ਦਾਗ ਨਹੀਂ ਲਗਦਾ। ਸਬੂਤ ਵਜੋਂ ਤਮਿਲ ਆਗੂ ਜੈਲਲਿਤਾ ਖਿਲਾਫ ਭ੍ਰਿਸ਼ਟਾਚਾਰ ਦੇ ਕਈ ਮਾਮਲੇ ਚਲਦੇ ਹੋਣ ਦੇ ਬਾਵਜੂਦ ਲੋਕਾਂ ਵੱਲੋਂ ਉਸਨੂੰ ਮੁੜ੍ਹ ਹਾਕਮ ਥਾਪ ਦਿੱਤਾ ਗਿਆ, ਪੱਛਮੀ ਮੁਲਕਾਂ ਵਿੱਚ ਅਜਿਹਾ ਕਦੀ ਸੋਚਿਆ ਵੀ ਨਹੀਂ ਜਾ ਸਕਦਾ।

2. ਭਾਰਤੀਆਂ ਦੀ ਰਿਸ਼ਵਤਖੋਰੀ ਵਾ਼ਲੀ ਸ਼ੱਕੀ ਹਾਲਤ ਇਤਿਹਾਸ ਵਿਚੋਂ ਬਾਖੂਬੀ ਝਲਕਦੀ ਹੈ। ਭਾਰਤੀ ਇਤਿਹਾਸ ਦੱਸਦਾ ਹੈ ਕਿ ਕਈ ਦੁਾਰਪਾਲਾਂ ਕੋ਼ਲੋਂ ਸ਼ਹਿਰਾਂ ਅਤੇ ਰਾਜਧਾਨੀਆਂ ਦੇ ਦਰਵਾਜ਼ੇ ਖੁਲਵਾਉਣ ਲਈ ਅਤੇ ਫ਼ੌਜਦਾਰਾਂ ਤੋਂ ਹਥਿਆਰ ਸੁਟਵਾਉਣ ਬਦਲੇ ਰਿਸ਼ਵਤਾਂ ਦੇ ਕੇ ਸੌਖੀਆਂ ਜਿੱਤਾਂ ਹਾਸਲ ਕੀਤੀਆਂ ਗਈਆਂ ਸਨ। ਅਜਿਹਾ ਸਿਰਫ਼ ਭਾਰਤ ਵਿਚ ਹੀ ਹੁੰਦਾ ਹੈ ਅਤੇ ਇਸੇ ਕਾਰਨ ਭਾਰਤ ਨੂੰ ਜੈ ਚੰਦਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ।

ਭਾਰਤੀਆਂ ਦੇ ਭ੍ਰਿਸ਼ਟ ਵਰਤਾਓ ਕਾਰਨ ਹੀ ਭਾਰਤੀ ਉਪ-ਮਹਾਂਦੀਪ ਵਿਚ ਪੁਰਾਤਨ ਯੂਨਾਨ ਅਤੇ ਅੱਜੋਕੇ ਯੂਰਪ ਮੁਕਾਬਲੇ ਬਹੁਤ ਘੱਟ ਜੰਗਾਂ ਹੋਈਆਂ ਹਨ। ਇਹ ਤੱਥ ਹੈਰਾਨੀ ਜਨਕ ਹੈ ਕਿ ਨਾਦਿਰ ਸ਼ਾਹ ਦੀ ਤੁਰਕਾਂ ਨਾ਼ਲ ਹੋਈ ਲੜਾਈ ਬਹੁਤ ਤੇਜ ਰਫ਼ਤਾਰ ਵਾ਼ਲੀ ਸੀ ਜੋ ਆਖਰੀ ਸਾਹਾਂ ਤੱਕ ਲੜੀ ਗਈ ਸੀ। ਦੂਜੇ ਪਾਸੇ ਭਾਰਤ ਵਿੱਚ ਤਾਂ ਲੜਾਈ ਦੀ ਕੋਈ ਲੋੜ ਹੀ ਨਹੀਂ ਸੀ। ਭਾਰਤੀ ਫ਼ੌਜ ਨੂੰ ਰਸਤੇ ਵਿਚੋਂ ਹਟਾਉਣ ਲਈ ਰਿਸ਼ਵਤ ਦੇ ਦੇਣੀ ਹੀ ਕਾਫ਼ੀ ਸੀ। ਕੋਈ ਵੀ ਹਮਲਾਵਰ, ਜੋ ਪੈਸੇ ਖ਼ਰਚ ਕਰ ਸਕਦਾ ਸੀ, ਉਹ ਭਾਰਤੀ ਰਾਜੇ ਜਾਂ ਉਸਦੀ ਲੱਖਾਂ ਸਿਪਾਹੀਆਂ ਵਾ਼ਲੀ ਫ਼ੌਜ ਨੂੰ ਸਹਿਜੇ ਹੀ ਆਪਣੇ ਰਸਤੇ ਵਿਚੋਂ ਹਟਾਅ ਸਕਦਾ ਸੀ।

ਪਲਾਸੀ ਦੀ ਲੜਾਈ ਦੌਰਾਨ ਭਾਰਤੀ ਫੌਜੀ ਮੁਸ਼ਕਿਲ ਨਾਲ ਹੀ ਕੋਈ ਮੁਕਾਬਲਾ ਕਰ ਸਕੇ ਸਨ। ਜਿੱਤਣ ਲਈ ਕਲਾਈਵ ਨੇ ਮੀਰ ਜਾਫ਼ਰ ਨੂੰ ਪੈਸੇ ਦੇ ਦਿੱਤੇ ਅਤੇ ਬੰਗਾਲੀ ਫ਼ੌਜ ਦੀ ਨਫ਼ਰੀ ਘਟਕੇ 3000 ਸਿਪਾਹੀਆਂ ਤੱਕ ਸੁੰਗੜਾਅ ਦਿੱਤੀ ਗਈ।

ਭਾਰਤੀ ਕਿਲਿਆਂ ਨੂੰ ਜਿੱਤਣ ਲਈ ਹਮੇਸ਼ਾ ਧਨ ਦੌ਼ਲਤ ਦੀ ਵਰਤੋਂ ਬਤੌਰ ਰਿਸ਼ਵਤ ਕੀਤੀ ਜਾਂਦੀ ਸੀ। ਸੰਨ 1896 ਵਿੱਚ ਗੋਲਕੁੰਡਾ ਦਾ ਕਿਲਾ ਵੀ ਪਿਛਵਾੜੇ ਦਾ ਗੁਪਤ ਦਰਵਾਜ਼ਾ ਖੁਲ੍ਹਵਾਕੇ ਜਿੱਤਿਆ ਗਿਆ ਸੀ। ਮੁਗ਼ਲਾਂ ਨੇ ਅਸਲ ਵਿੱਚ ਮਰਾਠਿਆਂ ਅਤੇ ਰਾਜਪੂਤਾਂ ਨੂੰ ਰਿਸ਼ਵਤ ਦੇ ਹਥਿਆਰ ਨਾ਼ਲ ਹੀ ਜਿੱਤਿਆ ਸੀ।

ਸ਼੍ਰੀਨਗਰ ਦੇ ਰਾਜੇ ਨੇ ਔਰੰਗਜੇਬ ਕੋ਼ਲੋਂ ਰਿਸ਼ਵਤ ਲੈਕੇ ਦਾਰਾ ਸ਼ਿਕੋਹ ਦਾ ਪੁੱਤਰ ਸੁਲੇਮਾਨ ਉਸਨੂੰ ਸੌਂਪ ਦਿੱਤਾ। ਅਜਿਹੇ ਬਹੁਤ ਸਾਰੇ ਮਾਮਲੇ ਹਨ, ਜਿੱਥੇ ਭਾਰਤੀਆਂ ਨੇ ਰਿਸ਼ਵਤ ਦਾ ਪੈਸਾ ਹਾਸਲ ਕਰਨ ਲਈ ਵੱਡੀਆਂ ਵੱਡੀਆਂ ਗੱਦਾਰੀਆਂ ਕੀਤੀਆਂ ਸਨ।

ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਭਾਰਤੀਆਂ ਵਿਚ ਸੌਦੇਬਾਜ਼ੀ ਦਾ ਇਹ ਸਭਿਆਚਾਰ ਕਿਉਂ ਹੈ, ਜਦਕਿ ਬਹੁਤ ਸਾਰੇ ਸਭਿਅਕ ਦੇਸ਼ਾਂ ਵਿਚ ਇਹ ਸੌਦੇਬਾਜ਼ੀ ਵਾ਼ਲਾ ਭੈੜਾ ਸਭਿਆਚਾਰ ਹੁੰਦਾ ਹੀ ਨਹੀਂ।

3. ਭਾਰਤੀ ਇਸ ਸਿਧਾਂਤ ਵਿਚ ਯਕੀਨ ਨਹੀਂ ਰੱਖਦੇ ਕਿ ਜੇਕਰ ਉਹ ਚੰਗੇ ਇਖ਼ਲਾਕ ਵਾ਼ਲਾ ਵਰਤੋਂ ਵਿਹਾਰ ਕਰਨਗੇ ਤਾਂ ਸਾਰੇ ਲੋਕ ਤਰੱਕੀ ਕਰਨਗੇ ਕਿਉਂਕਿ ਉਨ੍ਹਾਂ ਦਾ "ਵਿਸ਼ਵਾਸ ḳ ਧਰਮ" ਇਹ ਸਿੱਖਿਆ ਦਿੰਦਾ ਹੀ ਨਹੀਂ।

ਉਹਨਾਂ ਦਾ ਜਾਤਪਾਤ ਵਾ਼ਲਾ ਢਾਂਚਾ ਉਨ੍ਹਾਂ ਨੂੰ ਆਪਸ ਵਿੱਚ ਵੰਡਦਾ ਹੈ। ਉਹ ਮਨੁੱਖੀ ਬਰਾਬਰੀ ਦੇ ਸਿਧਾਂਤ ਵਿੱਚ ਯਕੀਨ ਨਹੀਂ ਕਰਦੇ। ਇਹੋ ਕਾਰਨ ਹੈ ਕਿ ਉਹ ਜਾਤਪਾਤ ਕਾਰਨ ਆਪਸ ਵਿੱਚ ਅਤੇ ਈਸ਼ਵਰ, ਅੱਲਾਹ, ਗੱਡ ਦੇ ਨਾਂ ਤੇ ਵੱਖ ਵੱਖ ਧਰਮਾਂ ਵਿੱਚ ਵੰਡੇ ਗਏ ਹਨ।

ਬਹੁਤ ਸਾਰੇ ਭਾਰਤੀਆਂ ਨੇ ਸਿੱਖ, ਜੈਨ ਜਾਂ ਬੁੱਧ ਅਤੇ ਕਈਆਂ ਨੇ ਈਸਾਈ ਅਤੇ ਇਸਲਾਮ ਧਰਮ ਨੂੰ ਅਪਣਾਇਆ। ਇਸ ਖਿਲਾਰੇ ਦਾ ਨਤੀਜਾ ਇਹ ਨਿਕਲ਼ਿਆ ਕਿ ਹੁਣ ਭਾਰਤੀ ਇਕ ਦੂਜੇ ਤੇ ਭਰੋਸਾ ਹੀ ਨਹੀਂ ਕਰਦੇ। ਭਾਰਤ ਵਿਚ ਕੋਈ ਵੀ ਭਾਰਤੀ ਨਹੀਂ ਹੈ, ਉਹ ਹਿੰਦੂ, ਕ੍ਰਿਸ਼ਚਿਅਨ ਜਾਂ ਮੁਸਲਮਾਨ ਵਗੈਰਾ ਦੇ ਨਜਰੀਏ ਤੋਂ ਆਪਣੇ ਆਪ ਨੂੰ ਵੇਖਦੇ ਹਨ। ਭਾਰਤੀ ਭੁੱਲ ਗਏ ਹਨ ਕਿ ਉਹ 1400 ਸਾਲ ਪਹਿਲਾਂ ਇਕੋ ਧਰਮ ਦੇ ਪੈਰੋਕਾਰ ਸਨ। ਇਸ ਵਰਨ ਵੰਡ ਨੇ ਇਕ ਬੀਮਾਰ ਸਭਿਆਚਾਰਕ ਮਾਨਸਿਕਤਾ ਨੂੰ ਜਨਮ ਦਿੱਤਾ ਹੈ।

*ਇਹ ਸਮਾਜਿਕ ਨਾਬਰਾਬਰੀ ਇਕ ਭ੍ਰਿਸ਼ਟ ਸੋਚ ਦਾ ਨਤੀਜਾ ਹੈ ਜਿਸ ਵਿੱਚ ਹਰ ਭਾਰਤੀ ਦੂਜੇ ਦੇ ਖਿਲਾਫ਼ ਹੈ ਸਿਵਾਏ ਪ੍ਰਮਾਤਮਾ ਦੇ ਜਿਸ ਬਾਰੇ ਵੀ ਉਹਨਾਂ ਦਾ ਵਿਸ਼ਵਾਸ ਹੈ ਕਿ ਉਹ ਬਿਨਾਂ ਰਿਸ਼ਵਤ (ਦਾਨ, ਪੁੰਨ, ਚੜ੍ਹਾਵਾ) ਲਏ ਕੁਝ ਨਹੀਂ ਦਿੰਦਾ।

**-ਬ੍ਰਾਇਨ ਗਾਡਜ਼ੋਨ, ਨਿਊਜ਼ੀਲੈਂਡ**

# ਪਿੰਡ ਐਨਾ ਬੇਪਰਵਾਹ ਕਿਉਂ ਹੋ ਗਿਆ ਹੈ?

**ਪਿੰਡ ਧੜੇਬੰਦੀ ਦਾ ਸ਼ਿਕਾਰ ਹੈ। ਪਿੰਡ ਨਾਜਾਇਜ਼ ਕਬਜ਼ਿਆਂ ਦੀ ਮਾਰ ਹੇਠ ਹੈ। ਵੱਡੀਆਂ ਢੁੱਠਾਂ ਵਾਲਿਆਂ ਨੇ ਪੰਚਾਇਤੀ, ਸ਼ਾਮਲਾਟੀ ਜ਼ਮੀਨਾਂ ਹੜੱਪੀਆਂ ਹੋਈਆਂ ਹਨ। ਲੱਠਮਾਰਾਂ, ਕਬਜ਼ਾਧਾਰੀਆਂ ਨੇ ਪਿੰਡ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ। ਪਿੰਡ ਹੁਣ ਇਕੱਠਾ ਨਹੀਂ ਬਹਿੰਦਾ। ਇਵੇਂ ਲੱਗਦਾ ਹੈ, ਪਿੰਡ ਹੁਣ ਕਾਂਗਰਸ ਹੋ ਗਿਆ ਹੈ, ਪਿੰਡ ਹੁਣ ਅਕਾਲੀ ਬਣ ਗਿਆ ਹੈ, ਪਿੰਡ ਹੁਣ ਭਾਜਪਾਈ ਹੋ ਗਿਆ ਹੈ, ਪਿੰਡ ਹੁਣ ਕਾਮਰੇਡ ਬਣ ਗਿਆ ਹੈ, ਪਿੰਡ ਹੁਣ ਬਸਪਾ ਜਾਂ 'ਆਪ' ਬਣ ਗਿਆ ਹੈ। ਪਿੰਡ ਹੁਣ ਪਿੰਡ ਨਹੀਂ ਰਿਹਾ, ਜਾਤਾਂ-ਬਰਾਦਰੀਆਂ, ਧਰਮਾਂ ਦੀਆਂ ਵੰਡੀਆਂ, ਵੱਖੋ-ਵੱਖਰੀਆਂ ਪੱਤੀਆਂ 'ਚ ਵੰਡਿਆ ਗਿਆ ਹੈ। ਕਿੱਥੇ ਗਈ ਪਿੰਡ ਦੀ ਸਾਂਝ? ਕਿੱਧਰ ਉੱਡ ਗਈ ਪਿੰਡ ਦੀ ਸ਼ਾਂਤੀ?**



ਗੁਰਮੀਤ ਸਿੰਘ ਪਲਾਹੀ
91-98158-02070

ਹੁਣ ਪਿੰਡਾਂ ਵਿੱਚ ਸੜਕਾਂ ਹਨ। ਕੱਲ੍ਹ ਦੀਆਂ ਚਿੱਕੜ ਨਾਲ ਭਰੀਆਂ ਗਲੀਆਂ ਦੀ ਥਾਂ ਪੱਕੀਆਂ ਇੱਟਾਂ ਦੀਆਂ ਗਲੀਆਂ ਹਨ। ਬਿਜਲੀ ਹੈ, ਸੋਲਰ ਲਾਈਟਾਂ ਆ ਰਹੀਆਂ ਹਨ। ਟੈਲੀਵਿਜ਼ਨ ਹੈ, ਮੋਬਾਈਲ ਗਲੀ-ਗਲੀ ਘੁੰਮ ਰਿਹਾ ਹੈ, ਪਰ ਖ਼ਾਲੀ ਸਮੇਂ 'ਚ ਨੌਜਵਾਨਾਂ ਲਈ ਸਵੈ-ਰੁਜ਼ਗਾਰ ਦਾ ਕੋਈ ਉੱਦਮ ਨਹੀਂ; ਨਾ ਸਾਧਨ ਹੈ, ਨਾ ਸਰਕਾਰੀ ਜਾਂ ਸਮਾਜਿਕ ਪ੍ਰੇਰਨਾ ਹੈ। ਖ਼ਾਦ ਹੈ, ਬੀਜ ਹਨ, ਮਿੱਟੀ ਦੀ ਜਾਂਚ ਦਾ ਪ੍ਰਬੰਧ ਹੈ, ਮਗਨਰੇਗਾ ਹੈ। ਪਿੰਡ ਦੇ ਵਿਕਾਸ ਲਈ ਸਰਕਾਰੀ ਤੇ ਗ਼ੈਰ-ਸਰਕਾਰੀ ਰੌਲਾ-ਰੱਪਾ ਵੀ ਹੈ, ਪਰ ਪਿੰਡ ਆਪਣੀ ਪ੍ਰਵਾਹ ਹੀ ਨਹੀਂ ਕਰਦਾ।

ਪ੍ਰਾਚੀਨ ਭਾਰਤ ਵਿੱਚ ਪਿੰਡ ਆਤਮ-ਨਿਰਭਰ ਰਿਹਾ ਹੈ। ਪਿੰਡ ਦੀ ਪੰਚ ਪ੍ਰੇਸ਼ਵਰੀ ਨਿਆਂ ਪ੍ਰਣਾਲੀ ਰਹੀ ਹੈ। ਆਰਥਿਕ ਤੌਰ 'ਤੇ ਆਤਮ-ਨਿਰਭਰਤਾ ਦੇ ਸਥਾਨਕ ਸਾਧਨ ਪਿੰਡ ਦੀ ਨੀਂਹ ਪੱਕੀ ਕਰਦੇ ਰਹੇ ਹਨ। ਹਰਿਆ-ਭਰਿਆ, ਖੁੱਲ੍ਹਾ-ਡੁੱਲ੍ਹਾ ਵਾਤਾਵਰਣ, ਸਾਫ਼-ਸੁਥਰਾ ਪਾਣੀ, ਹਵਾ, ਸ਼ੁੱਧ ਭੋਜਨ, ਨਰੋਆ ਭਾਈਚਾਰਾ, ਚੰਗੇ ਜੁੱਸੇ ਪਿੰਡ ਦੀ ਪਛਾਣ ਸਨ। ਪਿੰਡ, ਜਿਹੜਾ ਆਪਣੇ ਨਰੋਏ ਪੇਂਡੂ ਸਮਾਜ ਦੀਆਂ ਲੋੜਾਂ-ਥੋੜਾਂ ਪੂਰੀਆਂ ਕਰਨ ਲਈ ਸਮਰੱਥ ਸਮਝਿਆ ਜਾਂਦਾ ਸੀ, ਅੱਜ ਬੁਰੀ ਤਰ੍ਹਾਂ ਆਰਥਿਕ ਤੋਟ ਨਾਲ ਤੁੰਬਿਆ ਪਿਆ ਹੈ। ਪੇਂਡੂ ਮਜ਼ਦੂਰ ਲਈ ਸਾਲ ਭਰ ਕੰਮ ਨਹੀਂ, ਕਿਸਾਨ ਲੋੜੋਂ ਵੱਧ ਕਰਜ਼ੇ ਥੱਲੇ ਹੈ, ਆਤਮ-ਵਿਸ਼ਵਾਸ ਗੁਆ ਚੁੱਕਾ ਹੈ, ਆਤਮ-ਹੱਤਿਆ ਦੇ ਰਾਹ ਪੈ ਚੁੱਕਾ ਹੈ, ਖੇਤੀ ਮਸ਼ੀਨਰੀ ਨੇ ਪਸ਼ੂਆਂ ਨੂੰ ਵਿਹਲੇ ਕਰ ਦਿੱਤਾ ਹੈ। ਖੇਤ ਮਜ਼ਦੂਰ ਸ਼ਹਿਰਾਂ ਵੱਲ ਝਾਕਣ ਲੱਗ ਪਿਆ ਹੈ। ਕੁਝ ਪੜ੍ਹਿਆ, ਅੱਧ-ਪੜ੍ਹਿਆ ਪੇਂਡੂ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲਦਾ ਕਿਧਰੇ ਨਸ਼ੇ ਦੀ ਮਾਰ ਹੇਠ ਹੈ, ਕਿਧਰੇ ਵਿਦੇਸ਼ ਉਡਾਰੀ ਮਾਰਨ ਦੇ ਰਾਹ ਪਿਆ ਹੋਇਆ ਹੈ। ਪਿੰਡ ਇਸ ਵੇਲੇ ਔਖੇ ਸਾਹ ਲੈਂਦਾ, ਜਿਵੇਂ ਹਰ ਕਿਸਮ ਦੇ ਸੰਕਟ 'ਚ ਗ੍ਰਸਿਆ, ਹਫਿਆ-ਹਫਿਆ ਦਿੱਸਦਾ ਹੈ। ਪਿੰਡ ਐਡਾ ਬੇਪ੍ਰਵਾਹ ਕਿਉਂ ਹੋ ਗਿਆ ਹੈ?

ਪਿੰਡ ਧੜੇਬੰਦੀ ਦਾ ਸ਼ਿਕਾਰ ਹੈ। ਪਿੰਡ ਨਾਜਾਇਜ਼ ਕਬਜ਼ਿਆਂ ਦੀ ਮਾਰ ਹੇਠ ਹੈ। ਵੱਡੀਆਂ ਢੁੱਠਾਂ ਵਾਲਿਆਂ ਨੇ ਪੰਚਾਇਤੀ, ਸ਼ਾਮਲਾਟੀ ਜ਼ਮੀਨਾਂ ਹੜੱਪੀਆਂ ਹੋਈਆਂ ਹਨ। ਲੱਠਮਾਰਾਂ, ਕਬਜ਼ਾਧਾਰੀਆਂ ਨੇ ਪਿੰਡ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ। ਪਿੰਡ ਹੁਣ ਇਕੱਠਾ ਨਹੀਂ ਬਹਿੰਦਾ। ਇਵੇਂ ਲੱਗਦਾ ਹੈ, ਪਿੰਡ ਹੁਣ ਕਾਂਗਰਸ ਹੋ ਗਿਆ ਹੈ, ਪਿੰਡ ਹੁਣ ਅਕਾਲੀ ਬਣ ਗਿਆ ਹੈ, ਪਿੰਡ ਹੁਣ ਭਾਜਪਾਈ ਹੋ ਗਿਆ ਹੈ, ਪਿੰਡ ਹੁਣ ਕਾਮਰੇਡ ਬਣ ਗਿਆ ਹੈ, ਪਿੰਡ ਹੁਣ ਬਸਪਾ ਜਾਂ 'ਆਪ' ਬਣ ਗਿਆ ਹੈ। ਪਿੰਡ ਹੁਣ ਪਿੰਡ ਨਹੀਂ ਰਿਹਾ, ਜਾਤਾਂ-ਬਰਾਦਰੀਆਂ, ਧਰਮਾਂ ਦੀਆਂ ਵੰਡੀਆਂ, ਵੱਖੋ-ਵੱਖਰੀਆਂ ਪੱਤੀਆਂ 'ਚ ਵੰਡਿਆ ਗਿਆ ਹੈ। ਕਿੱਥੇ ਗਈ ਪਿੰਡ ਦੀ ਸਾਂਝ? ਕਿੱਧਰ ਉੱਡ ਗਈ ਪਿੰਡ ਦੀ ਸ਼ਾਂਤੀ? ਪਿੰਡ ਤਾਂ ਕਦੇ ਵੀ ਇਵੇਂ ਦਾ ਨਹੀਂ ਸੀ, ਜਿਵੇਂ ਕੁ ਦਾ ਹੁਣ ਬਣ ਗਿਆ ਹੈ। ਪਿੰਡ ਦੀ ਆਨ ਤਾਂ ਉਸ ਦੀ ਪੱਗ ਸੀ, ਪਿੰਡ ਦੀ ਸ਼ਾਨ ਤਾਂ ਉਸ ਦੀ ਚੁੰਨੜੀ ਸੀ। ਅੱਜ ਇਹ ਦੋਵੇਂ ਕਿੱਥੇ ਗਾਇਬ ਹਨ? ਪਿੰਡ ਪ੍ਰਧਾਨ ਪਤੀਆਂ ਨੇ ਖਾ ਲਿਆ ਹੈ। ਪਿੰਡ ਪ੍ਰਧਾਨ ਪੁੱਤਰਾਂ ਨੇ ਨਿਗਲ ਲਿਆ ਹੈ।



ਜੇਕਰ ਇੰਜ ਨਾ ਹੁੰਦਾ ਤਾਂ ਬੋਹੜਾਂ, ਪਿੱਪਲਾਂ ਥੱਲੇ ਬੈਠਕਾਂ ਲੱਗਣੀਆਂ ਸਨ। ਪਿੰਡ ਦੀ ਤਰੱਕੀ ਦੀਆਂ ਇਥੇ ਸਲਾਹਾਂ ਹੋਣੀਆਂ ਸਨ। ਇਥੇ ਝਗੜੇ ਨਿੱਬੜਨੇ ਸਨ। ਵੰਡਾਂ ਦੇ ਫ਼ੈਸਲੇ ਪਰਿਆ 'ਚ ਨਿੱਬੜ ਜਾਣੇ ਸਨ। ਹੁਣ ਪਿੰਡ ਦੀ ਪੱਗ ਕਚਹਿਰੀਆਂ-ਥਾਣਿਆਂ 'ਚ ਰੁਲਦੀ ਹੈ। ਪਾਰਟੀਬਾਜ਼ੀ ਨੇ, ਜਾਤਾਂ ਦੇ ਵਖਰੇਵੇਂ ਨੇ ਪਿੰਡ ਸਹਿਜ ਹੀ ਨਹੀਂ ਰਹਿਣ ਦਿੱਤਾ। ਹਰ ਪਿੰਡ 'ਚ ਮਾਰੋ-ਮਾਰੀ ਹੈ। ਦੁਸ਼ਮਣੀ-ਦਰੇਗ ਭਾਰੂ ਹੈ। ਮਿਲ-ਬੈਠਣਾ ਤਾਂ ਜਿਵੇਂ ਮਨਾਂ 'ਚੋਂ, ਸਰੀਰਾਂ 'ਚੋਂ ਕਿਧਰੇ ਅਲੋਪ ਹੀ ਹੋ ਗਿਆ ਹੈ। ਪਿੰਡ ਐਨਾ ਨਿਰਮੋਹਿਆ ਤਾਂ ਕਦੇ ਵੀ ਨਹੀਂ ਸੀ!

ਪਿੰਡ ਕੂੜੇ-ਕਰਕਟ ਨਾਲ ਭਰਿਆ ਪਿਆ ਹੈ। ਪਿੰਡ ਗੰਦੇ ਛੱਪੜਾਂ ਨਾਲ ਤੂਸਿਆ ਪਿਆ ਹੈ। ਪਿੰਡ ਸਿਹਤ, ਸਿੱਖਿਆ ਸਹੂਲਤਾਂ ਤੋਂ ਊਣਾ ਦਿੱਸਦਾ ਹੈ। ਪਿੰਡ ਬੱਚਿਆਂ ਦੇ ਕੁਪੋਸਣ ਨਾਲ ਕਰਾਹ ਰਿਹਾ ਹੈ ਅਤੇ ਸਭ ਤੋਂ ਵੱਧ ਪਿੰਡ ਕਰਜ਼ੇ ਦਾ ਮਾਰਿਆ ਹੋਇਆ ਹੈ। ਪਿੰਡ 'ਚ ਬੈਂਕ ਹਨ, ਪਰ ਪੰਜ-ਦਸ ਹਜ਼ਾਰ ਦੇ ਕਰਜ਼ੇ ਲਈ ਘਰ ਗਹਿਣੇ ਰੱਖੋ ਜਾਂ ਜ਼ਮੀਨ ਦਾ ਟੋਟਾ ਬੈਂਕ 'ਚ ਰਹਿਣ ਕਰੋ। ਬੈਂਕ ਕਰਜ਼ੇ ਨਹੀਂ ਦਿੰਦੇ ਤਾਂ ਪਿੰਡਾਂ 'ਚ ਬੈਠੇ ਸੂਦਖੋਰਾਂ ਦੇ ਚੁੰਗਲ 'ਚ ਫਸੋ, ਜਿਹੜੇ ਲੋਕਾਂ ਤੋਂ ਦਸ ਰੁਪਏ ਪ੍ਰਤੀ ਸੈਂਕੜਾ ਪ੍ਰਤੀ ਮਹੀਨਾ ਵਿਆਜ ਲੈਂਦੇ ਹਨ, ਜਿਹੜਾ 120 ਫ਼ੀਸਦੀ ਸਾਲਾਨਾ ਤੱਕ ਪੈਂਦਾ ਹੈ। ਸਹਿਕਾਰੀ ਬੈਂਕਾਂ, ਜਾਂ ਸਹਿਕਾਰੀ ਸੁਸਾਇਟੀਆਂ ਵੀ ਉਸੇ ਰਾਹ ਤੁਰ ਪਈਆਂ ਹਨ, ਜਿਹੜੇ ਰਾਹੇ ਬੈਂਕ ਤੁਰੇ ਹੋਏ ਹਨ। ਇਹਨਾਂ ਉੱਤੇ ਸਿਆਸਤਦਾਨਾਂ, ਘੜੰਮ ਚੌਧਰੀਆਂ ਨੇ ਕਬਜ਼ੇ ਕੀਤੇ ਹੋਏ ਹਨ। ਪਿੰਡ ਲਈ ਆਖ਼ਿਰ ਰਸਤਾ ਬਚਿਆ ਹੀ ਕਿਹੜਾ ਹੈ?

ਪਿੰਡ ਸਾਫ਼-ਸੁਥਰਾ ਨਹੀਂ ਦਿੱਖਦਾ। ਕੂੜੇ ਦੇ ਢੇਰਾਂ ਨੇ ਇਸ ਦਾ ਸੁਹੱਪਣ ਖੋਹ ਲਿਆ ਹੈ। ਅੱਧਾ ਪਿੰਡ ਹਾਲੇ ਖੁੱਲ੍ਹੇ ਅਸਮਾਨੀ ਹਨੇਰੇ-ਸਵੇਰੇ ਖੇਤਾਂ ਦੀਆਂ ਨਿਆਈਆਂ 'ਚ ਜੰਗਲ-ਪਾਣੀ ਜਾਂਦਾ ਹੈ। ਬੀਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਸੁਚੱਜੇ ਵਾਤਾਵਰਣ ਦੀਆਂ ਗੱਲਾਂ ਤਾਂ ਸੁਣਦਾ ਹੈ, ਪਰ ਪੈਸੇ-ਧੇਲੇ ਖੁਣੋਂ ਘਰ 'ਚ ਲੈਟਰੀਨ ਵੀ ਉਸਾਰਨ ਦੀ ਸਮਰੱਥਾ ਨਹੀਂ ਰੱਖਦਾ। ਅੱਧੋਂ ਵਧੇਰੇ ਪਿੰਡ ਦੀ, ਬੱਚਿਆਂ ਦੀ ਪੜ੍ਹਾਈ ਦੀ ਫੀਸ, ਸਕੂਲ ਦੀ ਵਰਦੀ ਲਈ ਜੇਬ ਖ਼ਾਲੀ ਹੈ। ਬੁੱਢੇ-ਸਿਆਣੇ ਦਵਾਈ ਉਡੀਕਦੇ ਰਹਿੰਦੇ ਹਨ। ਕੇਲਾ-ਛੱਲੀ, ਸੇਬ-ਸੰਗਤਰਾ ਤਾਂ ਨਸੀਬ ਕਿੱਥੋਂ ਹੋਣਾ ਹੈ, ਅੰਨ ਦੀ ਬੁਰਕੀ ਵੀ ਨੀਲੇ ਕਾਰਡ ਦੀ ਬਦੌਲਤ ਔਖਿਆਂ ਹੋ ਜਾਂਦੀ ਹੈ। ਉਡੀਕ ਰਹਿੰਦੀ ਹੈ ਬੁਢਾਪਾ, ਵਿਧਵਾ ਪੈਨਸ਼ਨ ਦੀ ਪਿੰਡ ਦੇ ਵੱਡੇ ਹਿੱਸੇ ਨੂੰ ਕਿ ਕਦੋਂ ਆਵੇ, ਚਲੋ ਚਾਹ-ਪਾਣੀ ਜੋਗਾ ਘਰ ਦਾ ਤੋਰਾ ਤਾਂ ਤੁਰਦਾ ਰਹੇ!

ਪਿੰਡ ਐਨਾ ਬੇਵੱਸ ਤਾਂ ਕਦੇ ਵੀ ਨਹੀਂ ਸੀ। ਪਿੰਡ ਆਪਣੀ ਕਮਾਉਂਦਾ ਸੀ, ਢਿੱਡ ਭਰ ਕੇ ਆਪਣੀ ਖਾਂਦਾ ਸੀ, ਆਪਣੀ ਪੀਂਦਾ ਸੀ, ਬੁੱਲੇ ਲੁੱਟਦਾ ਸੀ। ਪਿੰਡ ਗਾਉਂਦਾ ਸੀ, ਪਿੰਡ ਨੱਚਦਾ ਸੀ, ਪਿੰਡ ਗੁਣਗੁਣਾਉਂਦਾ ਸੀ। ਤੜਕ ਸਵੇਰੇ ਬਾਬੇ ਦੀ ਬਾਣੀ, ਮੰਦਿਰ ਦੀ ਟੱਲੀ, ਕੁੱਕੜ ਦੀ ਬਾਂਗ ਨਾਲ ਉੱਠਦਾ ਸੀ। ਰਾਤੀਂ ਚੈਨ ਦੀ ਨੀਂਦ ਸੌਂਦਾ ਸੀ! ਹੁਣ ਤਾਂ ਪਿੰਡ ਦੀ ਨੀਂਦ ਹੀ ਜਿਵੇਂ ਉੱਡ-ਪੁੱਡ ਗਈ ਹੈ। ਪਿੰਡ ਦੇ ਚੜ੍ਹਦੇ ਇੱਕ ਹੂਟਰ ਵੱਜਦਾ ਹੈ, ਪਿੰਡ ਨਸ਼ੋ-ਨਸ਼ਾ ਹੋ ਜਾਂਦਾ ਹੈ। ਪਿੰਡ ਦੇ ਲਹਿੰਦੇ ਚੀਕ-ਚਿਹਾੜਾ ਪੈਂਦਾ ਹੈ, ਮਾਂ ਰੋਂਦੀ ਹੈ, ਤ੍ਰੀਮਤ ਪਿੱਟ-ਸਿਆਪਾ ਪਾਉਂਦੀ ਹੈ। ਲਲਕਾਰੇ ਵੱਜਦੇ ਹਨ। ਫਿਰ ਚੁੱਪ ਪੱਸਰਦੀ ਹੈ! ਇਹੋ ਜਿਹੀ ਆਵਾਜ਼ ਤਾਂ ਪਿੰਡ ਨੇ ਪਹਿਲਾਂ ਕਦੇ ਨਹੀਂ ਸੀ ਸੁਣੀ! ਪਿੰਡ ਤਦੇ ਉਦਾਸ ਹੈ। ਪਿੰਡ, ਪਿੰਡ ਨਹੀਂ ਰਿਹਾ! ਪਿੰਡ ਇੱਕ ਸਮੱਸਿਆ ਬਣ ਗਿਆ ਹੈ। ਉਹ ਪਿੰਡ, ਜਿਹੜਾ ਆਪਣੇ ਫ਼ੈਸਲੇ ਆਪ ਲੈਂਦਾ ਸੀ; ਉਹ ਪਿੰਡ, ਜਿਹੜਾ ਕਿਸੇ ਦੀ ਟੈਂਅ ਨਹੀਂ ਸੀ ਮੰਨਦਾ! ਅੱਜ ਦਿੱਸਦੇ ਸੋਹਣੇ ਮਕਾਨਾਂ, ਹੱਥਾਂ 'ਚ ਫੜੇ ਮੋਬਾਈਲਾਂ, ਵੱਡੀ ਖੇਤੀ ਮਸ਼ੀਨਰੀ ਦੇ ਭਾਰ ਹੇਠ ਦੱਬਿਆ ਭਰਮ-ਭੈਅ 'ਚ ਜੀਵਨ ਜਿਉਣ ਲਈ ਮਜਬੂਰ ਕਰ ਦਿੱਤਾ ਗਿਆ ਹੈ! ਪਿੰਡ ਉੱਠੇਗਾ! ਪਿੰਡ ਆਪਣੀ ਸਾਰ ਆਪ ਲਾਏਗਾ!

ਪਿੰਡ ਬਹੁਤੀ ਦੇਰ ਤਾਂ ਸੁੱਤਾ ਨਹੀਂ ਰਹਿ ਸਕਦਾ! ਪਿੰਡ ਐਨਾ ਬੇਪ੍ਰਵਾਹ ਵੀ ਨਹੀਂ ਹੋ ਸਕਦਾ!

# ਵਾਇਦੇ ਯਾਦ ਕਰਨ ਦਾ ਵੇਲਾ ਹੈ ਕੈਪਟਨ ਸਾਹਿਬ

ਪੰਜਾਬ ਵਿੱਚ ਕਾਂਗਰਸ ਸਰਕਾਰ ਦਾ ਇੱਕ ਵਰ੍ਹਾ ਪੂਰਾ ਹੋ ਗਿਆ ਹੈ। ਪੰਜਾਬ ਕਾਂਗਰਸ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਨੂੰ ਹੱਲ ਕਰਨ ਪ੍ਰਤੀ ਫੇਲ੍ਹ ਹੋਈ ਜਾਪਦੀ ਹੈ। ਵਾਇਦਾ ਸੀ ਕਾਂਗਰਸ ਦਾ ਕਿ ਪੰਜਾਬ ਵਿਚੋਂ ਨਸ਼ੇ ਖਤਮ ਕਰ ਦਿਤੇ ਜਾਣਗੇ, ਨਸ਼ਿਆਂ ਦਾ ਕਾਰੋਬਾਰ ਤਾਂ ਅੰਦਰੋਗਤੀ ਉਵੇਂ ਹੀ ਚੱਲ ਰਿਹਾ ਹੈ, ਜਿਵੇਂ ਪਹਿਲਾਂ ਸੀ। ਹਾਂ, ਨਸ਼ੇੜੀਆਂ 'ਤੇ 'ਪਰਚੇ' ਦਰਜ਼ ਹੋਏ ਹਨ। ਨਸ਼ਾ ਰੋਕੂ ਕੇਂਦਰਾਂ 'ਚ ਨਸ਼ੇੜੀਆਂ ਦੀ ਗਿਣਤੀ ਵਧੀ ਹੈ। ਪਰ ਵੱਡੀਆਂ ਮੱਛੀਆਂ ਨੂੰ ਕਾਬੂ ਕਰਨ ਵਾਲੇ ਕਦਮ ਕਿਥੇ ਹਨ? ਵਾਇਦਾ ਸੀ ਕਾਂਗਰਸ ਦਾ ਕਿ ਪੰਜਾਬ 'ਚੋਂ ਭ੍ਰਿਸ਼ਟਾਚਾਰ ਜੜ੍ਹੋਂ ਖਤਮ ਕਰ ਦਿੱਤਾ ਜਾਏਗਾ, ਪਰ ਇਹ ਤਾਂ "ਚਿੱਟੇ" ਵਾਂਗਰ ਚਿੱਟੇ ਦਿਨ ਉਵੇਂ ਹੀ ਚੱਲ ਰਿਹਾ ਹੈ। ਹਾਂ, ਵਿਜੀਲੈਂਸ ਵਲੋਂ ਕਿਧਰੇ, ਕਿਧਰੇ ਰਿਸ਼ਵਤ ਲੈਣ ਵਾਲੇ ਕਰਮਚਾਰੀ ਕਾਬੂ ਕੀਤੇ ਜਾ ਰਹੇ ਹਨ। ਪਰ ਭ੍ਰਿਸ਼ਟਾਚਾਰ ਤਾਂ, ਸਰੀਰਾਂ 'ਚ ਘਰ ਕਰ ਚੁੱਕੇ ਨਸ਼ੇ ਵਾਂਗਰ, ਪੰਜਾਬ 'ਚ ਪਸਰਿਆਂ ਪਿਆ ਹੈ। ਰੇਤਾ, ਖਣਣ, ਭੂ-ਮਾਫੀਆਂ ਉਵੇਂ ਹੀ ਸਰਗਰਮ ਹੈ, ਸਰਗਣੇ ਹੀ ਬਦਲੇ ਹਨ। ਹਾਂ, ਗੈਂਗਸਟਰਾਂ ਨੂੰ ਨੱਥ ਪਾਉਣ ਲਈ ਪੁਲਿਸ, ਪ੍ਰਸ਼ਾਸ਼ਨ ਸਰਕਾਰ ਨੇ ਹੱਥ ਕਰੜੇ ਕੀਤੇ ਹਨ, ਕਾਮਯਾਬੀ ਵੀ ਹਾਸਲ ਕੀਤੀ ਹੈ, ਸੱਤ ਧਾਰਮਿਕ ਨੇਤਾਵਾਂ ਦੀ ਹੱਤਿਆ ਦੇ ਪਿਛਲੇ ਕੇਸ ਵੀ ਸੁਲਝਾਏ ਹਨ, ਕਾਨੂੰਨ ਵਿਵਸਥਾ ਲਈ ਪੰਜਾਬ ਦੇ ਗੈਂਗਸਟਰ ਚਣੌਤੀ ਬਣੇ ਹੋਏ ਸਨ, ਪੁਲਿਸ ਨੇ ਗੈਂਗਸਟਰਾਂ 'ਚ ਡਰ ਪੈਦਾ ਕਰ ਦਿੱਤਾ ਹੈ ਭਾਵੇਂ ਕਿ ਰਿਪੋਰਟਾਂ ਅਨੁਸਾਰ ਹਾਲੇ ਵੀ 180 ਤੋਂ ਵੱਧ ਗੈਂਗਸਟਰ ਪੁਲਿਸ ਦੀ ਗ੍ਰਿਫਤ ਤੋਂ ਦੂਰ ਹਨ। ਪਰ ਆਮ ਆਦਮੀ ਦੇ ਮਨਾਂ ਵਿੱਚ ਡਰ ਹਾਲੇ ਵੀ ਜਿਉਂ ਦਾ ਤਿਉਂ ਕਿਉਂ ਹੈ?

ਕਾਂਗਰਸ ਦੀ ਸਰਕਾਰ ਨੇ ਪਿਛਲੀ ਸਰਕਾਰ ਦੇ ਹਲਕਾ ਇੰਚਾਰਜ਼ ਸਿਸਟਮ ਨੂੰ ਖਤਮ ਕਰਨ ਦਾ ਵੱਡਾ ਵਾਇਦਾ ਕੀਤਾ ਸੀ। ਇਸ ਸਬੰਧੀ ਪੁਲਿਸ ਦੀ ਕਾਰਜ ਪ੍ਰਣਾਲੀ 'ਚ ਸੁਧਾਰ ਦੀ ਦਿਸ਼ਾ 'ਚ ਕਦਮ ਵਧਾਏ ਗਏ ਸਨ ਪਰ ਜ਼ਮੀਨੀ ਪੱਧਰ ਦੀਆਂ ਰਿਪੋਰਟਾਂ ਇਹ ਦੱਸਦੀਆਂ ਹਨ ਕਿ ਹਾਲੇ ਵੀ ਹਾਕਮ ਵਿਧਾਇਕ ਜਾਂ ਹਲਕਾ ਇੰਚਾਰਜ ਦੀ ਮਰਜ਼ੀ ਤੋਂ ਬਿਨ੍ਹਾਂ ਸਾਰੇ ਮਾਮਲਿਆਂ 'ਚ ਪੁਲਿਸ ਪਰਚਾ ਦਰਜ਼ ਨਹੀਂ ਕਰ ਰਹੀ। ਪਿਛਲੀ ਸਰਕਾਰ ਵੇਲੇ ਤਾਂ ਹਾਲਤ ਅੱਤ ਦੇ ਖਰਾਬ ਸਨ, ਉਦੋਂ ਪੁਲਿਸ ਸਫੈਦਪੋਸ਼ਾਂ ਦੇ ਪ੍ਰਭਾਵ ਨੂੰ ਪੂਰੀ ਤਰ੍ਹਾਂ ਕਬੂਲੀ ਬੈਠੀ ਸੀ, ਪਰ ਹੁਣ ਤਸਵੀਰ ਕੁਝ ਬਦਲੀ ਜ਼ਰੂਰ ਹੈ। ਪਰ ਕੈਪਟਨ ਸਰਕਾਰ ਆਪਣਾ ਸਾਫ-ਸੁਥਰੀ ਸਰਕਾਰ ਵਾਲਾ ਅਕਸ ਕਿਉਂ ਨਹੀਂ ਬਣਾ ਸਕੀ?

ਪੰਜਾਬ ਕਾਂਗਰਸ ਅਸੰਬਲੀ ਚੋਣਾਂ ਤੋਂ ਪਹਿਲਾਂ ਰੇਤਾ-ਕੇਬਲ ਮਾਫੀਆਂ ਨੂੰ ਨੱਥ ਪਾਉਣ ਦੀ ਗੱਲ ਜ਼ੋਰ-ਸ਼ੋਰ ਨਾਲ ਕੀਤੀ ਸੀ। ਕੀ ਕੇਬਲ-ਰੇਤ ਮਾਫੀਆ ਉਵੇਂ ਹੀ ਸਰਗਰਮ ਨਹੀਂ ਹੈ? ਕੀ ਚੌਧਰੀ ਹੀ ਨਹੀਂ ਬਦਲੇ? ਪੰਜਾਬ ਦੇ ਲੋਕਾਂ ਲਈ ਜਿਆਦਾ ਨੁਕਸਾਨਦੇਹ ਰੇਤ ਮਾਫੀਆ ਹੈ, ਜਿਹੜਾ ਪੰਜਾਬ ਦੀ ਆਰਥਿਕਤਾ ਨੂੰ ਵਧੇਰੇ ਢਾਹ ਲਾ ਰਿਹਾ ਹੈ, ਲੋਕਾਂ ਨੂੰ ਲੁੱਟ ਰਿਹਾ ਹੈ ਅਤੇ ਜਿਸ ਵਿੱਚ ਭ੍ਰਿਸ਼ਟਾਚਾਰੀ ਅਫਸਰਾਂ, ਸਿਆਸਤਦਾਨਾਂ ਦੀ ਮਿਲੀ ਭੁਗਤ ਹੈ। ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਦੇ ਬਾਵਜੂਦ, ਇਸ ਮਾਫੀਏ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਪੁਲਿਸ ਪ੍ਰਸ਼ਾਸ਼ਨ ਨੇ ਜਿਵੇਂ ਗੈਂਗਸਟਰਾਂ 'ਚ ਡਰ ਪੈਦਾ ਕੀਤਾ ਹੈ, ਉਵੇਂ ਹੀ ਜਦ ਤਕ ਇਸ ਮਾਫੀਏ 'ਤੇ ਸਰਕਾਰੀ ਡੰਡੇ ਦਾ ਡਰ ਨਹੀਂ ਬੈਠੇਗਾ, ਉਦੋਂ ਤੱਕ ਕੈਪਟਨ ਅਮਰਿੰਦਰ ਸਿੰਘ ਦੀਆਂ ਖਣਨ-ਖੱਡਾਂ ਉਤੇ ਹਵਾਈ ਝਾਤੀਆਂ ਹਵਾ-ਹਵਾਈ ਬਣੀਆਂ ਹੀ ਦਿਸਣਗੀਆਂ।

ਕਿਸਾਨਾਂ ਦੇ ਮਾਮਲੇ ਉਤੇ ਕਾਂਗਰਸ ਦਾ ਕਿਸਾਨ ਕਰਜ਼ਾ ਮੁਆਫ ਕਰਨ ਦਾ ਵਾਇਦਾ, ਹਾਲੀ ਤੱਕ "ਅਫਸਰਸ਼ਾਹੀ-ਬਾਬੂਸ਼ਾਹੀ" ਦੀ ਭੇਟ ਚੜ੍ਹਿਆ ਦਿਸਦਾ ਹੈ। ਜਿਹੜੇ ਕਰਜ਼ਾ ਮੁਆਫ ਕਰਾਉਣ ਲਈ ਯੋਗ ਹਨ, ਉਹਨਾ ਨੂੰ ਰਾਹਤ ਨਹੀਂ ਮਿਲ ਰਹੀ, ਜਿਹੜੇ ਸਰਦੇ-ਪੁੱਜਦੇ ਕਿਸਾਨ ਹਨ, ਉਹ ਇਸਦਾ ਲਾਭ ਲੈ ਰਹੇ ਹਨ। ਭਾਵੇਂ ਕਿ ਸਰਕਾਰ ਵਲੋਂ ਲਗਾਤਾਰ ਕਿਹਾ ਜਾ ਰਿਹਾ ਹੈ ਕਿ ਸੂਬੇ ਦੇ 17 ਲੱਖ ਕਿਸਾਨਾਂ 'ਚੋਂ 10 ਲੱਖ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਮੁਆਫ ਕਰਨ ਲਈ ਸਰਕਾਰ ਵਚਨ ਬੱਧ ਹੈ। ਕਿਸਾਨ ਨਿੱਤ ਦਿਹਾੜੇ ਆਤਮਹੱਤਿਆ ਕਰ ਰਹੇ ਹਨ। ਆਰਥਿਕ ਸਮਾਜਿਕ ਕਾਰਨਾਂ ਕਰਕੇ ਮਾਨਸਿਕ ਰੋਗੀ ਬਣ ਰਹੇ ਹਨ ਅਤੇ ਬਾਵਜੂਦ ਕਿਸਾਨਾਂ ਹਿਤੂ ਹੋਣ ਦੇ ਦਮਗਜੇ ਮਾਰਨ ਦੇ ਪੰਜਾਬ ਸਰਕਾਰ ਵਲੋਂ ਕਰਜ਼ੇ ਦੇ ਬੋਝ ਥੱਲੇ ਦੱਬੇ ਛੋਟੇ ਕਿਸਾਨਾਂ ਦੇ ਬੈਂਕਾਂ, ਸਹਿਕਾਰੀ ਸੁਸਾਇਟੀਆਂ ਅਤੇ ਆੜ੍ਹਤੀਆਂ ਦੇ ਕਰਜ਼ੇ ਨਾ ਚੁਕਾਉਣ ਦੀ ਸੂਰਤ ਵਿੱਚ ਕੁਰਕੀਆਂ ਉਵੇਂ ਦੀ ਉਵੇਂ ਜਾਰੀ ਰੱਖਣ ਲਈ ਸਰਕਾਰ ਪੰਜਾਬ-ਹਰਿਆਣਾ ਹਾਈਕੋਰਟ 'ਚ ਦਲੀਲਾਂ ਦੇ ਰਹੀ ਹੈ। ਹਾਲਾਂਕਿ 109 ਸਾਲ ਪਹਿਲਾਂ 1908 'ਚ ਬਣਾਏ ਕਾਨੂੰਨ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਕੁਰਕੀ ਕਾਨੂੰਨ ਨੂੰ ਸਰਕਾਰ ਰੱਦ ਕਰ ਸਕਦੀ ਹੈ ਅਤੇ ਇਹ ਸਹਿਕਾਰੀ ਬੈਂਕਾਂ, ਹੋਰ ਵਿੱਤੀ ਸੰਸਥਾਵਾਂ ਅਤੇ ਆੜ੍ਹਤੀਆਂ ਉਤੇ ਵੀ ਲਾਗੂ ਕਰ ਸਕਦੀ ਹੈ, ਜਿਸਦਾ ਅਧਿਕਾਰ ਸਰਕਾਰ ਕੋਲ ਹੈ। ਇਹੋ ਜਿਹੀ ਹਾਲਤ ਵਿੱਚ ਸਰਕਾਰ ਕਿਸਾਨ ਹਿਤੈਸ਼ੀ ਹੋਣਾ ਦਾ ਦਾਅਵਾ ਗੁਆ ਤਾਂ ਨਹੀਂ ਬੈਠੀ?

ਨੌਜਵਾਨਾਂ ਲਈ ਸਰਕਾਰੀ ਜਾਂ ਗੈਰ-ਸਰਕਾਰੀ ਨੌਕਰੀਆਂ ਪੈਦਾ ਕਰਨਾ ਔਖਾ ਕੰਮ ਹੈ। ਪੰਜਾਬ ਦਾ ਖਜ਼ਾਨਾ ਖਾਲੀ ਹੋਣ ਦੀ ਆੜ ਵਿੱਚ ਮਸਾਂ ਕੁਝ ਕੁ ਮੁਲਾਜ਼ਮ ਭਰਤੀ ਕੀਤੇ ਗਏ ਹਨ, ਗੈਰ-ਸਰਕਾਰੀ ਤੌਰ 'ਤੇ ਪੰਜਾਬ ਵਿੱਚ ਕਿਸੇ ਵੱਡੀ ਉਦਯੋਗਿਕ ਇਕਾਈਆਂ ਦੀ ਹਾਲਤ ਤਾਂ 'ਚ ਤਾਂ ਨੌਕਰੀ ਬਣ ਹੀ ਨਹੀਂ ਸਕੀ, ਕਿਉਂਕਿ ਉਦਯੋਗਿਕ ਇਕਾਈਆਂ 'ਚ ਤਾਂ ਪਹਿਲਾਂ ਹੀ ਖਰਾਬ ਹੈ, ਬਠਿੰਡਾ ਥਰਮਲ ਪਲਾਂਟ ਬੰਦ ਹੋਣ ਕਾਰਨ ਕੁਝ ਮੁਲਾਜ਼ਮਾਂ ਦੀਆਂ ਨੌਕਰੀਆਂ ਖੁਸੀਆ ਹਨ। ਪਿਛਲੀ ਸਰਕਾਰਾਂ ਵਲੋਂ ਮੁਲਾਜ਼ਮ ਪੱਕੇ ਕਰਨ ਦੇ ਹੁਕਮਾਂ 'ਚ ਰੱਦੋ ਬਦਲ ਕਰਦਿਆਂ, ਇਹਨਾਂ ਮੁਲਾਜ਼ਮਾਂ ਖਾਸ ਕਰਕੇ ਅਧਿਆਪਕਾਂ ਦੀ ਦੋ ਤਿਹਾਈ ਤਨਖਾਹ ਤਿੰਨ ਸਾਲਾਂ ਲਈ ਘਟਾਉਣ ਦੀਆਂ ਗੱਲਾਂ ਚੱਲ ਰਹੀਆਂ ਹਨ। ਇਹੋ ਜਿਹੇ ਹਾਲਤਾਂ 'ਚ ਮੁਲਜ਼ਮ ਵਰਗ 'ਚ ਨਿਰਾਸ਼ਤਾ ਦਾ ਪੈਦਾ ਹੋਣਾ ਲਾਜ਼ਮੀ ਹੈ। ਜਾਪਦਾ ਹੈ ਕਾਂਗਰਸ ਸਰਕਾਰ ਨੂੰ ਚੋਣਾਂ ਤੋਂ ਪਹਿਲਾਂ ਦੇ ਮੁਲਾਜ਼ਮਾਂ ਨਾਲ ਕੀਤੇ ਵਾਇਦੇ, ਵਿਦਿਆਰਥੀਆਂ ਨੂੰ ਲੈਪਟੋਪ ਦੇਣ ਦੇ ਵਾਇਦੇ, ਬਜ਼ੁਰਗਾਂ ਦੀਆਂ ਪੈਨਸ਼ਨਾਂ ਦੋ ਗੁਣੀਆਂ ਕਰਨ ਦੇ ਵਾਇਦੇ ਤਾਂ ਜਿਵੇਂ ਭੁੱਲ ਹੀ ਗਏ ਹਨ। ਕੀ ਵਾਇਦਾ ਖਿਲਾਫੀ ਨੂੰ ਕਾਂਗਰਸ ਸਰਕਾਰ ਦੀ ਪ੍ਰਾਪਤੀ ਮਨ ਲਿਆ ਜਾਵੇ, ਜਿਹੜੀ ਦਾਅਵਾ ਕਰਦੀ ਹੈ ਕਿ ਉਸਨੇ 150 ਚੋਣ ਵਾਇਦੇ ਪੂਰੇ ਕਰ ਦਿੱਤੇ ਹਨ।

ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਿਛਲੀ ਸਰਕਾਰ ਤੋਂ ਹੁਣ ਵਾਲੀ ਸਰਕਾਰ ਨੂੰ ਵਿਰਾਸਤ ਵਿੱਚ ਬਹੁਤ ਖਰਾਬ ਸਥਿਤੀ ਮਿਲੀ ਹੈ। ਪੰਜਾਬ ਦਾ ਪੋਟਾ-ਪੋਟਾ ਕਰਜ਼ਾਈ ਹੋਇਆ ਪਿਆ ਹੈ। ਪਿਛਲੇ ਸਾਲ ਪੰਜਾਬ ਦਾ ਬਜ਼ਟ ਪੇਸ਼ ਕਰਦਿਆਂ ਸ: ਮਨਪ੍ਰੀਤ ਸਿੰਘ ਬਾਦਲ ਵਿੱਤ ਮੰਤਰੀ ਪੰਜਾਬ ਨੇ ਕਿਹਾ ਸੀ ਕਿ ਵਿੱਤੀ ਸਾਲ 2017-18 ਦੇ ਖਾਤਮੇ 'ਤੇ ਕੁਲ ਮਿਲਾਕੇ ਪੰਜਾਬ ਸਿਰ 1.95 ਲੱਖ ਕਰੋੜ ਦਾ ਕਰਜ਼ਾ ਹੋ ਜਾਏਗਾ(ਜੋ ਸ਼ਾਇਦ ਹੁਣ 2 ਲੱਖ ਕਰੋੜ ਵੀ ਟੱਪ ਚੁੱਕਾ ਹੋਏਗਾ) ਕਿਸਾਨਾਂ ਦੇ ਕਰਜ਼ੇ ਦੀ ਮੁਆਫੀ ਲਈ ਇਸ ਬਜ਼ਟ ਵਿੱਚ 1500 ਕਰੋੜ ਰੁਪਏ ਰੱਖੇ ਗਏ ਸਨ ਅਤੇ ਇਹ ਵੀ ਕਿਹਾ ਗਿਆ ਸੀ ਕਿ ਨੌਜਵਾਨਾਂ ਲਈ ਹਰ ਵਰ੍ਹੇ ਇੱਕ ਲੱਖ ਵਾਧੂ ਨਵੀਆਂ ਨੌਕਰੀਆਂ ਸਿਰਜੀਆਂ ਜਾਣਗੀਆਂ ਅਤੇ ਪੰਜਾਬ ਵਿਚਾਲੇ ਵਿਕਾਸ ਕਾਰਜ ਹਰ ਹੀਲੇ ਚਾਲੂ ਰੱਖੇ ਜਾਣਗੇ। ਪਰ ਇੱਕ ਵਰ੍ਹੇ ਵਿੱਚ ਸਰਕਾਰ ਕਿਧਰੇ ਵੀ ਵਿਕਾਸ ਕਾਰਜ਼ਾਂ 'ਚ ਜੁੱਟੀ ਨਜ਼ਰ ਨਹੀਂ ਆਈ, ਨਵੀਆਂ ਨੌਕਰੀਆਂ ਤਾਂ ਕੀ ਪੈਦਾ ਕੀਤੀਆਂ ਜਾਣੀਆਂ ਸਨ, ਨੌਕਰੀਆਂ ਕਰਨ ਵਾਲਿਆਂ ਨੂੰ ਤਨਖਾਹਾਂ ਦੇਣ ਦੇ ਲਾਲ਼ੇ ਪਏ ਹੋਏ ਹਨ। ਪੰਜਾਬ ਦੀ ਸਰਕਾਰ ਸ਼ੇਖਚਿਲੀ ਦੇ ਸੁਫਨਿਆਂ ਵਰਗੀ ਸਰਕਾਰ ਚਲਾਉਣ ਦੇ ਰਾਹੇ ਤਾਂ ਨਹੀਂ ਪਈ ਹੋਈ?

ਖਜ਼ਾਨਾ ਖਾਲੀ ਹੋਣ ਦੇ ਨਾਮ ਉਤੇ ਲੋਕਾਂ ਦੇ ਵਿਕਾਸ ਕਾਰਜ ਰੋਕੇ ਨਹੀਂ ਜਾ ਸਕਦੇ, ਨਾ ਮੁਲਾਜ਼ਮਾਂ ਦੀਆਂ ਨੌਕਰੀਆਂ ਖੋਹੀਆ ਜਾ ਸਕਦੀਆਂ ਹਨ। ਸੈਂਕੜੇ ਕੇਂਦਰੀ ਸਰਕਾਰ ਦੀਆਂ ਸਕੀਮਾਂ ਹਨ, ਜਿਹਨਾ ਸਕੀਮਾਂ ਤੋਂ ਪ੍ਰਾਜੈਕਟ ਬਣਾਕੇ ਲੋਕ ਭਲੇ ਹਿੱਤ ਵੱਡੀਆਂ ਰਕਮਾਂ ਲਈਆਂ ਜਾ ਸਕਦੀਆਂ ਹਨ। ਇਸ ਸਬੰਧੀ ਕੰਮ ਕਰਨ ਲਈ ਹੱਥ ਤੇ ਹੱਥ ਧਰਨੇ ਬੈਠੀ ਪੰਜਾਬ ਦੀ ਅਫਸਰਸ਼ਾਹੀ ਨੂੰ ਤੇਜ਼ ਕਰਨ ਦੀ ਲੋੜ ਪਵੇਗੀ। ਸਿਰਫ "ਚਾਹ ਦੇ ਕੱਪ" ਦਫਤਰਾਂ 'ਚ ਪਿਆਉਣੇ ਬੰਦ ਕਰਕੇ ਬਜ਼ਟ ਦੇ ਘਾਟੇ ਪੂਰੇ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਬਿਨਾ ਸੰਜੀਦਾ ਕੋਸ਼ਿਸ਼ਾਂ ਕੀਤਿਆਂ ਰਾਜ ਭਾਗ ਸੰਭਾਲਿਆ ਜਾ ਸਕਦਾ ਹੈ, ਦੂਰ ਦ੍ਰਿਸ਼ਟੀ ਨਾਲ, ਫਜ਼ੂਲ ਖਰਚਿਆਂ ਉਤੇ ਰੋਕ ਲਾਕੇ, ਸਲਾਹਕਾਰਾਂ ਦੀ ਫੌਜ ਦੀ ਛੁੱਟੀ ਕਰਕੇ, ਅਫਸਰਾਂ ਦੀ ਹਰ ਕੰਮ ਲਈ ਨਿੱਜੀ ਜਵਾਬਦੇਹੀ ਤਹਿ ਕਰਕੇ, ਪੁਲਿਸ ਅਤੇ ਪ੍ਰਸ਼ਾਸ਼ਨ ਦੇ ਕੰਮ ਦੀ ਗਤੀ ਤੇਜ਼ ਕਰਵਾਕੇ ਹੀ ਪੰਜਾਬ ਦੀ ਸਥਿਤੀ ਨੂੰ ਥਾਂ ਸਿਰ ਕੀਤਾ ਜਾ ਸਕਦਾ ਹੈ। ਭੈੜੇ ਰਾਜ ਪ੍ਰਬੰਧ ਦਾ ਸੁਆਦ ਚੱਖਕੇ ਪ੍ਰਵਾਸੀ ਪੰਜਾਬੀ ਪੰਜਾਬ ਤੋਂ ਮੁੱਖ ਮੋੜ ਬੈਠੇ ਹਨ, ਜਿਹੜੇ ਪੰਜਾਬ 'ਚ ਵੱਡੇ ਉਦਯੋਗ ਲਗਾ ਸਕਦੇ ਹਨ, ਕੰਪਨੀਆਂ ਖੋਲ੍ਹ ਸਕਦੇ ਹਨ, ਨੌਕਰੀਆਂ ਦੀ ਭਰਮਾਰ ਕਰ ਸਕਦੇ ਹਨ। ਪੰਜਾਬ ਦੀ ਹਾਲਾਤ ਸੁਧਾਰਨ ਲਈ ਉਹਨਾ ਦੀ ਸਹਾਇਤਾ, ਸਹਿਯੋਗ ਲਾਜ਼ਮੀ ਹੈ। ਪੰਜਾਬ 'ਚ ਵੱਡੇ ਉਦਯੋਗ ਲਗਾਏ ਬਿਨ੍ਹਾਂ ਸਿਰਫ ਖੇਤੀ ਅਧਾਰਤ ਰਹਿਕੇ ਕਿਵੇਂ ਬਚੇਗਾ ਖੇਤੀ ਤਾਂ ਪਹਿਲਾਂ ਹੀ ਘਾਟੇ ਦਾ ਸੌਦਾ ਬਣ ਚੁੱਕੀ ਹੈ।

ਕੈਪਟਨ ਸਾਹਿਬ, ਇਹ ਵੇਲਾ ਵਾਇਦੇ ਯਾਦ ਕਰਨ ਦਾ ਹੈ ਅਤੇ ਵਾਇਦੇ ਨਿਭਾਉਣ ਦਾ ਹੈ। ਖੁੰਝਿਆ ਵੇਲਾ ਹੱਥ ਨਹੀਂ ਆਉਣਾ।

ਸ੍ਰੀ ਸੀ ਐਲ ਚੁੰਬਰ ਜੀ ਦੁਆਰਾ ਪ੍ਰਕਾਸ਼ਿਤ ਕੀਤੇ ਜਾਂਦੇ ਰਹੇ 'ਕੌਮੀ ਉਡਾਰੀਆਂ', ਜਲੰਧਰ (1985) 'ਚੋਂ ਧੰਨਵਾਦ ਸਹਿਤ

## ਇਹ ਅੱਜ ਕੌਣ ਆਇਆ ਸਵੇਰੇ ਸਵੇਰੇ

ਬੜਾ ਸ਼ੋਰ ਪੈਂਦਾ ਗਰੀਬਾਂ ਦੇ ਡੇਰੇ,
ਇਹ ਅੱਜ ਕੌਣ ਆਇਆ ਸਵੇਰੇ ਸਵੇਰੇ।

ਸਦੀਆਂ ਤੋਂ ਚਲਦਾ ਸਮਾਂ ਰੁਕ ਗਿਆ ਏ,
ਪੁਰਾਣੇ ਵਿਚਾਰਾਂ ਦਾ ਸਿਰ ਝੁਕ ਗਿਆ ਏ।
ਬੁੱਢੇ ਜਿਹੇ ਕਾਨੂੰਨਾਂ ਦੇ ਧੁਆਂਖੇ ਗਏ ਚਿਹਰੇ, ਇਹ ...।

ਜਦੋਂ ਪੈਰ ਪੁੱਟਦਾ ਤਾਂ ਪੱਥਰ ਤਿੜਕਦੇ,
ਜਦੋਂ ਮੂੰਹੋਂ ਬੋਲੇ ਤਾਂ ਧੌਲਰ ਥਿੜਕਦੇ।
ਬੌਣੇ ਲੱਗਣ ਲੋਕ ਜਿਸ ਦੇ ਅਗੇਰੇ, ਇਹ ...।

ਇਹ ਕੀ ਦੇਣ ਆਇਆ ਤੇ ਕੀ ਲੈਣ ਆਇਆ,
ਇਹ ਕੀ ਸੁਣਨ ਆਇਆ ਤੇ ਕੀ ਕਹਿਣ ਆਇਆ।
ਸਮਝਣ 'ਚ ਅਸਮਰੱਥ ਹੋ ਗਏ ਵਡੇਰੇ, ਇਹ ...

ਬਗਾਵਤ ਲਈ ਦਾਸਾਂ ਨੂੰ ਕਰਦਾ ਇਸ਼ਾਰੇ,
ਕਬਰਾਂ ਦੇ ਮੁਰਦੇ ਵੀ ਭਰਦੇ ਹੁੰਗਾਰੇ।
ਮਜ਼ਬੂਤ ਹੋ ਗਏ ਯਤੀਮਾਂ ਦੇ ਜੇਰੇ। ਇਹ ...

ਨਵੀਂ ਇਹ ਦੀ ਥਿਊਰੀ ਨਵਾਂ ਇਹਦਾ ਖਾਸਾ,
ਇਹ ਜ਼ਿੰਦਗੀ ਦਾ ਚਾਹੁੰਦਾ ਬਦਲ ਦੇਣਾ ਪਾਸਾ।
ਲੁਕ ਲੁਕ ਕੇ ਰੋਂਦੇ ਸਮਾਜੀ ਲੁਟੇਰੇ, ਇਹ ...

ਕਲਮ ਲੈ ਕੇ ਜਦ ਉਹ ਹੋਇਆ ਉਦਾਲੇ,
ਡਿੱਗ-ਡਿੱਗ ਕੇ ਟੁੱਟ ਗਏ ਟੰਗੇ ਹੋਏ ਪਿਆਲੇ।
ਵੇਦਾਂ ਤੇ ਮੰਦਰਾਂ 'ਚੋਂ ਨੱਸਦੇ ਅਨ੍ਹੇਰੇ, ਇਹ ...।

ਛੰਨਾਂ ਤੇ ਢਾਰਿਆਂ ਦਾ ਦਸਦਾ ਉਜਾਲਾ,
'ਆਲਮ' 'ਚ ਹੈ ਹੁਣ ਕੁਝ ਹੋਣ ਵਾਲਾ।
ਲੱਖਾਂ ਲੋਕ ਜੁੜ ਬੈਠੇ ਜਿਸ ਦੇ ਚੁਫੇਰੇ, ਇਹ ...।

– ਗੁਰਦਾਸ ਰਾਮ ਆਲਮ




# ਕਿਵੇਂ ਅਤੇ ਕਿੱਥੇ ਕੀਤੀ ਜਾਵੇ ਦਾਨ ਦੀ ਸਹੀ ਵਰਤੋਂ

ਜਸਵਿੰਦਰ ਘਨੌਰ
91-87278-32086

ਭਾਰਤ ਇੱਕ ਅਜਿਹਾ ਦੇਸ ਹੈ ਜਿੱਥੇ ਬਹੁ -ਧਰਮਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। ਸਾਰੇ ਲੋਕਾਂ ਦੀ ਮਾਣ ਮਰਿਆਦਾ ਵੱਖ - ਵੱਖ ਧਰਮਾ ਨਾਲ ਜੁੜੀ ਹੈ। ਸਾਰੇ ਲੋਕ ਇੱਕ ਦੂਜੇ ਦੇ ਧਰਮ ਦਾ ਸਤਿਕਾਰ ਕਰਦੇ ਹਨ। ਸਾਡੇ ਦੇਸ ਵਿੱਚ ਕਾਨੂੰਨ ਵੱਲੋਂ ਵੀ ਧਰਮ ਨਿਰਪੱਖਤਾ ਦਾ ਅਧਿਕਾਰ ਪ੍ਰਾਪਤ ਹੈ, ਕੋਈ ਵੀ ਵਿਆਕਤੀ ਆਪਣੀ ਮਨ ਮਰਜੀ ਅਨੁਸਾਰ ਕਿਸੇ ਵੀ ਧਰਮ ਨੂੰ ਮੰਨ ਸਕਦਾ ਹੈ ਅਤੇ ਪਾਠ ਕਰ ਸਕਦਾ ਹੈ। ਧਰਮ ਦੇ ਰਾਹ 'ਤੇ ਚਲਦਿਆਂ ਇਨਾ ਲੋਕਾਂ ਦਾ ਦਾਨ ਪੁੰਨ ਵਿੱਚ ਵੀ ਵੱਡਾ ਵਿਸਵਾਸ ਹੈ। ਇਸ ਕਰਕੇ ਧਾਰਮਿਕ ਸਥਾਨਾਂ ਤੇ ਹਰ ਵੇਲੇ ਸਰਧਾਲੂਆਂ ਦਾ ਤਾਂਤਾਂ ਲੱਗਿਆ ਰਹਿੰਦਾ ਹੈ। ਇਨ੍ਹਾ ਲੋਕਾਂ ਦੁਆਰਾ ਵੱਡੀ ਗਿਣਤੀ ਵਿੱਚ ਦਾਨ ਪੁੰਨ ਕੀਤੇ ਜਾਂਦੇ ਹਨ। ਇਨਾ ਸਥਾਨਾ 'ਤੇ ਜੋ ਇਨਾਂ ਲੋਕਾਂ ਨਾਲ ਧੱਕਾ ਹੁੰਦਾ ਹੈ ਉਹ ਸਭ ਦੀਆਂ ਨਜਰਾਂ ਤੋਂ ਦੂਰ ਰਿਹਾ ਹੈ। ਇਹ ਧੱਕਾ ਕੀਤਾ ਜਾਂਦਾ ਉੱਥੋਂ ਦੇ ਪ੍ਰਬੰਧਕਾ ਦੁਆਰਾ ਅਤੇ ਭਿਖਾਰੀਆਂ ਦੁਆਰਾ। ਕਿਸੇ ਵੀ ਧਾਰਮਿਕ ਸਥਾਨਾਂ 'ਤੇ ਚਲੇ ਜਾਓ ਭਾਵੇ ਕੋਈ ਗੁਰੂਦੁਆਰਾ ਸਾਹਿਬ ਹੋਵੇ, ਕੋਈ ਮੰਦਿਰ ਜਾਂ ਕੋਈ ਮਸੀਤ ਹੋਵੇ, ਵੱਡੀ ਗਿਣਤੀ ਵਿੱਚ ਚੜ੍ਹਾਵਾ ਚੜਦਾ ਹੈ। ਇੱਥੇ ਥਾਂ ਥਾਂ ਗੋਲਕਾਂ ਪਿੱਛੇ ਨਿੱਤ ਲੜਾਈਆਂ ਹੁੰਦੀਆਂ ਹਨ। ਦੂਜੇ ਪਾਸੇ ਮੰਗਣ ਵਾਲੇ ਵੀ ਹਰ ਜਗਾ ਮਿਲ ਜਾਣਗੇ। ਪਤਾ ਨਹੀ ਕੋਈ ਕਿੰਨਾ ਦੁੱਖਾਂ ਦਾ ਮਾਰਿਆ ਹੁੰਦਾ ਹੈ ਪਰ ਇਹ ਲੋਕ ਉਹਨਾ ਦਾ ਮਜਾਕ ਬਣਾ ਛੱਡਦੇ ਹਨ। ਇਨਾ ਮੰਗਣ ਵਾਲਿਆ ਵਿੱਚ ਜਿਆਦਾਤਰ ਔਰਤਾਂ ਅਤੇ ਛੋਟੇ ਬੱਚੇ ਹੁੰਦੇ ਹਨ। ਇਹ ਬੱਚੇ ਲੋਕਾਂ ਦੇ ਮਗਰ ਲੱਗ ਕੇ ਉਨਾ ਨਾਲ ਅੜੀ ਕਰਕੇ ਉਨਾ ਦੀਆਂ ਜੇਬਾਂ 'ਚੋਂ ਕੁੱਝ ਨਾ ਕੁੱਝ ਕਢਾ ਹੀ ਲੈਂਦੇ ਹਨ। ਮੇਰੇ ਨਾਲ ਅਜਿਹੀਆਂ ਘਟਨਾਵਾਂ ਅਕਸਰ ਹੀ ਹੁੰਦੀਆਂ ਰਹੀਆਂ ਹਨ। ਅਜੇ ਪਿਛਲੇ ਹਫਤੇ ਦੀ ਗੱਲ ਹੈ ,ਮੈਂ ਮਲੇਰਕੋਟਲੇ ਬਾਬਾ ਹਦਰ ਸ਼ੇਖ ਜੀ ਦੀ ਦਰਗਾਹ 'ਤੇ ਮੱਥਾ ਟੇਕਣ ਗਿਆ। ਉੱਥੇ ਪਹੁੰਚਦੇ ਹੀ 3-4 ਮੰਗਣ ਵਾਲੇ ਮੇਰੇ ਆਲੇ ਦੁਆਲੇ ਘੁੰਮਣ ਲੱਗੇ ਪਰ ਔਖਾ ਸੋਖਾ ਮੈਂ ਅੱਗੇ ਲੰਘ ਗਿਆ। ਇੱਕ ਨੌਜਵਾਨ ਲੜਕੀ ਨੇ ਮੇਰਾ ਗੁੱਟ ਫੜ ਕੇ ਧੱਕੇ ਨਾਲ ਕੋਈ ਧਾਗਾ ਬੰਨਣਾ ਚਾਹਿਆ ਪਰ ਮੈਂ ਚਿੜਕ ਕੇ ਉਸ ਨੂੰ ਪਿੱਛੇ ਕੀਤਾ। ਅੱਗੇ ਜਾ ਕੇ ਦੇਖਿਆ ਕਿ ਰਸਤੇ ਵਿੱਚ ਹੀ ਚਾਂਦਰਾ ਵਿਛਾ ਕੇ ਬੈਠੇ ਵਿਆਕਤੀ ਅੱਲਾ ਦੇ ਨਾਮ ਤੇ ਮੰਗ ਰਹੇ ਸੀ। ਜਦੋਂ ਮੈਂ ਮੱਥਾ ਟੇਕ ਕੇ ਬਾਹਰ ਨਿਕਲਿਆ ਤਾਂ ਵੱਡੀ ਗਿਣਤੀ ਵਿੱਚ ਸਾਧੂ ਲਾਇਨ ਬਣਾ ਕੇ ਬੈਠੇ ਸੀ। ਸਾਰੇ ਸਹੀ ਸਲਾਮਤ ਤੇ ਤੰਦਰੁਸਤ ਸੀ। ਇਹ ਉਹ ਲੋਕ ਹਨ ਜੋ ਦਸਾਂ ਨੂੰਹਾਂ ਨਾਲ ਮਿਹਨਤ ਕਰਨ ਤੋਂ ਕੰਨੀ ਕਤਰਾਉਂਦੇ ਹਨ। ਇਹ ਹਾਲਾਤ ਸਿਰਫ ਇੱਥੋਂ ਦੇ ਹੀ ਨਹੀ ਹਨ, ਸਭ ਪਾਸੇ ਇਹੀ ਹਾਲ ਹੈ।

ਜੇ ਕਿਤੇ ਹਰਿਮੰਦਰ ਸਾਹਿਬ ਮੱਥਾ ਟੇਕਣ ਚਲੇ ਜਾਈਏ ਤਾਂ ਉੱਥੇ ਵੀ ਤੰਗ ਪ੍ਰੇਸ਼ਾਨ ਕਰਨ ਲਈ ਵਾਧੂ ਮੰਗਤੇ ਮਿਲ ਜਾਣਗੇ। ਜਦੋਂ ਗੁਰੂਦੁਆਰਾ ਸਾਹਿਬ ਤੋਂ ਬਾਹਰ ਨਿਕਲੋ ਤਾਂ ਮੰਗਣ ਵਾਲੀਆਂ ਔਰਤਾਂ ਅਤੇ ਬੱਚਿਆਂ ਦੀ ਕੋਈ ਕਮੀ ਨਹੀਂ। ਇਹ ਲੋਕ ਜਿੱਦ ਫੜ ਕੇ ਮਗਰ ਤੁਰ ਪੈਂਦੇ ਹਨ। ਇਨਾ ਵੱਲੋਂ ਹੱਦ ਤਾਂ ਉਦੋਂ ਝਹੋ ਜਾਦੀ ਹੈ ਜਦੋਂ ਇਕੱਠੇ ਤੁਰੇ ਜਾਂਦੇ ਭੈਣ- ਭਰਾ ਨੂੰ ਇਹ ਕਹਿ ਕੇ ਸੰਬੋਧਨ ਕਰਦੇ ਹਨ ਕਿ " ਕਿ ਤੁਹਾਡੀ ਜੋੜੀ ਸਲਾਮਤ ਰਹੇ"। ਕੀ ਇਨਾ ਨੂੰ ਰੋਕਣ ਵਾਲਾ ਕੋਈ ਵੀ ਨਹੀਂ ਜੋ ਇੱਕ ਭੈਣ-ਭਰਾ ਦੇ ਰਿਸਤੇ ਨੂੰ ਬਿਨਾ ਸੋਚੇ ਸਮਝੇ ਗਲਤ ਨਾਮ ਦਿੰਦੇ ਹਨ। ਇੱਥੇ ਰੋਜਾਨਾ ਲੱਖਾਂ ਦੀ ਗਿਣਤੀ ਵਿੱਚ ਵਿਦੇਸੀ ਸੈਲਾਨੀ ਵੀ ਘੁੰਮਣ ਆਉਂਦੇ ਹਨ। ਇਹ ਮੰਗਣ ਵਾਲੇ ਧੱਕੇ ਨਾਲ ਉਨਾ ਦੀ ਜੇਬ ਵਿੱਚੋਂ ਕੁੱਝ ਨਾ ਕੁੱਝ ਕਢਾ ਹੀ ਲੈਂਦੇ ਹਨ। ਉਨਾ ਨੂੰ ਤੰਗ ਕਰਨ ਦਾ ਇਨਾ ਮੰਗਤਿਆਂ ਨੂੰ ਕੋਈ ਅਧਿਕਾਰ ਨਹੀ। ਹਰਿਮੰਦਰ ਸਾਹਿਬ ਵਿਖੇ ਤਾਂ ਰੋਜਾਨਾ ਲੱਖਾਂ ਦੀ ਗਿਣਤੀ ਵਿੱਚ ਲੋਕਾਂ ਨੂੰ ਲੰਗਰ ਛਕਾਇਆ ਜਾਂਦਾਂ ਹੈ। ਗੁਰੂ ਦੀ ਇਸ ਨਗਰੀ ਵਿੱਚ ਕਿਵੇਂ ਕੋਈ ਭੁੱਖਾ ਸੌਂ ਸਕਦਾ ਹੈ। ਤਾਂ ਇੱਥੇ ਏਨੇ ਮੰਗਣ ਵਾਲੇ ਕਿਉਂ। ਇੱਕ ਘਟਨਾ ਹੋਰ ਏਸ ਹੋਲੇ ਮੁਹੱਲੇ ਸ੍ਰੀ ਆਨੰਦਪੁਰ ਸਾਹਿਬ ਵਿਖੇ ਦੇਖਣ ਨੂੰ ਵੀ ਮਿਲੀ ਸੀ ਅਤੇ ਉਸ ਦੀ ਵੀਡੀਓ ਵੀ ਵਾਇਰਲ ਹੋਈ ਸੀ। ਕਹਾਣੀ ਇਹ ਸੀ ਕਿ ਇੱਕ ਔਰਤ ਨੇ ਆਪਣੀ ਲੱਤ ਉੱਪਰ ਕੌਹੜ ਦੀ ਬਿਮਾਰੀ ਦਾ ਨਕਲੀ ਜਖ਼ਮ ਬਣਾ ਰੱਖਿਆ ਸੀ ਅਤੇ ਇੱਕ ਪੂਰੀ ਬਾਂਹ ਤੇ ਪੱਟੀ ਕੀਤੀ ਹੋਈ। ਉਹ ਆਪਣੀ ਇਸ ਝੂਠੀ ਬਿਮਾਰੀ ਦਾ ਢੌਂਗ ਕਰਕੇ ਲੋਕਾਂ ਨੂੰ ਮੂਰਖ ਬਣਾ ਰਹੀ ਸੀ। ਉੱਥੇ ਹੀ ਇੱਕ ਸੂਝਵਾਨ ਵੀਰ ਨੇ ਉਸ ਔਰਤ ਦੇ ਝੂਠ ਦਾ ਪਰਦਾਫਾਸ ਕੀਤਾ। ਜਦੋਂ ਉਸ ਦੀ ਬਾਂਹ ਤੋਂ ਪੱਟੀ ਉਤਾਰ ਕੇ ਦੇਖੀ ਗਈ ਤਾਂ ਉਹ ਬਿਲਕੁਲ ਠੀਕ ਸੀ। ਕੀ ਉਹ ਔਰਤ ਸਰੀਰਕ ਤੌਰ ਉੱਤੇ ਤੰਦਰੁਸਤ ਹੁੰਦੀ ਹੋਈ ਕੋਈ ਕੰਮ ਨਹੀ ਕਰ ਸਕਦੀ। ਇਹ ਉਹ ਲੋਕ ਹਨ ਜੋ ਰੱਬ ਦਾ ਸਭ ਦਿੱਤਾ ਹੋਣ ਦੇ ਬਾਵਜੂਦ ਮਿਹਨਤ ਕਰਨ ਤੋਂ ਭੱਜਦੇ ਹਨ। ਉਨਾ ਲੋਕਾਂ ਨੇ ਭੀਖ ਮੰਗਣ ਨੂੰ ਹੀ ਆਪਣਾ ਕਿੱਤਾ ਬਣਾ ਲਿਆ। ਨਿੱਕੇ ਨਿੱਕੇ ਬੱਚੇ ਜਿਨਾਂ ਦੀ ਪੜਨ ਲਿਖਣ ਅਤੇ ਖੇਡਣ ਦੀ ਉਮਰ ਹੈ, ਉਨ੍ਹਾ ਨੂੰ ਸਵੇਰ ਹੁੰਦਿਆ ਹੀ ਭੀੜ-ਭੜੱਕੇ ਵਾਲੀਆਂ ਥਾਵਾਂ ਤੇ ਛੱਡ ਦਿੱਤਾ ਜਾਂਦਾ ਹੈ। ਕੀ ਇਨਾ ਬੱਚਿਆਂ ਤੋਂ ਭੀਖ ਮੰਗਵਾਉਣਾ ਬਾਲ ਮਜਦੂਰੀ ਨਹੀ। ਕੀ ਇਹ ਬੱਚਿਆਂ ਨੂੰ ਦੇਸ ਦਾ ਭਵਿੱਖ ਮੰਨਿਆ ਜਾ ਸਕਦਾ ਹੈ ? ਕਦੇ ਵੀ ਨਹੀਂ । ਸਰਕਾਰ ਨੂੰ ਅਪੀਲ ਹੈ ਕਿ ਇਨਾਂ ਬੱਚਿਆਂ ਵੱਲ ਵੀ ਨਜਰ ਮਾਰੇ। ਭਿਖਾਰੀਆਂ ਵਿਰੁੱਧ ਵੀ ਕੋਈ ਕਾਨੂੰਨ ਬਣਾਇਆ ਜਾਵੇ ਅਤੇ ਸਿਰਫ ਲੋੜਵੰਦ ਲੋਕਾਂ ਲਈ ਆਸ਼ਰਮ ਬਣਾਏ ਜਾਣ। ਇਨਾਂ ਬੱਚਿਆਂ ਨੂੰ ਪੜਾਇਆ ਜਾਵੇ ਧਾਰਮਿਕ ਸਥਾਨਾਂ ਦੇ ਪ੍ਰਬੰਧਕਾਂ ਨੂੰ ਵੀ ਇਸ ਸਬੰਧੀ ਹੱਥ ਬੰਨ ਕੇ ਬੇਨਤੀ ਹੈ ਕਿ ਇਹਨਾ ਮੰਗਣ ਵਾਲੇ ਲੋਕਾਂ ਨੂੰ ਧਾਰਮਿਕ ਸਥਾਨਾਂ ਤੋਂ ਦੂਰ ਰੱਖਿਆ ਜਾਵੇ ਅਤੇ ਮੰਗਣ ਨਾ ਦਿੱਤਾ ਜਾਵੇ। ਥੋੜਾ ਬਹੁਤ ਸਾਡੇ ਸਮਾਜ ਨੂੰ ਵੀ ਇਸ ਪ੍ਰਤੀ ਜਾਗਰੂਕ ਹੋਣ ਦੀ ਬਹੁਤ ਲੋੜ ਕਿ ਅਜਿਹੇ ਵਿਅਕਤੀਆਂ ਨੂੰ ਰੋਕਿਆ ਜਾਵੇ ਅਤੇ ਉਨ੍ਹਾਂ ਨੂੰ ਕੋਈ ਵੀ ਰੁਪਇਆ ਜਾਂ ਪੈਸਾ ਨਾ ਦਿੱਤਾ ਜਾਵੇ। ਸਮਾਜ ਨੂੰ ਦਾਨ ਦੀ ਸਹੀ ਵਰਤੋਂ ਦਾ ਪਤਾ ਹੋਣਾ ਚਾਹੀਦਾ ਹੈ।




ਅਗਰ ਕਿਤੇ ਸਕੂਲ ਜਾਂ ਹਸਪਤਾਲ ਬਣਾਉਣਾ ਹੋਵੇ ਤਾਂ ਪੈਸੇ ਇਕੱਠੇ ਨੀ ਹੰਦੇ , ਉੱਥੇ ਹੀ ਜੇ ਗੱਲ ਗੁਰੂਦੁਆਰਾ ਸਾਹਿਬ ਬਣਾਉਣ ਦੀ ਆ ਜਾਵੇ ਤਾਂ ਰਾਤੋ ਰਾਤ ਪੈਸਾ ਇਕੱਠਾ ਹੋ ਜਾਦਾਂ ਹੈ ਪਤਾ ਵੀ ਨੀ ਚਲਦਾ ਕਿ ਪੈਸਾ ਆ ਕਿੱਥੋਂ ਰਿਹਾ ਹੈ। ਅਗਰ ਦਾਨ ਕਰਨਾ ਹੈ ਤਾਂ ਕਿਸੇ ਲੋੜਵੰਦ ਦੀ ਮੱਦਦ ਕਰੋ ਜਿੱਥੋਂ ਤੁਹਾਨੂੰ ਸੱਚੇ ਦਿਲੋਂ ਅਸ਼ੀਸ਼ ਮਿਲੇ।

ਉੱਥੇ ਪ੍ਰਮਾਤਮਾ ਵੀ ਤੁਹਾਡੇ ਨਾਲ ਹੋਵੇਗਾ ਅਤੇ ਤੁਹਾਡਾ ਕੀਤਾ ਦਾਨ ਅੰਜਾਈ ਨਹੀ ਜਾਏਗਾ। ਬਹੁਤ ਸਾਰੇ ਅਜਿਹੇ ਬੱਚੇ ਵੀ ਹੋਣਗੇ ਜਿੰਨਾ ਕੋਲ ਸਕੂਲ ਦੀ ਫੀਸ ਭਰਨ ਲਈ ਪੈਸੇ ਨਹੀਂ ਹੁੰਦੇ, ਉਨਾ ਦੀ ਫੀਸ ਭਰੀ ਜਾਵੇ ਜਾਂ ਕੋਈ ਕਾਪੀ ਕਿਤਾਬ ਲੈ ਕੇ ਦਿੱਤੀ ਜਾਵੇ। ਤੁਹਾਡੇ ਆਲੇ ਦੁਆਲੇ ਬਹੁਤ ਸਾਰੇ ਅਜਿਹੇ ਲੋਕ ਹੋਣਗੇ ਜਿੰਨਾ ਕੋਲ ਆਪਣੀ ਬਿਮਾਰੀ ਦਾ ਇਲਾਜ ਕਰਾਉਣ ਲਈ ਪੈਸੇ ਨਹੀ ਹੋਣਗੇ, ਸੋ ਆਪਣਾ ਇਨਸਾਨੀਅਤ ਦੇ ਨਾਂ ਤੇ ਫਰਜ ਬਣਦਾ ਹੈ ਜਿੰਨੀ ਵੀ ਥੋੜੀ ਤੋਂ ਥੋੜੀ ਮੱਦਦ ਹੋ ਸਕੇ , ਉਨਾਂ ਦੀ ਕੀਤੀ ਜਾਵੇ। ਆਓ ਅਸੀਂ ਸਭ ਮਿਲ ਕੇ ਕੇ ਇੱਕ ਪਰਿਵਾਰ ਦੇ ਰੋਂਦੇ ਚਿਹਰਿਆਂ 'ਤੇ ਖੁਸੀ ਲੈ ਕੇ ਆਈਏ ਅਤੇ ਦਾਨ ਦੀ ਸਹੀ ਵਰਤੋਂ ਕਰੀਏ।

# ਸ਼ਹੀਦ ਭਗਤ ਸਿੰਘ ਦੇਸ਼ ਦੇ ਨੌਜਵਾਨਾਂ ਲਈ ਇੱਕ ਵੱਡੇ ਆਦਰਸ਼

(ਸਫਾ 16 ਦੀ ਬਾਕੀ)

ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਭਗਤ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਸਜ਼ਾਵਾਂ ਤੋਂ ਉਹ ਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੂੰ ਹਿੰਦੁਸਤਾਨ ਰਿਪਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਨੂੰ ਇੱਕ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨ ਰੱਖ ਦਿੱਤਾ। ਫਰਵਰੀ 1928 ਵਿੱਚ ਭਾਰਤ ਵਿੱਚ ਪਹੁੰਚੇ ਸਾਈਮਨ ਕਮੀਸ਼ਨ ਦੇ ਵਿਰੋਧ ਅਤੇ ਬਾਈਕਾਟ ਲਈ ਪ੍ਰਦਰਸ਼ਨ ਹੋਏ। ਇਸ ਪ੍ਰਦਰਸ਼ਨ ਦੌਰਾਨ ਹੀ ਵਿਰੋਧ ਦੀ ਅਗਵਾਈ ਕਰ ਰਹੇ ਕਾਂਗਰਸੀ ਆਗੂ ਲਾਲਾ ਲਾਜਪਤ ਰਾਏ ਦੀ ਮੌਤ ਹੋ ਗਈ। ਇਸਦੇ ਰੋਸ ਵਜੋਂ ਸ਼ਹੀਦ ਭਗਤ ਸਿੰਘ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ, ਸਕਾਟ ਦੀ ਜਗ੍ਹਾ ਤੇ, ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ। ਭਗਤ ਸਿੰਘ ਬੇਸ਼ੱਕ ਖੂਨ ਖਰਾਬੇ ਦੇ ਪੱਖ ਵਿੱਚ ਨਹੀਂ ਸੀ ਪਰ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਊਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ। ਇਸ ਕੰਮ ਲਈ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ ਪਰ ਉਹ ਭੱਜੇ ਨਹੀਂ ਅਤੇ "ਇਨਕਲਾਬ-ਜ਼ਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਪੁਲਿਸ ਨੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ।

ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਵਿਰੋਧ ਕੀਤਾ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੌਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ ਅਤੇ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਸੀ ਕਿ ਉਹਨਾਂ ਨੂੰ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ।

ਜੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਅਦਾਲਤੀ ਹੁਕਮਾਂ ਅਨੁਸਾਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਨੂੰ ਲੱਗਭੱਗ 7 ਵਜਕੇ 33 ਮਿੰਟ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ।

ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕਸੇਲਰ ਨੇ ਆਰਟ ਪ੍ਰੈਸ, ਸਿੰਧ ਤੋਂ ਛਾਪੀ ਸੀ। ਕਿਹਾ ਜਾਂਦਾ ਹੈ ਕਿ ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ-"ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।" ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲ ਕੇ ਬੋਲੇ-"ਠੀਕ ਹੈ ਹੁਣ ਚੱਲੋ।" ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀ ਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ।। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ।

ਇਸਤੋਂ ਡਰ ਕੇ ਅੰਗਰੇਜ਼ਾਂ ਨੇ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਆਏ ਤਾਂ ਉਹਨਾਂ ਨੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਸ਼ਹੀਦਾਂ ਦੀ ਮੌਤ ਬਾਰੇ ਲਾਹੌਰ ਦੇ ਦੈਨਿਕ ਟ੍ਰਿਬਿਊਨ ਅਤੇ ਨਿਊਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ।

ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁਧੀਜੀਵੀਆਂ ਨੂੰ ਕੋਈ ਜਾਣਕਾਰੀ ਨਹੀਂ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੀ ਹੈ। ਦੇਸ਼ ਭਗਤਾਂ ਦੀਆਂ ਕੁਰਬਾਨੀਆਂ ਤੋਂ ਬਾਦ ਦੇਸ ਤਾਂ 15 ਅਗਸਤ 1947 ਨੂੰ ਅਜ਼ਾਦ ਹੋ ਗਿਆ ਪਰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਸ਼ੋਸ਼ਣ ਮੁਕੱਤ ਦੇਸ ਅਜੇ ਤੱਕ ਨਹੀਂ ਬਣ ਸਕਿਆ ਹੈ ਅਤੇ ਇਸ ਲਈ ਸਾਨੂੰ ਸਭਨੂੰ ਕੰਮ ਕਰਨਾ ਚਾਹੀਦਾ ਹੈ।

# ਔਰਤਾਂ ਨੂੰ ਬਰਾਬਰ ਦੇ ਅਧਿਕਾਰਾਂ ਬਗੈਰ ਤਰੱਕੀ ਸੰਭਵ ਨਹੀਂ



ਐਸ.ਆਰ.ਲੱਧੜ
(ਆਈ. ਏ. ਐਸ)
91-94175-50610

ਹਰ ਸਾਲ 8 ਸਾਲ ਨੂੰ ਅੰਤਰ ਰਾਸ਼ਟਰੀ ਮਹਿਲਾ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿਚ ਮਹਿਲਾ ਦਿਵਸ ਦੀ ਵਿਸ਼ੇਸ਼ ਮਹੱਤਤਾ ਹੈ ਕਿਉਂਕਿ ਭਾਰਤ ਵਿਚ ਸਦੀਆਂ ਤੋਂ ਔਰਤ ਨੂੰ ਉਹ ਦਰਜਾ ਨਹੀਂ ਮਿਲਿਆ ਜੋ ਮਰਦਾਂ ਨੂੰ ਪ੍ਰਾਪਤ ਸੀ। ਮਨੂੰ ਸਿਮ੍ਰਿਤੀ ਵਰਗੇ ਧਾਰਮਿਕ ਗ੍ਰੰਥਾਂ ਵਿਚ ਔਰਤ ਨੂੰ ਸ਼ੂਦਰ ਦੇ ਬਰਾਬਰ ਮੰਨਿਆ ਗਿਆ। ਔਰਤ ਅਤੇ ਸ਼ੂਦਰ ਨੂੰ ਪੜ੍ਹਨ-ਲਿਖਣ ਦਾ ਕੋਈ ਅਧਿਕਾਰ ਨਹੀਂ ਸੀ। ਫਿਰ ਵੀ ਇਤਿਹਾਸ ਵਿਚ ਕਈ ਔਰਤਾਂ ਨੇ ਆਪਣੀ ਵਿਦਵਤਾ ਅਤੇ ਸਿਆਣਪ ਸਦਕਾ ਸਨਮਾਨਯੋਗ ਜਗ੍ਹਾ ਬਣਾਈ। ਪਰਦੇ ਪਿੱਛੇ ਰਹਿ ਕੇ ਕਈ ਇਸਤਰੀਆਂ ਨੇ ਇਤਿਹਾਸ ਵਿਚ ਨਾਮਣ ਖੱਟਿਆ। ਰਜੀਆ ਸੁਲਤਾਨ ਇਕ ਮੁਸਲਮਾਨ ਔਰਤ ਹੁੰਦੇ ਹੋਏ ਮੱਧ-ਕਾਲ ਵਿਚ ਦਿੱਲੀ ਦੇ ਤਖਤ ’ਤੇ ਬੈਠੀ। ਇਸੇ ਤਰ੍ਹਾਂ ਚਿਤੌੜ ਦੇ ਰਾਣਾ ਉਦੈ ਸਿੰਘ ਦੀ ਜਾਨ ਉਸ ਦੀ ਦਾਈ ਨੇ ਆਪਣੇ ਪੁੱਤਰ ਦਾ ਬਲੀਦਾਨ ਦੇ ਕੇ ਬਚਾਈ। ਮਾਈ ਭਾਗੋ ਦੀ ਸਿਆਣਪ, ਸੂਝ-ਬੂਝ ਅਤੇ ਬਹਾਦਰੀ ਨੂੰ ਕੌਣ ਨਹੀਂ ਜਾਣਦਾ। ਗੁਰੂ ਤੋਂ ਬੇਮੁਖ ਹੋਏ ਸਿੰਘਾਂ ਨੂੰ ਮੁੜ ਗੁਰੂ ਦੇ ਲੜ ਲਾਉਣਾ ਅਤੇ ਆਪਣੀਆਂ ਜਾਨਾਂ ਕੁਰਬਾਨ ਕਰਨ ਲਈ ਪ੍ਰੇਰਿਤ ਕਰਨਾ ਕੋਈ ਛੋਟੀ ਘਟਨਾ ਨਹੀਂ ਸੀ। ਫਿਰ ਵੀ ਅਜਿਹੀਆਂ ਉਦਾਹਰਣਾਂ ਬਹੁਤ ਘੱਟ ਮਿਲਦੀਆਂ ਹਨ, ਜਿੱਥੇ ਇਸਤਰੀ ਵਰਗ ਨੇ ਆਪਣੀ ਸਿਆਣਪ ਅਤੇ ਵਿਦਵਤਾ ਦਿਖਾਈ ਹੋਵੇ। ਇਸ ਦਾ ਕਾਰਨ ਔਰਤ ਨੂੰ ਪੜ੍ਹਨ-ਲਿਖਣ ਤੋਂ ਵਾਂਝਿਆਂ ਰੱਖਣਾ ਅਤੇ ਉਸ ਨੂੰ ਮਰਦ ਮੁਕਾਬਲੇ ਨੀਵਾਂ ਸਮਝਣਾ ਸੀ। ਇਹ ਸੋਚ ਕਿੰਨ. ਗਲਤ ਸੀ, ਇਹ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਬੇਪਰਦ ਹੋਈ ਹੈ। ਸਮਾਜ ਵੱਲੋਂ ਕਦੀ ਵੀ ਔਰਤ ਨੂੰ ਮਰਦ ਦੇ ਬਰਾਬਰ ਅਤੇ ਸਨਮਾਨ ਭਰੀ ਜ਼ਿੰਦਗੀ ਨਹੀਂ ਸੀ ਦਿੱਤੀ ਜਾਂਦੀ। ਮਹਾਂਭਾਰਤ ਅਤੇ ਰਮਾਇਣ ਵਰਗੇ ਧਾਰਮਿਕ ਗ੍ਰੰਥ ਔਰਤ ਦੀ ਦੁਬਦਸ਼ਾ ਦੇ ਜਿਉਂਦੇ ਜਾਗਦੇ ਸਬੂਤ ਹਨ। ਜਿੱਥੇ ਰਾਜਕੁਮਾਰੀ ਦਰੋਪਦੀ ਦਾ ਵਿਆਹ ਪੰਜ ਭਰਾਵਾਂ ਨਾਲ ਕੀਤਾ ਗਿਆ, ਉਥੇ ਉਸ ਨੂੰ ਇਕ ਵਸਤੂ ਵਾਂਗ ਜੂਏ ਵਿਚ ਦਾਅ ’ਤੇ ਲਾ ਕੇ ਹਾਰ ਦਿੱਤਾ ਗਿਆ।

ਬਾਬਾ ਸਾਹਿਬ ਡੀ. ਅੰਬੇਡਕਰ ਨੇ ਕਿਹਾ, “ਜੇਕਰ ਕਿਸੇ ਸਮਾਜ ਦੀ ਉਨਤੀ ਦਾ ਅੰਦਾਜ਼ਾ ਲਾਉਣਾ ਹੋਵੇ ਤਾਂ ਉਸ ਸਮਾਜ ਦੀਆਂ ਔਰਤਾਂ ਦੀ ਪੜ੍ਹਾਈ-ਲਿਖਾਈ ਅਤੇ ਸਮਾਜਿਕ ਤਰੱਕੀ ਤੋਂ ਲਾਇਆ ਜਾ ਸਕਦਾ ਹੈ। ਭਾਰਤ ਵਿਚ ਰਾਜਾ ਰਾਮ ਮੋਹਨ ਰਾਏ ਅਤੇ ਵਿੱਦਿਆ ਸਾਗਰ ਔਰਤ ਵਰਗ ਦੇ ਦੋ ਵੱਡੇ ਸਮਾਜ ਸੁਧਾਰਕ ਆਗੂ ਹੋਏ ਹਨ। ਉਹਨਾਂ ਦੇ ਯਤਨ ਗੋਗਲੂਆਂ ਤੋਂ ਮਿੱਟੀ ਝਾੜਨ ਵਾਂਗ ਸਨ। ਅੰਗਰੇਜ਼ਾਂ ਵੇਲੇ ਕੁਝ ਅਮਾਨਵੀ ਪ੍ਰਥਾਵਾਂ ਨੂੰ ਨੱਥ ਪਾਉਣ ਲਈ ਕਾਨੂੰਨ ਵੀ ਬਣਾਏ ਗਏ ਪਰ ਸਮੁੱਚੇ ਤੌਰ ’ਤੇ ਉਹ ਵੀ ਸਮਾਜ ਦੀਆ ਕੁਰੀਤੀਆਂ ਨੂੰ ਖਾਸ ਕਰਕੇ ਨਾਰੀ ਪ੍ਰਤੀ ਦੁਰਵਿਵਹਾਰ ਨੂੰ ਦੂਰ ਨਾ ਕਰ ਸਕੇ। ਹਿੰਦੂ ਸ਼ਾਸਤਰਾਂ ਨੇ ਸਦੀਆਂ ਤੋਂ ਇਸਤਰੀ ਜਾਤੀ ਨੂੰ ਧੁਤਕਾਰਿਆ। ਇਸਤਰੀ ਜਾਤੀ ਤੇ ਬਾਲ-ਵਿਆਹ, ਸਤੀ ਪ੍ਰਥਾ, ਅਨਪੜ੍ਹਤਾ, ਦੇਵ ਦਾਸੀ ਪ੍ਰਥਾ ਅਤੇ ਅਨੇਕਾਂ ਅਜਿਹੀਆਂ ਬੰਦਿਸ਼ਾਂ ਥੋਪੀਆਂ ਗਈਆਂ ਸਨ, ਜਿਹਨਾਂ ਨੂੰ ਇਤਿਹਾਸ ਵਿਚ ਪੜ੍ਹ ਕੇ ਆਪਣੇ ਸਮਾਜ ਦੇ ਠੇਕੇਦਾਰਾਂ ਤੋਂ ਨਫਰਤ ਉਪਜਦੀ ਹੈ।

ਡਾਕਟਰ ਅੰਬੇਡਕਰ ਨੇ ਸੰਵਿਧਾਨ ਲਿਖਣ ਦੀ ਜ਼ਿੰਮੇਵਾਰੀ ਤੋਂ ਪਹਿਲਾਂ ਹੀ ਪ੍ਰਾਵਧਾਨ ਕਰਵਾਇਆ ਕਿ ਛੋਟੇ ਬੱਚਿਆਂ ਅਤੇ ਦੁੱਧ ਚੁੰਘਾਉਂਦੀਆਂ ਮਾਵਾਂ ਲਈ ਫੈਕਟਰੀਆਂ ਆਦਿ ਵਿਚ ਬੱਚਾ ਸੰਭਾਲ ਕੇਂਦਰ ਆਦਿ ਦਾ ਪ੍ਰਬੰਧ ਕਰਨ ਲਈ ਕਾਨੂੰਨ ਬਣੇ। ਜਦੋਂ ਸੰਵਿਧਾਨ ਲਿਖਣ ਦੀ ਗੱਲ ਆਈ ਤਾਂ ਡਾ. ਅੰਬੇਡਕਰ ਨੇ ਔਰਤਾਂ ਨੂੰ ਮਰਦਾਂ ਬਰਾਬਰ ਵੋਟ ਪਾਉਣ ਦਾ ਹੱਕ ਲੈ ਕੇ ਦਿੱਤਾ। ਕਿਸੇ ਤਰ੍ਹਾਂ ਦੇ ਵੀ ਮਰਦ ਅਤੇ ਔਰਤ ਵਿਚ ਭੇਦ-ਭਾਵ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਔਰਤਾਂ ਅਤੇ ਮਰਦਾਂ ਲਈ ਹਰ ਉਸ ਕੰਮ ਦੀ ਤਨਖਾਹ ਬਰਾਬਰ ਕਰ ਦਿੱਤੀ ਜੋ ਸੰਵਿਧਾਨ ਤੋਂ ਪਹਿਲਾਂ ਨਹੀਂ ਸੀ। ਸੰਵਿਧਾਨ ਮੁਤਾਬਕ ਔਰਤਾਂ ਕੋਈ ਵੀ ਕੰਮ-ਧੰਦਾ ਕਰ ਸਕਦੀਆਂ ਹਨ। ਐਮ. ਐਲ. ਏ., ਐਮ. ਪੀ., ਮਨਿਸਟਰ ਅਤੇ ਅਜਿਹੇ ਕਿਸੇ ਵੀ ਅਹੁਦੇ ’ਤੇ ਔਰਤ ਦੇ ਪਹੁੰਚਣ ਦੀ ਆਜ਼ਾਦੀ, ਡਾ. ਅੰਬੇਡਕਰ ਨੇ ਸੰਵਿਧਾਨ ਰਾਹੀਂ ਲੈ ਕੇ ਦਿੱਤੀ। ਬਤੌਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਡਾ. ਅੰਬੇਡਕਰ ਹਿੰਦੂ ਕੋਡ ਬਿਲ ਪਾਸ ਕਰਾਉਣਾ ਚਾਹੁੰਦੇ ਸਨ। ਇਸ ਬਿਲ ਨੂੰ ਪਾਸ ਕਰਨ ਸਬੰਧੀ ਉਹਨਾਂ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨਾਲ ਬਿਲ ਪੇਸ਼ ਕਰਨ ਤੋਂ ਪਹਿਲਾਂ ਸਲਾਹ ਮਸ਼ਵਰਾ ਵੀ ਕਰ ਲਿਆ ਸੀ। ਔਰਤਾਂ ਦੀ ਭਲਾਈ ਦੇ ਖਾਸ ਖਾਸ ਮੁੱਦੇ ਸਨ, ’ਇਕ ਔਰਤ ਇਕ ਪਤੀ ਤੇ ਇਕ ਆਦਮੀ ਇਕ ਹੀ ਪਤਨੀ ਰੱਖ ਸਕਦਾ ਹੈ, ਔਰਤ ਚਾਹੇ ਤਾਂ ਆਪਣੀ ਮਰਜ਼ੀ ਨਾਲ ਮਰਦ ਨੂੰ ਤਲਾਕ ਦੇ ਸਕਦੀ ਹੈ, ਪਿਤਾ-ਪੁਰਖੀ ਜਾਇਦਾਦ ਦਾ ਪੁੱਤਰਾਂ ਵਾਂਗ ਧੀਆਂ ਨੂੰ ਵੀ ਅਧਿਕਾਰ ਹੋਵੇਗਾ।”




ਇਹ ਉਪਰੋਕਤ ਮਸਲੇ ਅਜਿਹੇ ਸਨ ਜਿਹਨਾਂ ਦਾ ਉਸ ਸਮੇਂ ਦੇ ਹਿੰਦੂ ਸਮਾਜ ਨੇ ਅੱਡੀ ਚੋਟੀ ਦਾ ਜ਼ੋਰ ਲਾਕੇ ਵਿਰੋਧ ਕੀਤਾ। ਸਮੇਂ ਦੇ ਕੱਟੜਵਾਦੀ ਸਿਆਸੀ ਨੇਤਾਵਾਂ ਨੇ ਅੰਬੇਡਕਰ ਦੇ ਖਿਲਾਫ ਮੋਰਚਾ ਖੋਲ੍ਹ ਦਿੱਤਾ। ਇਹ ਬਿਲ ਸੰਵਿਧਾਨ ਦੀ ਖਰੜਾ ਕਮੇਟੀ ਕੋਲ 11 ਅਪ੍ਰੈਲ 1947 ਨੂੰ ਵਿਚਾਰਨ ਹਿੱਤ ਪੇਸ਼ ਕੀਤਾ ਗਿਆ ਸੀ। ਸਤੰਬਰ 1951 ਤੱਕ ਇਸ ਬਿਲ ਨੂੰ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਸੀ। ਇਹ ਵੀ ਸੁਣਨ ਵਿਚ ਆਇਆ ਹੈ ਕਿ ਸਰਕਾਰ ਦੇ ਸਰਵਉਚ ਸਥਾਨ ’ਤੇ ਬੈਠੇ ਵਿਅਕਤੀ ਨੇ ਅਸਤੀਫਾ ਤੱਕ ਦੇ ਦੇਣਦੀ ਧਮਕੀ ਵੀ ਦੇ ਦਿੱਤੀ ਸੀ। ਪ੍ਰਧਾਨ ਮੰਤਰੀ ਨੇ ਬਿਲ ਪੇਸ਼ ਹੋਣ ਤੋਂ ਪਹਿਲਾਂ ਹੀ ਪਾਰਲੀਮੈਂਟ ਹਾਊਸ ਵਿਚ ਬਿਲ ਵਾਪਸ ਲੈਣ ਸਬੰਧੀ ਘੋਸ਼ਣਾ ਕਰ ਦਿੱਤੀ। ਬਾਬਾ ਸਾਹਿਬ ਨੇ ਔਰਤਾਂ ਦੇ ਹੱਕਾਂ ਦੀ ਰਾਖੀ ਖਾਤਰ ਕਾਨੂੰਨ ਮੰਤਰੀ ਤੋਂ 10 ਅਕਤੂਬਰ 1951 ਨੂੰ ਅਸਤੀਫਾ ਦੇ ਦਿੱਤਾ। ਹੌਲੀ-ਹੌਲੀ ਇਹ ਮਸਲੇ ਕਾਨੂੰਨਨ ਪਾਲੀਮੈਂਟ ਵੱਲੋਂ ਬਾਅਦ ਵਿਚ ਪਾਸ ਕਰ ਦਿੱਤੇ ਗਏ ਸਨ। ਹਿੰਦੂ ਮੈਰਿਜ ਐਕਟ 1955 ਵਿਚ ਪਾਸ ਕਰ ਦਿੱਤਾ ਗਿਆ, ਜਿਸ ਰਾਹੀਂ ਹਿੰਦੂ ਔਰਤਾਂ ਨੂੰ ਤਲਾਕ ਦੇਣ ਦਾ ਅਧਿਕਾਰ ਪ੍ਰਾਪਤ ਹੋਇਆ। 1954 ਵਿਚ ਸਪੈਸ਼ਲ ਮੈਰਿਜ ਐਕਟ ਵੀ ਪਾਸ ਕੀਤਾ ਗਿਆ ਜਿਸ ਰਾਹੀਂ ਅੰਤਰ-ਜਾਤੀ ਅਤੇ ਅੰਤਰ-ਧਾਰਮਿਕ ਵਿਆਹਾਂ ਨੂੰ ਵੀ ਮਾਨਤਾ ਦੇ ਦਿੱਤੀ ਗਈ। ਇਸ ਦਾ ਅਸਲੀ ਸਿਹਰਾ ਡਾਕਟਰ ਅੰਬੇਡਕਰ ਨੂੰ ਹੀ ਜਾਂਦਾ ਹੈ। ਹਿੰਦੂ ਕੋਡ ਬਿਲ ਤੋਂ ਪਹਿਲਾਂ ਔਰਤਾਂ ਨੂੰ ਪਿਤਾ ਪੁਰਖੀ ਜਾਇਦਾਦ ਦਾ ਅੱਜ ਵਾਂਗ ਹੱਕ ਨਹੀਂ ਸੀ। ਇਸਤਰੀਆਂ ਦੀ ਤਰੱਕੀ ਲਈ ਤਾਂ ਡਾਕਟਰ ਅੰਬੇਡਕਰ ਨੇ ਆਪਣਾ ਕਾਨੂੰਨ ਮੰਤਰੀ ਦਾ ਅਹੁਦਾ ਵੀ ਤਿਆਗ ਦਿੱਤਾ।

ਹਿੰਦੂ ਸੰਸਥਾਵਾਂ ਨੇ ਡਾਕਟਰ ਅੰਬੇਡਕਰ ਦੇ ਪੁਤਲੇ ਜਲਾਏ, ਗਾਲੀ ਗਲੋਚ ਕੀਤਾ ਅਤੇ ਜਾਨੋਂ ਮਾਰਨ ਤੱਕ ਦੀਆਂ ਧਮਕੀਆਂ ਦਿੱਤੀਆਂ। ਹੈਰਾਨੀ ਹੁੰਦੀ ਹੈ ਕਿ ਅੱਜ ਦੀਆਂ ਔਰਤਾਂ ਨੂੰ ਇਹ ਕਿਉਂ ਨਹੀਂ ਪਤਾ ਕਿ ਇਤਿਹਾਸ ਵਿਚ ਸਭ ਤੋਂ ਵੱਡੇ ਇਸਤਰੀ ਹੱਕਾਂ ਦੇ ਚੈਂਪੀਅਨ ਤਾਂ ਡਾਕਟਰ ਅੰਬੇਡਕਰ ਸਨ।

15ਵੀਂ ਸਦੀ ਵਿਚ ਜਦੋਂ ਗੁਰੂ ਨਾਨਕ ਦੇਵ ਜੀ ਨੇ ਸਮਾਨਤਾ, ਆਜ਼ਾਦੀ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ। ਨਾ ਸਿਰਫ ਉਨ੍ਹਾਂ ਵਰਣ ਵਿਵਸਥਾ ਨੂੰ ਭੰਡਿਆ ਬਲਕਿ ਇਸਤਰੀ ਅਤੇ ਮਰਦ ਦੇ ਬਰਾਬਰ ਅਧਿਕਾਰਾਂ ਦੀ ਵੀ ਵਕਾਲਤ ਕੀਤੀ। ਗੁਰੂ ਨਾਨਕ ਦੇਵ ਜੀ ਨੇ ਕਿਹਾ: ਸੋ ਕਿਉਂ ਮੰਦਾ ਆਖਿਐ ਜਿਤ ਜੰਮੈ ਰਾਜਾਨ।

ਸਿੱਖ ਗੁਰੂ ਸਾਹਿਬਾਨ ਦੀ ਬਾਣੀ ਭਾਰਤੀ ਸਮਾਜ ਵਿਚ ਇਸਤਰੀ ਦੇ ਹੱਕਾਂ ਲਈ ਇਕ ਇਨਕਲਾਬ ਸੀ। ਫਿਰ ਵੀ ਪੰਜਾਬ ਦੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਫਿਲਾਸਫੀ ਨੂੰ ਨਹੀਂ ਸਮਝਾਇਆ। ਨਾ ਤਾਂ ਸਿੱਖ ਧਰਮ ਮੰਨਣ ਵਾਲਿਆਂ ਨੇ ਬ੍ਰਾਹਮਣ-ਵਾਦ ਤਿਆਗਿਆ ਅਤੇ ਨਾ ਹੀ ਔਰਤ ਨੂੰ ਬਰਾਬਰ ਦਾ ਦਰਜਾ ਦਿੱਤਾ। ਪਿਛਲੇ ਸਾਲਾਂ ਵਿਚ ਸਰਕਾਰ ਦੇ ਵਿਸ਼ੇਸ਼ ਉਪਰਾਲਿਆਂ ਕਾਰਨ ਲਿੰਗ ਅਨੁਪਾਤ ਵਿਚ ਕੁਝ ਸੁਧਾਰ ਆਇਆ ਹੈ। ਪੜ੍ਹੀਆਂ ਲਿਖੀਆਂ ਅਤੇ ਕੰਮ ਕਾਜ਼ੀ ਔਰਤਾਂ ਨੂੰ ਵੀ ਪੜ੍ਹੇ ਲਿਖੇ ਮਰਦ ਆਪਣੇ ਬਰਾਬਰ ਨਹੀਂ ਸਮਝਦੇ। ਸੰਵਿਧਾਨ ਦੀ ਬਦੌਲਤ ਕਈ ਔਰਤਾਂ ਪੰਚਾਇਤੀ ਰਾਜ ਸੰਸਥਾਵਾਂ ਵਿਚ ਸਨ-ਮਾਨਯੋਗ ਅਹੁਦਿਆਂ ’ਤੇ ਬਿਰਾਜਮਾਨ ਹਨ ਪਰ ਉਹਨਾਂ ਅਹੁਦਿਆਂ ਦੀ ਸੰਵਿਧਾਨਕ ਜ਼ਿੰਮੇਵਾਰੀ ਉਹਨਾਂ ਦੇ ਪਤੀਆਂ ਵੱਲੋਂ ਨਿਭਾਈ ਜਾਂਦੀ ਹੈ। ਕਈ ਵਾਰੀ ਤਾਂ ਮਹਿਲਾ ਮੰਤਰੀਆਂ ਦੇ ਪਤੀ ਵੀ ਉਹਨਾਂ ਦੀ ਜਗ੍ਹਾ ਹੁਕਮ ਚਲਾਉਂਦੇ ਦੇਖੇ ਗਏ ਹਨ। ਔਰਤ ਅਤੇ ਮਰਦ ਦੀ ਸਮਾਨਤਾ, ਇੱਜ਼ਤ ਅਤੇ ਸਤਿਕਾਰ ਲਈ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਬਹੁਤ ਵੱਡਾ ਰੋਲ ਅਦਾ ਕਰ ਸਕਦੀਆਂ ਹਨ। ਮੀਡੀਆ ਵੀ ਬਹੁਤ ਵੱਡੀ ਭੂਮਿਕਾ ਅਦਾ ਕਰ ਸਕਦਾ ਹੈ।

ਇੱਥੇ ਇਹ ਵਿਸ਼ੇਸ਼ ਕਰਕੇ ਜ਼ਿਕਰ ਕਰਨਾ ਬਣਦਾ ਹੈ ਕਿ ਇਸਤਰੀ ਦੀ ਸਭ ਤੋਂ ਵੱਡੀ ਦੁਸ਼ਮਣ ਖੁਦ ਇਸਤਰੀ ਹੈ। ਇਕੱਲਾ ਕਾਨੂੰਨ ਸਮਾਜ ਸੁਧਾਰ ਲਈ ਕਾਫੀ ਨਹੀਂ ਹੈ। ਸਮਾਜ ਦੀ ਸੋਚ ਬਦਲਣ ਲਈ ਇਸਤਰੀ ਬਹੁਤ ਵੱਡੀ ਭੂਮਿਕਾ ਨਿਭਾ ਸਕਦੀ ਹੈ। ਦਾਜ-ਦਹੇਜ ਦੀ ਮੰਗ, ਪੁੱਤਰ ਦੀ ਚਾਹ ਅਤੇ ਨੂੰਹਾਂ ਨਾਲ ਦੁਰਵਿਵਹਾਰ ਦਾ ਕਾਰਨ ਮਰਦਾਂ ਨਾਲੋਂ ਕਿਤੇ ਵੱਧ ਇਸਤਰੀਆਂ ਕਰਕੇ ਹੈ। ਇਹ ਇਕ ਖੁਸ਼ੀ ਦੀ ਗੱਲ ਹੈ ਕਿ ਸੰਵਿਧਾਨ ਲਾਗੂ ਹੋਣ ਤੋਂ ਬਾਅਦ ਇਸਤਰੀ ਸਮਾਜ ਨੇ ਹੈਰਾਨੀ-ਜਨਕ ਤਰੱਕੀ ਕੀਤੀ ਹੈ। ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਸੁਪਰੀਮ ਕੋਰਟ ਦੇ ਜੱਜ ਆਦਿ ਤੋਂ ਇਲਾਵਾ ਕੋਈ ਅਜਿਹਾ ਅਹੁਦਾ ਨਹੀਂ ਜਿਸ ਤੇ ਔਰਤ ਨੇ ਬਿਰਾਜਮਾਨ ਹੋ ਕੇ ਆਪਣੀ ਸੂਝ-ਬੂਝ ਅਤੇ ਲਿਆਕਤ ਦੀ ਮੋਹਰ ਨਾ ਲਾਈ ਹੋਵੇ। ਹਾਲੇ ਵੀ ਬਹੁਤ ਕੁਝ ਕਰਨਾ ਬਾਕੀ ਹੈ। ਲੜਕੀਆਂ ਨਾਲ ਛੇੜ-ਛਾੜ ਅਤੇ ਬਲਾਤਕਾਰਾਂ ਦੇ ਕਿੱਸੇ ਮਰਦ ਜਾਤ ਦੀ ਬਿਮਾਰ ਮਾਨਸਿਕਤਾ ਦਾ ਸਬੂਤ ਹਨ ਜਿਸ ਨੂੰ ਬਦਲਣ ਦੀ ਬੇਹੱਦ ਲੋੜ ਹੈ। ਅਜਿਹੀ ਮਾਨਸਿਕਤਾ ਦਾ ਆਧਾਰ ਸਾਡੇ ਮਿਥਿਹਾਸਕ ਧਾਰਮਿਕ ਗ੍ਰੰਥ ਹਨ। ਸਰਕਾਰ ਅਤੇ ਬੁੱਧੀਜੀਵੀ ਵਰਗ ਨੂੰ ਆਤਮ-ਚਿੰਤਨ ਦੀ ਸਖਤ ਲੋੜ ਹੈ ਨਹੀਂ ਤਾਂ 8 ਮਾਰਚ ਕੈਲੰਡਰ ’ਤੇ ਇਕ ਆਮ ਤਾਰੀਖ ਤੋਂ ਵੱਧ ਕੁਝ ਨਹੀਂ।

## ਮਿਹਨਤ

ਸੁਖਜੀਤ ਕੌਰ ਕਹਿਣ ਨੂੰ ਤਾਂ ਪਿੰਡ ਦੀ ਸਰਪੰਚਨੀ ਵੱਜਦੀ ਏ। ਘਰ ਬਾਰ ਵੀ ਸੋਹਣਾ ਏ। ਉਂਝ ਦੀਪ ਤੇ ਪ੍ਰੀਤ ਦੋਵੇ ਭਰਾ ਹੀ ਨੇ ਪਰ ਸਕੀ ਮਾਂ ਨਾ ਹੋਣ ਕਰਕੇ ਸੁਖਜੀਤ ਨੇ ਪ੍ਰੀਤ ਨਾਲ ਹਮੇਸ਼ਾ ਵਿਤਕਰਾ ਹੀ ਕੀਤਾ। ਬਚਪਨ ਤੋ ਹੀ ਘੁੱਟ -ਘੁੱਟ ਕੇ ਤੇ ਅਰਮਾਨਾਂ ਨੂੰ ਸੀਨੇ ਵਿਚ ਦਬਾ ਕੇ ਜਿਉਣਾ ਪਿਆ ਇਸ ਨੰਨੀ ਜਾਨ ਪ੍ਰੀਤ ਨੂੰ ।ਆਪਣੀ ਸਕੀ ਮਾਂ ਦੀ ਯਾਦ ਆਉਦੀ ਤਾਂ ਅੰਦਰ ਵੜ ਰੋ ਲੈਂਦਾ ਤੇ ਫਿਰ ਖੁਦ ਨਾਲ ਹੀ ਵਾਧਦਾ ਕਰਦਾ - ਕਿ ਮਾਂ ਇਕ ਦਿਨ ਤੇਰਾ ਪੁੱਤ ਬਹੁਤ ਵੱਡਾ ਬਣੋ ਦੇਖੀ ਤੇ ਤੇਰਾ ਨਾਮ ਉੱਚਾ ਕਰੂਗਾ।

ਘਰ ਦੇ ਕੰਮ ਕਾਰ ਨਾਲ ਪ੍ਰੀਤ ਔਖਾ ਸੋਖਾ ਪੜ੍ਹ ਵੀ ਰਿਹਾ। ਹੱਥ ਵਿਚ ਮਿਹਨਤ ਸੀਂ ਤੇ ਦਿਲ ਵਿਚ ਕੁਝ ਕਰਨ ਦਾ ਜਨੂੰਨ ।ਉਦਰੋ ਦੂਜਾ ਮਾਂ ਦਾ ਲਾਡਲਾਂ ਹੋਣ ਕਾਰਨ ਦੀਪ ਕੋਈ ਕੰਮ ਨਹੀਂ ਸੀ ਕਰਦਾ। ਯਾਰਾਂ - ਬੇਲੀਆ ਨਾਲ ਘੁੰਮਣਾ ਤੇ ਐਸ਼ਾ ਕਰਣੀਆ ਹੀ ਉਸ ਦੀ ਜ਼ਿੰਦਗੀ ਸੀ। ਪੜ੍ਹਾਈ ਪੱਖੋ ਵੀ ਨਿਕਮਾ ਹੀ ਨਿਕਲਿਆ ।ਸਮਾਂ ਬੀਤ ਦਾ ਗਿਆ ਹੁਣ ਸੁਖਜੀਤ ਕੌਰ ਵੀ ਪਿੰਡ ਦੀ ਸਰਪੰਚਨੀ ਨਾ ਰਹੀ ਤੇ ਘਰ ਦੇ ਹਾਲਾਤ ਵੀ ਵਿਗੜਨੇ ਸ਼ੁਰੂ ਹੋ ਗਏ। ਪਿਓ ਤਾ ਦੋਹਾਂ ਦਾ ਬਚਪਨ ਵਿਚ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਹੁਣ ਦੋਵੇ ਮੁੰਡੇ ਜਵਾਨ ਹੋ ਗਏ ਹਨ ਤੇ ਘਰ ਦਾ ਖਰਚਾ ਚੁੱਕਣ ਯੋਗ ਵੀ।

ਹੁਣ ਨਿਕਮੇ ਅਤੇ ਵਿਹਲੜ ਨੂੰ ਨੌਕਰੀ ਕੌਣ ਦੇਵੇ ਨਾਂ ਤਾਂ ਉਸ ਨੇ ਪੜਾਈ ਵਿੱਚ ਕੋਈ ਮਹਾਰਤ ਹਾਸਲ ਕੀਤੀ ਸੀ ਤੇ ਨਾ ਹੀ ਉਸ ਦਾ ਕਿਸੇ ਕੰਮ ਵੱਲ ਧਿਆਨ ਸੀ। ਪਰ ਦੂਜੇ ਪਾਸੇ ਪ੍ਰੀਤ ਆਪਣੇ ਮਿਹਨਤ ਜਾਰੀ ਰੱਖਦਾ ਹੋਇਆ ਚੰਗਾ ਪੜਿਆ ਲਿਖਿਆ ਹੋਣ ਕਾਰਨ ਸਰਕਾਰੀ ਸਕੂਲ ਵਿਚ ਅਧਿਆਪਕ ਲਗ ਗਿਆ। ਜਿਸ ਨਾਲ ਘਰ ਦਾ ਥੋੜਾ ਬਹੁਤ ਖਰਚਾ ਤੁਰਦਾ ਗਿਆ। ਪਰ ਦੀਪ ਦਾ ਨਿਕਮਾਪਣ ਹਜੇ ਵੀ ਉਸ ਤੇ ਹਾਵੀ ਸੀ ।ਨਾ ਤਾਂ ਘਰ ਕੋਈ ਕੰਮ ਕਰਦਾ ਸੀ ਤੇ ਨਾ ਹੀ ਬਾਹਰ। ਫੁਕਰੀ ਤੇ ਵਿਹਲੜਪੁਣੇ ਦੇ ਨਾਲ ਨਾਲ ਨਸ਼ੇੜੀ ਵੀ ਹੋ ਗਿਆ। ਪਰ ਸੁਖਜੀਤ ਨੂੰ ਇਹ ਸੱਭ ਨਾ ਦਿਸਦਾ। ਉਸ ਨੂੰ ਆਪਣੇ ਮੁੰਡੇ ਦੇ ਮੋਹ ਨੇ ਅੰਨੀ ਜਿਓ ਕਰ ਰੱਖਿਆ ਸੀ। ਹੁਣ ਸੁਖਜੀਤ ਤੋਂ ਘਰ ਦਾ ਕੰਮ ਕਰਨਾ ਵੀ ਔਖਾ ਹੋਣ ਲੱਗਾ। ਉਮਰ ਵੱਡੇਰੀ ਹੋਣ ਕਾਰਨ ਗੋਡਿਆ ਵਿਚ ਦਰਦ ਰਹਿੰਦਾ ਸੀ। ਇਕ ਦਿਨ ਸੁਖਜੀਤ ਨੇ ਆਖਿਆ ਕਿ ਦੀਪ, "ਹੁਣ ਘਰ ਇਕ ਨਹੂੰ ਲੈ ਆਈਏ ਮੇਰੇ ਤੋ ਬਹੁਤਾ ਕੰਮ ਨਹੀਂ ਹੁੰਦਾ।" ਇੰਨਾ ਕਹਿਣ ਦੀ ਦੇਰ ਸੀ ਦੀਪ ਲਈ ਰਿਸ਼ਤੇ ਲੱਭਣੇ ਸ਼ੁਰੂ ਹੋ ਗਏ। ਥੋੜ੍ਹੀ ਹੀ ਦੂਰ ਦੇ ਇਕ ਪਿੰਡ ਵਿੱਚੋਂ ਇਕ ਵਧੀਆ ਪਰਿਵਾਰ ਦੀ ਕੁੜੀ ਨਾਲ ਦੀਪ ਦਾ ਰਿਸ਼ਤਾ ਤੈਅ ਹੋ ਗਿਆ ।ਪਰ ਇਹ ਖੁਸ਼ੀਆ ਵੀ ਘਰ ਬਹੁਤੀ ਦੇਰ ਨਾ ਟਿਕੀਆ।ਆਖਰ ਨਿਕਮੇ ਅਤੇ ਵਿਹਲੇ ਨਾਲ ਕਿੰਨਾ ਚਿਰ ਕੱਢਦੀ ।ਉਧਰ ਪ੍ਰੀਤ ਵੀ ਹੁਣ ਸਕੂਲ ਦਾਂ ਪ੍ਰੰਸੀਪਲ ਬਣ ਚੁੱਕਾ ਸੀ। ਰਾਤ ਰਾਤ ਦੀਵੇਆ ਦੀ ਲੋਏ ਪੜ ਕੇ ਕਰੀਆ ਮਿਹਨਤਾ ਰੰਗ ਲਿਆ ਰਹੀਆ ਸਨ। ਨਾਲ ਦੇ ਪਿੰਡੋ ਚੰਗੇ ਪਰਿਵਾਰ ਦੀ ਕੁੜੀ ਦਾ ਰਿਸ਼ਤਾ ਪ੍ਰੀਤ ਨਾਲ ਹੋ ਗਿਆ। ਪ੍ਰੀਤ ਹੁਣ ਇਕ ਖੁਸ਼ਹਾਲ ਤੇ ਸੁੱਖੀ ਪਰਿਵਾਰ ਵਾਲਾ ਹੋ ਗਿਆ। ਪਰ ਦੂਜੇ ਪਾਸੇ ਦੀਪ ਨਸ਼ੇ ਵਿਚ ਚੂਰ ਤੇ ਸਿਹਤ ਪੱਖੋ ਵੀ ਗਿਰਦਾ ਜਾਣ ਲੱਗਾ ।ਸੁਖਜੀਤ ਵੀ ਰੱਬ ਨੂੰ ਪਿਆਰੀ ਹੋ ਗਈ ।ਦੀਪ ਹੁਣ ਪਿੰਡ ਦੇ ਠੇਕੇ ਜਾ ਗਲੀਆ ਵਿੱਚ ਸ਼ਰਾਬ ਨਾਲ ਰੱਜਿਆ ਪਿਆ ਮਿਲਦਾ ਤੇ ਪ੍ਰੀਤ ਜਿੱਥੋਂ ਵੀ ਲੰਘਦਾ ਲੋਕ ਮਾਸਟਰ ਜੀ ਜਾਂ ਗੁਰੂ ਜੀ ਕਹਿ ਕੇ ਸਤਿਕਾਰ ਦਿੰਦੇ। ਉਸ ਨੇ ਆਪਣੀ ਮਿਹਨਤ ਸਦਕਾ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਲਿਆ ਤੇ ਚੰਗੀ ਰੋਜੀ ਰੋਟੀ ਕਮਾਈ ਜਾ ਰਿਹਾ ਹੈ।

ਸਿੱਖਿਆ= ਮਿਹਨਤ ਬਹੁਤ ਵੱਡੀ ਚੀਜ਼ ਹੈ ਜੋ ਇਨਸਾਨ ਨੂੰ ਕੱਖ ਤੋ ਲੱਖ ਬਣਾ ਦਿੰਦੀ ਹੈ। ਮਿਹਨਤ ਦਾ ਫਲ ਝੋਲੀ ਜਰੂਰ ਪੈਂਦਾ ਹੈ ਇਸ ਲਈ ਇਨਸਾਨ ਨੂੰ ਸਬਰ ਤੇ ਸੰਤੋਖ ਨਾਲ ਮਿਹਨਤ ਕਰਦੇ ਰਹਿਣਾ ਚਾਹੀਦਾ ਹੈ ਤੇ ਹਿੰਮਤ ਨਾਲ ਮੁਸ਼ਕਿਲ ਦਾ ਸਾਹਮਣਾ ਕਰਣਾ ਹੈ। ਵਰਨਾ ਸਾਡੀ ਜਿੰਦਗੀ ਵੀ ਦੀਪ ਵਾਗ ਗੰਦੇ ਨਾਲਿਆ ਵਰਗੀ ਹੋ ਜਾਵੇਗੀ। ਵਿਚਾਰ ਅਸੀ ਕਰਨੀ ਹੈ ਕਿ ਪ੍ਰੀਤ ਵਾਂਗ ਚੰਗੀ ਮਿਹਨਤ ਸਦਕਾ ਅਸੀ ਆਪਣੀ ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ ਹੈ ਜਾ ਦੀਪ ਵਾਂਗ ਫੌਕੀ ਫੁਕਰੀ ਵਿੱਚ ਜੀਵਨ ਗਾਲਣਾ ਹੈ।

ਕਿਰਨਪ੍ਰੀਤ, ਕਲਾਗਨਫੋਟ, ਅਸਟਰੀਆ
+4368864013133

## ਇਨਕਲਾਬੀ ਸ਼ਖ਼ਸੀਅਤ

ਜਿਸ ਦੇ ਇਰਾਦੇ ਬੁਲੰਦ ਜਿਸਮ ਚਟਾਨ ਸੀ।
ਹਿੰਮਤਾਂ ਦਾ ਬਾਦਸ਼ਾਹ ਤੇ ਸੋਚਾਂ ਦਾ ਸੁਲਤਾਨ ਸੀ।
ਜੋ ਜ਼ੁਲਮ ਨੂੰ ਮਿਟਾਉਣ ਵਾਲੀ ਤਿੱਖੀ ਮਤਲਵਾਰ ਸੀ।
ਉਹ ਇਨਕਲਾਬੀ ਸ਼ਖ਼ਸੀਅਤ, ਭਗਤ ਸਿੰਘ ਸਰਦਾਰ ਸੀ।

ਬਿਰਿਟਸ਼ ਜਿਸ ਤੋਂ ਕੰਬਦੇ ਤੇ ਗੱਲ ਕਰਨੋਂ ਵੀ ਸੰਗਦੇ ਸੀ।
ਗਰਮਦਲੀਆ ਹੋਵੇਗਾ ਕੋਈ ਡਰਦੇ-ਡਰਦੇ ਲੰਘਦੇ ਸੀ।
ਜਿਸ ਨੂੰ ਤੋੜਨਾ ਮੁਸ਼ਕਲ ਸੀ,ਜੋ ਬਜ਼ਰ ਦੀਵਾਰ ਸੀ।
ਉਹ ਇਨਕਲਾਬੀ ਸ਼ਖ਼ਸੀਅਤ, ਭਗਤ ਸਿੰਘ ਸਰਦਾਰ ਸੀ।

ਅਸੈਂਬਲੀ ਵਿੱਚ ਬੰਬ ਸੁੱਟ ਕੇ , ਹਾਕਮਾਂ ਨੂੰ ਭਜਾਉਣ ਵਾਲਾ।
ਕਾਲੇ,ਗੁੰਗੇ,ਬੋਲੇ ਰਾਜ ਨੂੰ ਜੜ੍ਹਾਂ ਤੋਂ ਹਿਲਾਉਣ ਵਾਲਾ।
ਇਸ ਧਮਾਕੇ ਨਾਲ ਜਿਸ ਨੇ,ਹਿਲਾ ਦਿੱਤੀ ਗੋਰੀ ਸਰਕਾਰ ਸੀ।
ਉਹ ਇਨਕਲਾਬੀ ਸ਼ਖ਼ਸੀਅਤ, ਭਗਤ ਸਿੰਘ ਸਰਦਾਰ ਸੀ।

ਗਾਂਧੀ ਜੀ ਵੀ ਅੰਤ ਨੂੰ ਮੰਨ ਗਏ ਸੀ ਉਸ ਦੇ ਮੂਲਮੰਤਰ ਨੂੰ।
ਜਿਸ ਨੇ ਝੰਜੋੜ ਕੇ ਜਗਾਇਆ, ਸਾਰੇ ਦੇਸ਼ ਦੇ ਲੋਕਤੰਤਰ ਨੂੰ।
ਜਿਸ ਦੀ ਦਹਿਸ਼ਤ ਦੀ ਗੋਰਿਆਂ ਵਿੱਚ ਹਾਹਾਕਾਰ ਸੀ।
ਉਹ ਇਨਕਲਾਬੀ ਸ਼ਖ਼ਸੀਅਤ, ਭਗਤ ਸਿੰਘ ਸਰਦਾਰ ਸੀ।

ਗੁਲਾਮੀ ਨੂੰ ਜੋ ਸਹਿ ਨਾ ਸਕਿਆ ਕਾਇਰਾਂ ਦੀ ਤਰ੍ਹਾਂ।
ਮੂਲ ਫਰਜ਼ ਨੂੰ ਲੈ ਕੇ ਤੁਰਿਆ ਸੀ ਲਹਿਰਾਂ ਦੀ ਤਰ੍ਹਾਂ।
ਆਜਾਦੀ ਨੂੰ ਵਿਆਹੁਣ ਵਾਲਾ,ਜੋ ਪੰਜਾਬੀ ਸਿਪਾਹ -ਸਲਾਰ ਸੀ।
ਉਹ ਇਨਕਲਾਬੀ ਸ਼ਖ਼ਸੀਅਤ, ਭਗਤ ਸਿੰਘ ਸਰਦਾਰ ਸੀ।

-ਕਸ਼ਮੀਰ ਘੇਸਲ 905, 43, ਚੰਡੀਗੜ੍ਹ
91-94636-56047

## ਸ਼ਹੀਦ ਭਗਤ ਸਿੰਘ ਜੀ ਨੂੰ ਸਮਰਪਿਤ

ਉਹ ਮਹਾਨ ਹੁੰਦੇ ਜਿਹੜੇ ਜਿਉਂਦੇ ਦੂਜਿਆਂ ਲਈ
ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ।
ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ
ਆਪਣੇ ਆਪ ਲਈ ਤਾਂ ਹਰ ਇਨਸਾਨ ਜਿਉਂਦਾ ਏ।
ਪਰਮ ਮਨ ਮਨੁੱਖ ਉਹ ਹੁੰਦੇ ਨੇ
ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਨੇ।
ਉਹ ਆਪਣੇ ਆਪ ਨੂੰ ਕੁਰਬਾਨ ਕਰ ਸਕਦੇ ਨੇ
ਪਰ ਉਹ ਆਪਣੀ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟ ਸਕਦੇ।
ਉਹਨਾਂ ਸ਼ਹੀਦਾਂ ਦੀਆਂ ਮੜ੍ਹੀਆਂ ’ਤੇ ਸਦਾ ਮੇਲੇ ਲੱਗਦੇ
ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ।
ਇੱਥੇ ਭੇਡਾਂ-ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ
ਨਾ ਉਹਨਾਂ ਦਾ ਹੀ ਧੰਨ ਆਪਾਰ ਹੁੰਦਾ,
ਜਿਹੜੇ ਸਮਾਜ ਨੂੰ ਮਨੁੱਖਤਾ ਲਈ ਕੁਝ ਕਰ ਜਾਂਦੇ।
ਉਹ ਪਾ ਜਾਂਦੇ ਮੰਜ਼ਿਲਾਂ ਨੂੰ, ਜਿਹੜਾ ਖਹਿ ਜਾਂਦੇ ਨਾਲ ਮੁਸੀਬਤਾਂ ਦੇ
ਕੁਰਬਾਨੀ ਹੀ ਲਿਖਾਈ ਖੂਨੀ ਪੱਤਰੇ,
ਸਮਾਂ ਸੂਝ ਦੀਆਂ ਝੁਕੀਆਂ ਉਕਾਰਦਾ ਰਿਹਾ।



- ਮਾਸਟਰ ਨਿਰਮਲ ਸਿੰਘ ਲਾਲੀ
530-777-0955

# ਸਾਹਿਤਕ ਪੈੜਾਂ- ਕੁਝ ਰਚਨਾਵਾਂ

## ਆਪਣੇ ਬੱਚਿਆਂ ਨੂੰ ਜਰੂਰ ਦੱਸਿਓ

ਤਾਰਾ ਮੀਰਾ ਕੀਹਨੂੰ ਤੇ ਰਸੌਂਤ ਕੀਹਨੂੰ ਕਹਿੰਦੇ ਨੈਂ,
ਲਾਣਾਂ ਕੀਹਨੂੰ ਆਖਦੇ ਤੇ ਔਂਤ ਕੀਹਨੂੰ ਕਹਿੰਦੇ ਨੈਂ!
ਹੁੰਦੀ ਕੀ ਨਮੋਸ਼ੀ ਤੇ ਫਤੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ!

ਹੁੰਦਾ ਕੀ ਏ ਬਰੂ ਅਤੇ ਪੋਹਲੀ ਕੀਹਨੂੰ ਕਹਿੰਦੇ ਨੈਂ,
ਡੇਕਾ ਕੀਹਨੂੰ ਆਖਦੇ ਤੇ ਬੌਹਲੀ ਕੀਹਨੂੰ ਕਹਿੰਦੇ ਨੈਂ!
ਧਰੇਕ,ਲਸੂੜਾ ਤੇ ਧਤੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ!

ਹੁੰਦੀ ਕੀ ਸਲੰਘ ਤੇ ਸਲਾਂਭਾ ਕੀਹਨੂੰ ਕਹਿੰਦੇ ਨੈਂ,
ਵਡਿਆਈ ਕੀ ਹੁੰਦੀ ਤੇ ਉਲਾਂਭਾ ਕੀਹਨੂੰ ਕਹਿੰਦੇ ਨੈਂ!
ਨੇ੍ਰਣਾਂ,ਗੰਧੂਈ ਤੇ ਜੰਮੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ!

ਲਾਂਗਾ ਕੀਹਨੂੰ ਆਖਦੇ ਤੇ ਖੋਰੀ ਕੀਹਨੂੰ ਕਹਿੰਦੇ ਨੈਂ,
ਚੋਬਰ ਕੀਹਨੂੰ ਆਖਦੇ ਤੇ ਘੋਰੀ ਕੀਹਨੂੰ ਕਹਿੰਦੇ ਨੈਂ!
ਹੁੰਦਾ ਕੀ ਜਵਾਨੀ ਦਾ ਸਰੂਰ ਦੱਸਿਓ,
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ!

ਦਹਾਜੂ ਕੀਹਨੂੰ ਆਖਦੇ ਤਰੋਜਾ ਕੀਹਨੂੰ ਕਹਿੰਦੇ ਨੈਂ,
ਢੰਗਾ ਕੀਹਨੂੰ ਕਹਿੰਦੇ ਆ ਬਰੋਜਾ ਕੀਹਨੂੰ ਕਹਿੰਦੇ ਨੇ!
ਹੁੰਦਾ ਕੀ ਤਿਓ ਅਤੇ ਘੂਰ ਦੱਸਿਓ,
ਦਾਦੇ, ਨਾਨਕੇ, ਪਤੀਅਸ, ਪਤਿਓਅਰੇ ਦੱਸਿਓ
ਕੁੜਮ, ਸ਼ਰੀਕੇ, ਪੇਕੇ , ਸਹੁਰੇ ਦੱਸਿਓ
ਦੰਦਾਸਾ, ਨੱਥ, ਸੁਰਮਾ ਤੇ ਮੱਥੇ ਲਟ ਦੱਸਿਓ
ਭਾਠ, ਡੰਗੋਤਰੇ, ਮਰਾਸੀ ਜਾਤ ਨੱਟ ਦੱਸਿਓ
ਛੰਭ, ਟੋਭਾ ਖੂਹ ਤੇ ਸਾਂਭ ਕੇ ਤਲਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ..................

ਪੀਲੂ, ਵਾਰਸ, ਹਾਸ਼ਮ ਤੇ ਕਾਦਰਯਾਰ ਦੱਸਿਓ
ਲਾਲ, ਤੇਜੇ, ਗੰਗੂ, ਕਿਰਪਾਲ ਜਹੇ ਗੱਦਾਰ ਦੱਸਿਓ
ਪਟਨਾ, ਚਮਕੌਰ, ਸਰਹੰਦ, ਮਾਛੀਵਾੜਾ ਦੱਸਿਓ
ਛਿੰਝ, ਕੁਸ਼ਤੀ, ਬਾਜ਼ੀ ਤੇ ਅਖਾੜਾ ਦੱਸਿਓ
ਸਭਰਾਓਂ, ਮੁੱਦਕੀ, ਚੇਤੇ ਖਿਦਰਾਣਾ ਢਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ

ਹਸਾਉਣੀ, ਕਹਾਣੀ, ਸਾਖੀ ਜਾਂ ਬਾਤ ਦੱਸਿਓ
ਤ੍ਰਿਕਾਲਾਂ, ਲੌਹਢਾ, ਮੂੰਹ ਨੇਹਰਾ, ਪ੍ਰਭਾਤ ਦੱਸਿਓ
ਕਹੀ, ਰੰਬੀ, ਤੰਗਲੀ, ਜਿੰਦਰਾ, ਸਲੰਘ ਦੱਸਿਓ
ਪੀੜ੍ਹੀ , ਮੰਜਾ, ਮੂਹੜਾ ਤੇ ਪਲੰਘ ਦੱਸਿਓ
ਸਾਂਭ ਚੂਰੀ, ਤੀਰ ,ਘੜਾ ,ਪੱਟ ਦਾ ਕਬਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ...................

ਠੱਕਾ, ਪੱਛੋਂ ਤੇ ਪੁਰੇ ਦੀ ਪੌਣ ਦੱਸਿਓ
ਦੁੱਲਾ, ਜੱਗਾ, ਜਿਓਣਾ ਸਨ ਕੌਣ ਦੱਸਿਓ
ਗਲੋਟਾ, ਛਿੱਕੂ, ਪੂਣੀ, ਖੱਡੀ ਤਾਣੀ ਦੱਸਿਓ
ਜਪੁ, ਰਹਿਰਾਸ, ਸੋਹਿਲਾ ਅਨੰਦ ਬਾਣੀ ਦੱਸਿਓ
ਲੇਹਾ, ਭੱਖੜਾ, ਸੂਲਾਂ ਸਾਂਭਕੇ ਗੁਲਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ .........

ਰੁੱਗ, ਥੱਬੀ, ਸੱਥਰੀ ਤੇ ਪੰਡ ਦੱਸਿਓ
ਨਖੱਤਾ, ਛੜਾ, ਦੁਹਾਜੂ ਨਾਲੇ ਰੰਡ ਦੱਸਿਓ
ਟੱਪੇ, ਸਿੱਠਣੀ , ਘੋੜੀਆਂ, ਸੁਹਾਗ ਦੱਸਿਓ
ਦੁਪੱਟਾ, ਚੁੰਨੀ, ਫੁਲਕਾਰੀਆਂ ਤੇ ਬਾਗ ਦੱਸਿਓ
ਢੱਡ,ਇਕਤਾਰਾ ਤੇ ਸਾਂਭਕੇ ਰਬਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭ ਕੇ ਪੰਜਾਬ ਰੱਖਿਓ

ਪੀਚੋ, ਪਿੱਲ ਚੋਟ, ਸ਼ੱਕਰਭੁੱਜੀ ਖੇਡ ਦੱਸਿਓ
ਧੌਲ, ਜੱਫਾ, ਕੈਂਚੀ ਪੈਂਦੀ ਰੈਡ ਦੱਸਿਓ
ਗੱਫਾ, ਬੁੱਕ, ਮੁੱਠ ਨਾਲੇ ਓਕ ਦੱਸਿਓ
ਪੱਠ, ਲੇਲਾ, ਬਲੂੰਗੜਾ ਤੇ ਬੋਕ ਦੱਸਿਓ
ਵਿੱਘੇ, ਮਰੱਬੇ, ਕਿੱਲੇ ਦਾ ਹਸਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ਪੰਜਾਬ ਰੱਖਿਓ

ਕਿਲਕਾਰੀ, ਚੀਕ, ਦਹਾੜ ਤੇ ਬੜ੍ਹਕ ਦੱਸਿਓ
ਚੋਜ, ਅਣਖ, ਨਖਰਾ , ਮੜ੍ਹਕ ਦੱਸਿਓ
ਪੀਹਲਾਂ, ਤੂਤੀਆਂ , ਨਮੋਲੀਆਂ ,ਬੇਰ ਦੱਸਿਓ
ਪਸੇਰੀ , ਅੱਧ ਪਾ, ਪਾਈਆ ਨਾਲੇ ਸੇਰ ਦੱਸਿਓ
ਲਗਾਮ, ਕਾਠੀ ਪੈਰਾਂ 'ਚ ਰਕਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ............

ਲੱਠਾ, ਛੱਬੀ, ਖੱਦਰ ਤੇ ਮਲਮਲ ਦੱਸਿਓ
ਪਰ , ਪਰਸੋਂ ,ਭਲਕ ਤੇ ਕੱਲ੍ਹ ਦੱਸਿਓ
ਪੰਜਾ, ਜੈਤੋ, ਨਨਕਾਣਾ, ਨੀਲਾ ਤਾਰਾ ਦੱਸਿਓ
ਤਵੀ, ਚਰਖੜੀ, ਦੇਗ ਦਾ ਨਜ਼ਾਰਾ ਦੱਸਿਓ
ਚੇਤੇ ਫੂਲਾ, ਨਲੂਆ, ਕਪੂਰ ਨਵਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ...............

ਜੰਡ, ਵਣ, ਸ਼ਰੀਹ ਤੇ ਸਾਗਵਾਨ ਦੱਸਿਓ
ਲੋਕ ਤੱਥ, ਮੁਹਾਵਰੇ , ਅਖੌਤਾਂ ਅਖਾਣ ਦੱਸਿਓ
ਸਾਹਲ, ਗੁਨੀਆਂ, ਰੰਦਾ, ਕਰੰਡੀ, ਤੇਸੀ ਦੱਸਿਓ
ਭੂਰਾ, ਕੰਬਲ , ਲੋਈ ਨਾਲੇ ਖੇਸੀ ਦੱਸਿਓ
ਮਿੱਠੇ ਬੋਲ ਵੀਰ, ਭਾਜੀ ਤੇ ਜਨਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ...................

ਪੂਰਨ, ਘਨ੍ਹਈਆ, ਜੈਤਾ, ਬੁੱਧੂ ਸ਼ਾਹ ਦੱਸਿਓ
ਬੀਹੀ, ਗਲੀ, ਡੰਡੀ , ਕੱਚਾ ਰਾਹ ਦੱਸਿਓ
ਪੋਠੋਹਾਰ, ਮਾਝਾ, ਮਾਲਵਾ , ਦੁਆਬਾ ਦੱਸਿਓ
ਸੁਨਾਮ, ਖੜਕੜ ਕਲਾਂ ਤੇ ਸਰਾਭਾ ਦੱਸਿਓ
"ਪੇਂਡੂਆ" ਡੇਰੇ, ਸਾਧ, ਬਾਬੇ ਬੇਨਕਾਬ ਰੱਖਿਓ
ਆਉਂਦੀ ਪੀੜ੍ਹੀ ਜੋਗਾ ਸਾਂਭਕੇ ਪੰਜਾਬ ਰੱਖਿਓ..
ਏਹੇ ਬੱਚਿਆਂ ਨੂੰ ਲਫ਼ਜ ਜਰੂਰ ਦੱਸਿਓ.....!

## ਪ੍ਰੋ ਪਰਬਿੰਦਰ ਸਿੰਘ, ਸੈਨ ਲੀਆਂਡਰੋ ਦੁਆਰਾ ਭੇਜੀਆਂ ਕੁਝ ਰਚਨਾਵਾਂ

**ਡਾ : ਹਰਜਿੰਦਰ ਸਿੰਘ ਦਿਲਗੀਰ ਜੀ ਦੀ ਕਲਮ ਵਿੱਚੋਂ.**

### ਬਾਬਾ ਨਾਨਕ ਗੁਰਦੁਆਰੇ ਵਿਚ ਨਹੀਂ ਸੀ

ਕਲ੍ਹ ਵੀ ਮੈਂ ਗੁਰਦੁਆਰੇ ਗਿਆ ਸੀ
ਪਰ ਮੁੜ ਆਇਆ ਸੀ।
ਅਜ ਵੀ ਮੈਂ ਗੁਰਦੁਆਰੇ ਗਿਆ
ਮੁੜ ਆਇਆਂ ਹਾਂ।
ਉਥੇ ਬੈਠ ਨਹੀਂ ਸਕਿਆ
ਰੁਕ ਹੀ ਨਹੀਂ ਸਕਿਆ;
ਬਾਬਾ ਨਾਨਕ ਗੁਰਦੁਆਰੇ ਨਹੀਂ ਸੀ।
ਉਥੇ ਕਰਮ ਕਾਂਡੀ ਪੁਜਾਰੀ
ਤੇ ਜਥੇਦਾਰ ਨਜ਼ਰ ਆਏ।
ਭਾਈ ਸਾਹਿਬ, ਸਿੰਘ ਸਾਹਿਬ
ਤੇ ਪੰਥ ਰਤਨ ਮੌਜੂਦ ਪਾਏ।
ਉਥੇ ਸ੍ਰੀ ਚੰਦ ਦੇ ਚੇਲੇ
ਮੱਥੇ ਟਿਕਾਉਂਦੇ ਫਿਰਦੇ ਸਨ।
ਤੇ ਕਈ ਢਿੱਡਲੀਆਂ ਵਾਲੇ
ਕਵਿਤਾਵਾਂ ਗਾਉਂਦੇ ਦਿਸਦੇ ਸਨ।
ਉਥੇ ਨਵੇਂ ਸੱਜਣ ਠੱਗਾਂ
ਤੇ ਮਲਕ ਭਾਗੋਆਂ ਦਾ ਟੋਲਾ ਸੀ।
ਮਸੰਦਾਂ,ਮਹੰਤਾਂ ਤੇ ਵਿਭਚਾਰੀਆਂ ਦਾ ਮੇਲਾ ਸੀ।
ਉਥੇ ਪੈਸਿਆਂ ਨਾਲ ਸਿਰੋਪੇ ਮਿਲਦੇ ਤੱਕੇ।
ਤੇ ਕੀਤੇ ਕਰਾਏ 'ਖੰਡ ਪਾਠ' ਵਿਕਦੇ ਤੱਕੇ।
ਉਥੇ ਜੋਤਾਂ ਜਗਦੀਆਂ ਸਨ
ਖ਼ੂਬਸੂਰਤ ਚੰਦੋਏ ਸਨ।
ਤੇ ਗੁਰੂ ਗ੍ਰੰਥ ਸਾਹਿਬ
ਸੋਲ੍ਹਾਂ ਰੁਮਾਲਿਆਂ ਵਿਚ ਲੁਕੋਏ ਸਨ।
ਉਥੇ ਸੋਨੇ ਦੀ ਪਾਲਕੀ ਸੀ
ਸੰਗਮਰਮਰ ਦੇ ਫ਼ਰਸ਼ ਸਨ
ਤੇ ਕੰਧਾਂ ਉਚੀਆਂ ਸਨ।
ਲਾਲੋ ਦਾ ਲੰਗਰ ਨਹੀਂ
ਉਥੇ ਛੱਤੀ ਕਿਸਮ ਦੇ ਪਕਵਾਨ
ਪੂੜੀਆਂ, ਲੁੱਚੀਆਂ ਸਨ।
ਉਥੇ ਮਾਤਾ ਖੀਵੀ ਨਹੀਂ
ਮਾਤਾ ਗੁਜਰੀ ਨਹੀਂ
ਨਾ ਬੀਬੀਆਂ ਨਾ ਮਾਈਆਂ ਸਨ।
ਤੀਵੀਆਂ ਸ਼ਾਇਦ ਕਪੜਿਆਂ
ਤੇ ਗਹਿਣਿਆਂ ਦੀ ਨੁਮਾਇਸ਼
ਕਰਨ ਆਈਆਂ ਸਨ।
ਉਥੇ ਸੰਤ, ਸਾਧ
ਬਾਬੇ ਤੇ ਬ੍ਰਹਮ ਗਿਆਨੀ ਸਨ
ਤੇ ਪ੍ਰਧਾਨ, ਸਕੱਤਰ ਤੇ ਟਰਸਟੀ ਸਨ।
ਉਥੇ ਭਾਈ ਮੰਞ
ਫੇਰੂ ਤੇ ਘਨੱਈਆ ਨਹੀਂ ਸਨ
ਡਾਂਗਾਂ ਵਾਲੇ
ਮਾਫ਼ੀਆ ਵਾਲੇ ਤੇ ਭਰਸ਼ਟੀ ਸਨ।
ਉਥੇ ਧਾਲੀਵਾਲ
ਸਿੱਧੂ, ਸੰਧੂ, ਬਰਾੜ ਲੱਭੇ।
ਉਸ ਦੀਵਾਨ ਵਿਚ ਜੈਤਾ
ਤੇ ਰੂਪਾ ਤੇ ਮਨਸੁਖ ਨਹੀਂ ਫੱਬੇ।
ਉਥੇ ਧੰਨ ਧੰਨ ਬਾਬਾ
ਦੀਪ ਸਿੰਘ ਦੇ ਨਾਅਰੇ ਸਨ।
ਪਰ ਬੰਦਾ ਸਿੰਘ ਬਹਾਦਰ
ਤੇ ਭਾਈ ਮਨੀ ਸਿੰਘ ਵਿਚਾਰੇ ਸਨ।
ਮੈਨੂੰ ਗੁਰਦੁਆਰਾ ਨਹੀਂ
ਇਕ ਇਮਾਰਤ ਨਜ਼ਰ ਆਈ ਸੀ।
ਜਿੱਥੇ ਬਾਬਾ ਨਾਨਕ ਤਾਂ ਨਹੀਂ ਸੀ
ਪਰ ਉਸ ਦਾ ਨਾਂ ਦੀ ਦੁਹਾਈ ਸੀ
ਹਾਂ! ਬਾਬਾ ਨਾਨਕ ਗੁਰਦੁਆਰੇ ਨਹੀਂ ਸੀ ।।

## ਵਿਕਾਸ

ਮੋਟਰਸਾਈਕਲ ਦੀਆਂ
ਲਾਈਟਾਂ ਜਗਣ ਨੂੰ
ਸ਼ਹਿਰਾਂ ਦੇ ਨਾਂ ਬਦਲਣ ਨੂੰ
ਨੋਟਬੰਦੀ ਚ ਪਏ ਘਾਟੇ ਨੂੰ
ਤਿੰਨਤਲਾਕ ਦੇ ਸਿਆਪੇ ਨੂੰ
ਵਿਕਾਸ ਕਹੀ ਜਾਂਦੇ ਨੇ

ਜੀਓ ਦੇ ਸਿਮ ਨੂੰ
ਗਊ ਰਖਿਆ ਮੁਹਿੰਮ ਨੂੰ
ਰਿਲਾਇੰਸ ਦੀ ਗੁਲਾਮੀ ਨੂੰ
ਸਟੇਸ਼ਨਾ ਦੀ ਨਿਲਾਮੀ ਨੂੰ
ਵਿਕਾਸ ਕਹੀ ਜਾਂਦੇ ਨੇ

ਜੀ ਐਸ ਟੀ ਦੀ ਲੁੱਟ ਨੂੰ
ਆਰ ਐਸ ਐਸ ਦੇ ਗੁੱਟ ਨੂੰ
ਪਤੰਜਲੀ ਦੇ ਵਪਾਰ ਨੂੰ
ਝਾੜੂ ਦੀ ਹਾਰ ਨੂੰ
ਵਿਕਾਸ ਕਹੀ ਜਾਂਦੇ ਨੇ

ਫੋਰਨ ਦੀਆਂ ਸੈਰਾਂ ਨੂੰ
ਧਰਮ ਦੀਆਂ ਜਹਿਰਾਂ ਨੂੰ
ਮਾਸੂਮ ਮਰੇ ਬੱਚਿਆਂ ਨੂੰ
ਕਿਸਾਨਾਂ ਦੇ ਗਲ ਰੱਸਿਆਂ ਨੂੰ
ਵਿਕਾਸ ਕਹੀ ਜਾਂਦੇ ਨੇ

ਤਾਮਿਲਨਾਡੂ ਦੇ ਸੋਕੇ ਨੂੰ
ਸਵੱਛ ਭਾਰਤ ਦੇ ਹੋਕੇ ਨੂੰ
ਕੰਨਿਆ ਤੇ ਅਟੈਕ ਨੂੰ
ਸਰਜੀਕਲ ਸਟਰੈਕ ਨੂੰ
ਵਿਕਾਸ ਕਹੀ ਜਾਂਦੇ ਨੇ
-----

ਸਵਦੇਸ਼ੀ ਦੇ ਨਾਅਰੇ ਨੂੰ
15 ਲੱਖ ਦੇ ਲਾਰੇ ਨੂੰ
ਰਲਾਇੰਸ ਦੇ ਵਿਕਾਸ ਨੂੰ
ਮਨ ਕੀ ਬਾਤ ਨੂੰ
ਵਿਕਾਸ ਕਹੀ ਜਾਂਦੇ ਨੇ

ਚਾਹ ਵਾਲੀ ਕਹਾਣੀ ਨੂੰ
ਵੇਹਲੜ ਜਵਾਨੀ ਨੂੰ
ਕਰਪਸ਼ਨ ਦੀ ਚੱਕੀਆਂ ਨੂੰ
ਅਮਰੀਕਾ ਨਾਲ ਜੱਫੀਆਂ ਨੂੰ
ਵਿਕਾਸ ਕਹੀ ਜਾਂਦੇ ਨੇ

ਐਨ ਡੀ ਟੀ ਵੀ ਤੇ ਰੇਡ ਨੂੰ
ਨਤੀਸ਼ ਦੀ ਖੇਡ ਨੂੰ
ਅਯੁਧਿਆ ਦੇ ਰੌਲੇ ਨੂੰ
ਗਰੀਬਾਂ ਹੱਥ ਕੌਲੇ ਨੂੰ
ਵਿਕਾਸ ਕਹੀ ਜਾਂਦੇ ਨੇ

ਅੰਨਾ ਦੀ ਚੁੱਪ ਨੂੰ
ਕਿਰਤੀਆਂ ਦੀ ਲੁੱਟ ਨੂੰ
ਮਨਾਉਰਟੀ ਨਾਲ ਧੱਕੇ ਨੂੰ
ਨਮੋ ਨਮੋ ਦੇ ਰੱਟੇ ਨੂੰ
ਵਿਕਾਸ ਕਹੀ ਜਾਂਦੇ ਨੇ

ਅਮੀਰ ਗਰੀਬ ਦੇ ਪਾੜੇਆਂ ਨੂੰ
ਵਿਕਾਸ ਕਹੀ ਜਾਂਦੇ !!!!

(ਅਗਿਆਤ)

# ਗਾਇਕਾਂ, ਗੀਤਕਾਰਾਂ 'ਤੇ ਕਲਾਕਾਰਾਂ ਦਾ ਲਾਡਲਾ 'ਤਾਰੀ ਜੈਤੋ ਵਾਲਾ'

ਪੰਜਾਬੀ ਮਾਂ ਬੋਲੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਅਨੇਕਾਂ ਹੀ ਲੇਖਕਾਂ, ਕਵੀਆਂ, ਗੀਤਕਾਰਾਂ, ਗਾਇਕਾਂ, ਸੂਰਵੀਰਾਂ, ਯੋਧਿਆਂ, ਕਲਾਕਾਰਾਂ ਨੇ ਵੱਡਮੁੱਲਾ ਯੋਗਦਾਨ ਪਾਇਆ ਹੈ। ਇਸੇ ਕੜੀ ਤਹਿਤ ਪੰਜਾਬੀ ਸਭਿਆਚਾਰ ਨਾਲ ਜੁੜੇ ਸਰੋਤਿਆਂ, ਪਾਠਕਾਂ ਅਤੇ ਹੋਰ ਲੋਕਾਂ ਦਾ ਧਿਆਨ ਇੱਕ ਅਜਿਹੀ ਮਹਾਨ ਸ਼ਖਸੀਅਤ ਵੱਲ ਦੁਆਉਣਾ ਚਾਹੁੰਦੇ ਹਾਂ ਜਿਸ ਦੇ ਮਨ ਵਿਚਲੇ ਅਥਾਹ ਪਿਆਰ-ਸਤਿਕਾਰ ਨੇ ਅਨੇਕਾਂ ਗੀਤਕਾਰਾਂ ਅਤੇ ਗਾਇਕਾਂ ਵਿਚਕਾਰ ਇੱਕ ਅਨੋਖੀ ਅਤੇ ਅਟੁੱਟ ਸਾਂਝ ਪੈਦਾ ਕੀਤੀ ਹੈ। ਉਹ ਹੈ ਜੈਤੋ ਮੰਡੀ ਦਾ ਮਸ਼ਹੂਰ ਸਾਊਂਡ ਸਰਵਿਸ ਵਾਲਾ ਅਵਤਾਰ ਸਿੰਘ ਤਾਰੀ। ਉਸਦਾ ਜ਼ਿਕਰ ਆਮ ਗੀਤਾਂ ਵਿੱਚ ਅਕਸਰ ਹੁੰਦਾ ਰਹਿੰਦਾ ਹੈ। ਬਹੁਤੇ ਲੋਕਾਂ ਦਾ ਖਿਆਲ ਸ਼ਾਇਦ ਇਹੋ ਹੋਵੇਗਾ ਕਿ 'ਤਾਰੀ ਜੈਤੋ ਵਾਲਾ' ਇੱਕ ਵਧੀਆ 'ਤੇ ਮਸ਼ਹੂਰ ਗੀਤਕਾਰ ਹੈ ਪਰ ਤਾਰੀ ਗੀਤ ਨਹੀਂ ਲਿਖਦਾ ਬਲਕਿ ਗੀਤ ਲਿਖਣ ਅਤੇ ਗਾਉਣ ਵਾਲਿਆਂ ਨੂੰ ਐਨੀ ਮੋਹ ਮੁਹੱਬਤ ਦਿੰਦਾ ਹੈ ਕਿ ਉਸ ਦੇ ਪ੍ਰੇਮ-ਵਿਹਾਰ 'ਚ ਆਏ ਗੀਤਕਾਰ ਤਾਰੀ ਦਾ ਆਪਣੇ ਗੀਤਾਂ ਵਿੱਚ ਜ਼ਿਕਰ ਕਰਨਾ ਜਰੂਰੀ ਸਮਝਦੇ ਹਨ। ਜਿਸ ਤੋਂ ਇਹ ਸਾਨੂੰ ਇਹ ਸਿੱਖਿਆ ਮਿਲਦੀ ਹੈ ਸਾਨੂੰ ਸਭ ਨਾਲ ਪ੍ਰੇਮ, ਪਿਆਰ, ਪ੍ਰੀਤ, ਮਿਲਵਰਤਨ, ਭਾਈਚਾਰੇ ਨਾਲ ਪੇਸ਼ ਆਉਣਾ ਚਾਹੀਦਾ ਹੈ।

ਅਵਤਾਰ ਸਿੰਘ ਤਾਰੀ ਦਾ ਜਨਮ 1939 ਵਿੱਚ ਪਾਕਿਸਤਾਨ ਦੇ ਜ਼ਿਲਾ ਮੀਆਂਵਾਲੀ ਦੇ ਪਿੰਡ ਗਾਂਵਰਆਲਾ (ਨੇੜੇ ਬੱਖਰ ਸ਼ਹਿਰ) 'ਚ ਪਿਤਾ ਸ਼੍ਰੀ ਚਰਨ ਸਿੰਘ ਮਾਤਾ ਸ਼੍ਰੀਮਤੀ ਬਲਵੰਤ ਕੌਰ ਦੇ ਘਰ ਹੋਇਆ। ਪਾਕਿਸਤਾਨ ਦੀ ਵੰਡ ਮਗਰੋਂ ਤਾਰੀ ਆਪਣੇ ਪਰਿਵਾਰ ਨਾਲ ਪੰਜਾਬ ਆ ਗਿਆ। ਅੱਜ ਕੱਲ੍ਹ ਜੈਤੋ ਮੰਡੀ ਜ਼ਿਲਾ ਫਰੀਦਕੋਟ ਦੀ ਹਿੰਮਤ ਪੁਰਾ ਬਸਤੀ ਵਿੱਚ ਲੇਖਕ ਪ੍ਰਮੋਦ ਧੀਰ ਦੇ ਘਰ ਦੇ ਬਿਲਕੁੱਲ ਸਾਹਮਣੇ ਘਰ 'ਚ ਰਹਿ ਰਿਹਾ ਹੈ। ਖਾਸ ਗੱਲ ਇਹ ਹੈ ਕਿ ਇਸ ਗਲੀ ਦਾ ਨਾਂ ਵੀ "ਤਾਰੀ ਵਾਲੀ ਗਲੀ" ਵਜੋਂ ਮਸ਼ਹੂਰ ਹੈ ਕਿਉਂਕਿ ਇਸ ਗਲੀ ਵਿੱਚ ਸਭ ਤੋਂ ਪੁਰਾਣਾ ਘਰ ਤਾਰੀ ਦਾ ਹੀ ਸੀ ਜੋ ਕਿ ਹੁਣ ਢਾਅ ਕੇ ਨਵਾਂ ਬਣਾ ਲਿਆ ਹੈ। ਇਸ ਤਾਰੀ ਵਾਲੀ ਗਲੀ ਵਿੱਚ ਹੁਣ ਤਾਂ ਆਬਾਦੀ ਵੀ ਬਹੁਤ ਜ਼ਿਆਦਾ ਵਧ ਚੁੱਕੀ ਹੈ ਹੁਣ ਇਸ ਮੇਨ ਗਲੀ ਦੀਆਂ ਛੇ ਸਬ ਗਲੀਆਂ ਬਣ ਚੁੱਕੀਆਂ ਹਨ ਜੋ ਕਿ ਤਾਰੀ ਵਾਲੀ ਗਲੀ ਦੇ ਨਾਮ ਨਾਲ ਹੀ ਮਸ਼ਹੂਰ ਹਨ।

ਪਿਛਲੇ ਕਈ ਦਹਾਕਿਆਂ ਤੋਂ ਇਲਾਕੇ ਵਿੱਚ ਵਧੀਆ ਸਾਊਂਡ ਸਰਵਿਸ ਕਰਕੇ ਤਾਰੀ ਮਕਬੂਲ ਹੈ ਜਦ ਗਾਇਕੀ ਪ੍ਰਤੀ ਪੁੱਛਿਆ ਤਾਂ ਤਾਰੀ ਦਾ ਕਹਿਣਾ ਹੈ ਕਿ ਪਹਿਲਾਂ ਤੋਂ ਹੀ ਜਦ ਗਾਇਕ ਇਲਾਕੇ ਵਿੱਚ ਪ੍ਰੋਗਰਾਮ ਦੇਣ ਆਉਂਦੇ ਤਾਂ ਮੈਂ ਉੱਥੇ ਆਪਣੀ ਸਾਊਂਡ ਲੈ ਕੇ ਜਾਂਦਾ ਜਿਸ ਨਾਲ ਮੈਂ ਗਾਇਕ-ਪਾਰਟੀਆਂ ਦੇ ਨੇੜੇ ਹੁੰਦਾ ਗਿਆ। ਗਾਇਕ ਵੀ ਮੇਰਾ ਸਾਊਂਡ ਇਨ੍ਹਾਂ ਪਸੰਦ ਕਰਦੇ ਕਿ ਇਲਾਕੇ 'ਚ ਦੂਰ ਦੂਰ ਤੱਕ ਜਿੱਥੇ ਵੀ ਅਖਾੜਾ ਲਗਾਉਣ ਜਾਂਦੇ ਉਹ ਮੇਰੇ ਸਾਊਂਡ ਦੀ ਮੰਗ ਕਰਦੇ। ਹੌਲੀ ਹੌਲੀ ਮੈਂ ਗਾਇਕਾਂ ਦੇ ਐਨਾ ਨੇੜੇ ਹੋ ਗਿਆ ਕਿ ਮੈਨੂੰ ਉਹ ਆਪਣਾ ਹੀ ਸਮਝਣ ਲੱਗ ਪਏ। ਮੈਂ ਵੀ ਦਿਲ ਖੋਲ ਕੇ ਉਨ੍ਹਾਂ ਦੀ ਸੇਵਾ ਕਰਦਾ। ਉਨ੍ਹਾਂ ਦੀ ਸੇਵਾ ਕਰਕੇ ਮਨ ਨੂੰ ਬਹੁਤ ਖੁਸ਼ੀ ਹੁੰਦੀ।



ਉਸਦੀ ਜਸਵੰਤ ਸਿੰਘ ਭੰਵਰਾ ਨਾਲ ਚੰਗੀ ਮਿੱਤਰਤਾ ਬਣੀ ਜਿਸ ਸਦਕਾ ਅਨੇਕਾਂ ਹੋਰ ਗੀਤਕਾਰ ਅਤੇ ਗਾਇਕ ਅਵਤਾਰ ਤਾਰੀ ਦੇ ਯਾਰ-ਬੇਲੀ ਬਣ ਗਏ। ਅਵਤਾਰ ਤਾਰੀ ਦੇ ਪਿਆਰ-ਸਤਿਕਾਰ ਵਿੱਚ ਗਾਇਕ ਪਾਰਟੀਆਂ ਐਨਾਂ ਜਕੜੀਆਂ ਗਈਆਂ ਕਿ ਜੈਤੋ ਦੇ ਆਲੇ-ਦੁਆਲੇ ਪ੍ਰੋਗਰਾਮ ਦੇਣ ਆਉਂਦੇ ਤਾਂ ਤਾਰੀ ਨੂੰ ਹਰ ਹੀਲੇ ਮਿਲ ਕੇ ਹੀ ਜਾਂਦੀਆਂ। ਭਲੇ ਵੇਲਿਆਂ ਦੀ ਤਾਂ ਗੱਲ ਹੀ ਕੁਝ ਹੋਰ ਸੀ। ਅਕਸਰ ਉਸ ਵੇਲੇ ਗਾਇਕ ਪਾਰਟੀਆਂ ਦਿਨ ਵਿੱਚ ਦੀ ਤਿੰਨ-ਤਿੰਨ ਅਖਾੜੇ ਕਰਦੀਆਂ ਅਤੇ ਉਹ ਰਾਤ ਨੂੰ ਠਹਿਰਨ ਦਾ ਪ੍ਰੋਗਰਾਮ ਜੈਤੋ ਵਾਲੇ ਤਾਰੀ ਦੇ ਘਰ ਹੀ ਕਰਦੀਆਂ। ਭਾਵੇਂ ਉਨ੍ਹਾਂ ਸਵੇਰ ਨੂੰ ਪ੍ਰੋਗਰਾਮ ਕਰਨ ਬਠਿੰਡੇ,ਫਰੀਦਕੋਟ, ਮੁਕਤਸਰ ਆਦਿ ਇਲਾਕੇ 'ਚ ਜਾਣਾ ਹੁੰਦਾ ਜਾਂ ਬਰਨਾਲੇ। ਰਾਤ ਨੂੰ ਠਹਿਰਨ ਦਾ ਟਿਕਾਣਾ ਤਾਰੀ ਦਾ ਹੀ ਘਰ ਹੁੰਦਾ। ਤਾਰੀ ਦਾ ਨਾਂ ਹੁਣ ਤੱਕ ਸੈਂਕੜੇ ਗੀਤਾਂ 'ਚ ਸ਼ਾਮਲ ਕੀਤਾ ਜਾ ਚੁੱਕਾ ਹੈ ਜਿੰਨ੍ਹਾਂ ਨੂੰ ਲਿਖਣ ਵਾਲੇ ਗੀਤਕਾਰ ਹਨ: ਬਾਬੂ ਸਿੰਘ ਮਾਨ ਮਰ-ੜਾਂਵਾਲੇ, ਦੀਦਾਰ ਸੰਧੂ, ਸਾਜਨ ਰਾਏਕੋਟੀ, ਗਿੱਲ ਨੱਥੇਹੇੜੀ, ਚਮਕੀਲਾ, ਗੁਰਮੁੱਖ ਸਿੰਘ ਆਜ਼ਾਦ, ਦੇਵ ਥਰੀਕਿਆਂ ਵਾਲਾ, ਬੰਤ ਰਾਮਪੁਰੇ ਵਾਲਾ, ਬਾਂਸਲ ਬਾਪਲੇਵਾਲਾ ਅਤੇ ਜਸਵੰਤ ਸੰਦੀਲਾ ਆਦਿ।

ਇਨ੍ਹਾਂ ਦੇ ਗੀਤਾਂ ਨੂੰ ਆਵਾਜ਼ ਦਿੱਤੀ ਹੈ ਮੁਹੰਮਦ ਸਦੀਕ-ਰਣਜੀਤ ਕੌਰ, ਦੀਦਾਰ ਸੰਧੂ, ਅਮਰ ਸਿੰਘ ਚਮਕੀਲਾ, ਸਨੇਹ ਲਤਾ, ਸੁਰਿੰਦਰ ਛਿੰਦਾ, ਸਰਦੂਲ ਸਿਕੰਦਰ-ਅਮਰਨੂਰੀ, ਅਜੈਬ ਰਾਏ, ਹਾਕਮ ਬਖਤੜੀਵਾਲਾ, ਕਰਤਾਰ ਰਮਲਾ-ਸੁਖਵੰਤ ਸੁੱਖੀ, ਗੁਰਚਰਨ ਪੋਹਲੀ, ਪਰਮਿੰਦਰ ਸੰਧੂ, ਗੁਲਸ਼ਨ ਕੋਮਲ, ਰਾਜਾ ਸਿੱਧੂ, ਸ਼ਰੀਫ ਦਿਲਦਾਰ ਆਦਿ ਗਾਇਕਾਂ ਨੇ। ਕਈ ਸਭਿਆਚਾਰਕ ਸਟੇਜਾਂ ਤੋਂ ਤਾਰੀ ਨੇ ਇਸੇ ਪਿਆਰ ਸਦਕਾ ਸਨਮਾਨ ਵੀ ਪ੍ਰਾਪਤ ਕੀਤੇ ਹਨ ਜਿੰਨ੍ਹਾਂ 'ਚ ਦੀਦਾਰ ਸੰਧੂ ਐਵਾਰਡ ਸ਼ਾਮਲ ਹੈ। ਅਵਤਾਰ ਤਾਰੀ ਅਤੇ ਗੀਤਕਾਰ ਬਾਬੂ ਸਿੰਘ ਮਾਨ ਆਪਸ ਵਿੱਚ ਕਾਫੀ ਨੇੜੇ ਹਨ। ਕਲੀਆਂ ਦੇ ਬਾਦਸ਼ਾਹ ਗਾਇਕ ਕੁਲਦੀਪ ਮਾਣਕ ਵੀ ਤਾਰੀ ਦੇ ਗੂੜ੍ਹੇ ਮਿੱਤਰ ਰਹੇ ਸਨ। ਕੁਲਦੀਪ ਮਾਣਕ ਵੀ ਪ੍ਰਸਿੱਧ ਗਾਇਕ ਬਣਨ ਤੋਂ ਪਹਿਲਾਂ ਆਪਣੇ ਜੱਦੀ ਪਿੰਡ ਜਲਾਲ ਤੋਂ ਆਕੇ ਤਾਰੀ ਕੋਲ ਬੈਠ ਜਾਂਦਾ ਜਿੱਥੇ ਕਿਤੇ ਤਾਰੀ ਸਾਊਂਡ ਲੈ ਕੇ ਜਾਂਦਾ ਉੱਥੇ ਕੁਲਦੀਪ ਮਾਣਕ ਨੂੰ ਵੀ ਨਾਲ ਲੈ ਜਾਂਦਾ 'ਤੇ ਇੱਕ ਦੋ ਗਾਣੇ ਗਾਉਣ ਦਾ ਸਮਾਂ ਦਵਾ ਦਿੱਤਾ ਜਾਂਦਾ। ਹੌਲੀ ਹੌਲੀ ਕੁਲਦੀਪ ਮਾਣਕ ਦੀ ਪ੍ਰਸਿੱਧੀ ਹੋ ਗਈ, ਮਾਣਕ ਜਦ ਵੀ ਜੈਤੋ ਆਉਂਦਾ ਤਾਂ ਤਾਰੀ ਨੂੰ ਜਰੂਰ ਉਸਦੇ ਘਰ ਮਿਲਕੇ ਜਾਂਦਾ। ਕਲਾਕਾਰਾਂ ਤੋਂ ਇਲਾਵਾ ਪੰਜਾਬ ਪੁਲਿਸ ਦੇ ਉੱਚ ਦਰਜੇ ਦੇ ਅਫਸਰ ਵੀ ਤਾਰੀ ਨੂੰ ਬਹੁਤ ਪਿਆਰ ਅਤੇ ਸਤਿਕਾਰ ਕਰਦੇ ਹਨ।

ਅਵਤਾਰ ਸਿੰਘ ਤਾਰੀ ਦਾ ਵਿਆਹ 1959 ਵਿੱਚ ਫੱਗਣ ਮਹੀਨੇ ਹੋਇਆ। ਪਰਿਵਾਰ ਜ਼ਿੰਦਗੀ ਵਿੱਚ ਤਾਰੀ ਆਪਣੀ ਜੀਵਣ ਸਾਥਣ ਅਤੇ 2 ਬੇਟਿਆਂ ਸੰਗ ਵਧੀਆ ਜਿੰਦਗੀ ਬਤੀਤ ਕਰ ਰਿਹਾ ਹੈ। ਦੋ ਲੜਕੀਆਂ ਆਪਣੇ ਸਹੁਰਿਆਂ ਘਰ ਵਧੀਆ ਜਿੰਦਗੀ ਬਤੀਤ ਕਰ ਰਹੀਆਂ ਹਨ। 'ਤਾਰੀ' ਦਾ ਜਿੰਨ੍ਹਾਂ ਗੀਤਾਂ ਵਿੱਚ ਜ਼ਿਕਰ ਹੋਇਆ ਉਨ੍ਹਾਂ 'ਚੋਂ ਕੁਝ ਇਹ ਹਨ:

'ਬੰਦ ਪਿਆ ਦਰਵਾਜ਼ਾ, ਜਿਉਂ ਫਾਟਕ ਕੋਟਕਪੂਰੇ ਦਾ ---'
(ਦੀਦਾਰ-ਅਮਰਨੂਰੀ)
'ਉਮਰ ਨਿਆਣੀ ਵਿੱਚ ਵਿਆਹ ਕਰਵਾ ਕੇ ---'
(ਚਮਕੀਲਾ-ਅਮਰਜੋਤ)
'ਪਿੰਡ ਆਪਣੇ ਵਿੱਚ ਵਾਕਾ ਹੋ ਗਿਆ ਵੇ ---'
(ਮੁਹੰਮਦ ਸਦੀਕ-ਰਣਜੀਤ ਕੌਰ)
'ਔਂਤ ਕੋਲੋਂ ਭਾਲਦੀ ਜੁਆਕ ਗੋਰੀਏ ---'
(ਕਰਤਾਰ ਰਮਲਾ-ਸੁਖਵੰਤ ਸੁੱਖੀ)
'ਮੈਨੂੰ ਕੁੜੀਆਂ ਕਹਿੰਦੀਆਂ-'
'ਸੋਹਣਿਆਂ ਤੂੰ ਢੋਲਾ, ਕੱਲ੍ਹ ਕਿਉਂ ਆਇਆ ---'
(ਅਜੈਬ ਰਾਏ-ਸੁਖਵੰਤ ਕੌਰ)
'ਕੱਚ ਵਰਗੀ ਮੁਟਿਆਰ'---'
(ਗੁਲਸ਼ਨ ਕੋਮਲ-ਕੁਲਦੀਪ ਪਾਰਸ)



**ਪ੍ਰਮੋਦ ਧੀਰ**
**91-98550 31081**

ਦੀਦਾਰ ਸੰਧੂ ਦੇ ਗੀਤਾਂ 'ਚ ਉਸ ਦਾ ਜ਼ਿਕਰ ਇਸ ਪ੍ਰਕਾਰ ਹੈ:
'ਤੈਨੂੰ ਤਾਂ ਦੀਦਾਰ ਮੈਂ ਹਮੇਸ਼ਾ ਰਹਿੰਦੀ ਟੋਲਦੀ, ਤਾਰੀ ਜੈਤੋ ਵਾਲੇ ਨਾਲ ਬਲਾਈ ਵੀ ਨਾ ਬੋਲਦੀ'
'ਜੈਤੋ ਵਾਲੇ ਤਾਰੀ ਵਾਂਗੂ, ਧਰਮਰਾਜ ਬਣ ਰਹਿੰਦਾ ਸੀ'

ਪਿੱਛੇ ਜੇ 3-4 ਸਾਲ ਪਹਿਲਾਂ ਅਵਤਾਰ ਸਿੰਘ ਤਾਰੀ ਦਾ ਅਚਾਨਕ ਐਕਸੀਡੈਂਟ ਹੋ ਗਿਆ ਸੀ ਦਿਮਾਗ ਦਾ ਮੇਜਰ ਆਪਰੇਸ਼ਨ ਹੋਇਆ ਜਿਸ ਕਾਰਣ ਇਨ੍ਹਾਂ ਦਾ ਲੰਮਾਂ ਸਮਾਂ ਇਲਾਜ ਚੱਲਿਆ, ਕਾਫੀ ਸਮੇਂ ਬਾਅਦ ਯਾਦਾਸ਼ਤ ਵਾਪਿਸ ਆਈ। ਕਾਫੀ ਪੈਸਾ ਖਰਚ ਹੋਣ ਕਾਰਣ ਘਰ ਦੀ ਮਾਲ੍ਹੀ ਹਾਲਤ ਵੀ ਵਿਗੜ ਗਈ ਪੁੱਤਰ ਦੀ ਨੌਕਰੀ ਵੀ ਚਲੀ ਗਈ।

ਹੁਣ ਉਹ ਠੀਕ ਠਾਕ ਹਨ ਪਰ ਐਕਸੀਡੈਂਟ ਤੋਂ ਬਾਅਦ ਘਰ ਹੀ ਹਨ ਕਿਉਂਕਿ ਤੁਰਨ ਫਿਰਨ 'ਚ ਦਿੱਕਤ ਆਉਂਦੀ ਹੈ। ਇਹ ਆਪਣੇ ਛੋਟੇ ਪੁੱਤਰ ਅਮਰਜੀਤ ਸਿੰਘ ਮੱਕੜ (ਵਿੱਕੀ) ਨਾਲ ਜੈਤੋ ਵਿਖੇ ਹੀ ਰਹਿ ਰਹੇ ਹਨ। ਮੇਰੀ ਸਮੂਹ ਗਾਇਕਾਂ, ਗੀਤਕਾਰਾਂ, ਕਲਾਕਾਰਾਂ ਤੇ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਇਸ ਅਨਮੁੱਲੇ ਹੀਰੇ ਨੂੰ ਅਣਗੌਲਿਆ ਨਾਂ ਕੀਤਾ ਜਾਵੇ ਸਗੋਂ ਅਵਤਾਰ ਸਿੰਘ ਤਾਰੀ ਦੇ ਪਰਿਵਾਰ ਦੀ ਸਾਰ ਲਈ ਜਾਵੇ ਤਾਂ ਜੋ ਪੰਜਾਬੀ ਸਭਿਆਚਾਰ ਨੂੰ ਪਿਆਰ ਕਰਨ ਵਾਲੀ ਇਸ ਸ਼ਖਸ਼ੀਅਤ ਨੂੰ ਮਾਂ ਬੋਲੀ ਪੰਜਾਬੀ ਦੀ ਸੇਵਾ ਕਰਨ ਦਾ ਹੋਰ ਮੌਕਾ ਮਿਲ ਸਕੇ।

# ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਹਫਤਾਵਾਰੀ ਦੀਵਾਨਾਂ ਦੌਰਾਨ ਭਾਰਤ ਤੋਂ ਆਏ ਨਵੇਂ ਪਰਿਵਾਰਾਂ ਨੂੰ ਜੀਅ ਆਇਆਂ ਤੇ ਸਿਰੋਪਾਓ ਦੀ ਬਖਸ਼ਿਸ਼

**ਯੂਬਾ ਸਿਟੀ (ਬਿਊਰੋ)–** ਮਹਾਂਰਿਸ਼ੀ ਵਾਲਮੀਕ ਸਭਾ ਯੂਬਾ ਸਿਟੀ (ਕੈਲੇਫੋਰਨੀਆ) ਵੱਲੋਂ ਜਦੋਂ ਦਾ ਭਗਵਾਨ ਵਾਲਮੀਕ ਮੰਦਰ ਬਣਾਇਆ ਹੈ, ਉਸ ਵਕਤ ਤੋਂ ਦਿਨ ਤਿਉਹਾਰਾਂ ਤੋਂ ਇਲਾਵਾ ਹਰੇਕ ਐਤਵਾਰ ਨੂੰ ਹਫਤਾਵਰੀ ਪ੍ਰੋਗਰਾਮ ਕੀਤੇ ਜਾਂਦੇ ਹਨ, ਜਿਸ ਦੌਰਾਨ ਸੰਗਤਾਂ ਆਪਣੀ ਵਿੱਤ ਅਨੁਸਾਰ ਸਮਾਂ ਕੱਢਦੇ ਹੋਏ ਹਾਜ਼ਰੀਆਂ ਭਰ ਕੇ ਮੰਦਰ ਦੀ ਰੌਣਕ ਵਧਾਉਂਦੀਆਂ ਹਨ। ਇਸ ਮੰਦਰ ਦੀ ਪ੍ਰਬੰਧਕ ਕਮੇਟੀ ਦੀ ਇਹ ਸਿਫਤ ਹੈ ਕਿ ਉਹ ਉਹਨਾਂ ਪਰਿਵਾਰਾਂ ਜਾਂ ਵਿਅਕਤੀਗਤ ਤੌਰ ’ਤੇ ਜੋ ਪਹਿਲਾਂ ਭਾਰਤ ਤੋਂ ਆਉਂਦੇ ਹਨ ਤੇ ਮੰਦਰ ਨਤਮਸਤਕ ਹੋਣ ਤੇ ਉਹਨਾਂ ਪਰਿਵਾਰਾਂ ਅਤੇ ਵਿਅਕਤੀਗਤ ਸ਼ਰਧਾਲੂਆਂ ਦਾ ਮੰਦਰ ਕਮੇਟੀ ਉਹਨਾਂ ਨੂੰ ਨਿੱਘੇ ਦਿਲੀ ਜੀਅ ਆਇਆਂ ਨੂੰ ਆਖਦੀ ਹੈ ਤੇ ਨਿੱਘੇ ਸਵਾਗਤ ਵਜੋਂ ਸਿਰੋਪਾਓ ਨਾਲ ਸਨਮਾਨ ਵੀ ਕਰਦੀ ਹੈ। ਇਸ ਦੇ ਨਾਲ ਉਹਨਾਂ ਪਰਿਵਾਰਾਂ ਜਾਂ ਵਿਅਕਤੀਗਤ ਤੌਰ ’ਤੇ ਜੋ ਭਗਵਾਨ ਵਾਲਮੀਕ ਮੰਦਰ ’ਚ ਯੂਬਾ ਸਿਟੀ ਜਾਂ ਅਮਰੀਕਾ ਆਦਿ ਹੋਰਨਾਂ ਮੁਲਕਾਂ ਤੋਂ ਵੀ ਨਤਮਸਤਕ ਹੁੰਦੇ ਹਨ, ਉਹਨਾਂ ਦਾ ਵੀ ਇਸੇ ਭਾਵਨਾ ਨਾਲ ਸਵਾਗਤ ਕੀਤਾ ਜਾਂਦਾ ਹੈ ਅਤੇ ਸਿਰੋਪਾਓ ਦੀ ਬਖਸ਼ਿਸ਼ ਹੁੰਦੀ ਹੈ।

ਲੰਘੇ ਐਤਵਾਰ 18 ਮਾਰਚ 2018 ਨੂੰ ਪਹਿਲੀ ਵਾਰ ਭਾਰਤ ਤੋਂ ਆਉਣ ਵਾਲੇ ਪਰਿਵਾਰ (1) ਸ੍ਰੀ ਕਸ਼ਮੀਰ ਸਿੰਘ ਮੋਮੀ, ਉਹਨਾਂ ਦੀ ਸੁਪਤਨੀ ਸ੍ਰੀਮਤੀ ਬਲਵਿੰਦਰ ਕੌਰ ਤੇ ਸਪੁੱਤਰ ਕਮਲ ਮੋਮੀ (2) ਸ੍ਰੀ ਪਿਆਰਾ ਲਾਲ ਅਟਵਾਲ ਅਤੇ ਉਹਨਾਂ ਦਾ ਪਰਿਵਾਰ (3) ਸ੍ਰੀ ਸੁਸ਼ੀਲ ਕੁਮਾਰ ਗਿੱਲ ਅਤੇ ਉਹਨਾਂ ਦਾ ਪਰਿਵਾਰ ਅਤੇ ਸ੍ਰੀ ਕਮਲ ਨਾਹਰ ਜੀ ਦਾ ਭਾਰਤ ਤੋਂ ਪਹਿਲੀ ਵਾਰ ਅਮਰੀਕਾ ਆਉਣ ਉਪਰੰਤ ਭਗਵਾਨ ਵਾਲਮੀਕ ਮੰਦਰ ਯੂਬਾ ਸਿਟੀ ਵਿਖੇ ਨਤਮਸਤਕ ਹੋਣ ’ਤੇ ਉਪਰੋਕਤ ਪਰਿਵਾਰਾਂ ਦਾ ਨਿੱਘਾ ਦਿਲੀ ਸਵਾਗਤ ਕਰਦਿਆਂ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਅੱਜ ਦੇ ਹਫਤਾਵਾਰੀ ਪ੍ਰੋਗਰਾਮ ਦੌਰਾਨ ਸਵੇਰੇ ਸਾਢੇ 10 ਵਜੇ ਸ੍ਰੀ ਯੋਗ ਵਸ਼ਿਸ਼ਟ ਜੀ ਦੇ ਪਾਠ ਪੜ੍ਹੇ ਗਏ ਅਤੇ ਦੁਪਹਿਰ 12 ਵਜੇ ਅਰਦਾਸ ਅਤੇ ਆਰਤੀ ਕੀਤੀ ਗਈ। ਇਸ ਉਪਰੰਤ ਨਾਮਵਰ ਗਾਇਕ ਕਲਾਕਾਰ ਸਰਵ ਸ੍ਰੀ ਭੁਪਿੰਦਰ ਸਿੰਘ ਭਿੰਦਾ, ਅਮਨਦੀਪ ਸਹੋਤਾ, ਪਲਵਿੰਦਰ ਸਹੋਤਾ, ਜੋਗਿੰਦਰ ਸਿੰਘ ਸ਼ੌਂਕੀ ਅਤੇ ਬੀਬੀ ਸਵਰਨੀ ਭਗਾਨੀ ਆਦਿ ਨੇ ਬਹੁਤ ਹੀ ਰਸਭਿੰਨੇ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਅੱਜ ਦੇ ਸਮਾਗਮ ਦੀ ਸਮਾਪਤੀ ਉਪਰੰਤ ਪ੍ਰਬੰਧਕ ਕਮੇਟੀ ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਭਗਵਾਨ ਵਾਲਮੀਕ ਮੰਦਰ ਦੀ ਡਿਵੈਲਪਮੈਂਟ ਪ੍ਰਤੀ ਖੂਬ ਵਿਚਾਰਾਂ ਹੋਈਆਂ।

ਸਟੇਜ ਦੀ ਸੇਵਾ ਬਹੁਤ ਹੀ ਚੰਗੇ ਤਰੀਕੇ ਨਾਲ ਸ੍ਰੀ ਵਿਨੋਦ ਗਿੱਲ ਜੀ ਨੇ ਨਿਭਾਈ ਅਤੇ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਸਮੂਹ ਸੰਗਤਾਂ ਦਾ, ਕਲਾਕਾਰਾਂ ਦਾ ਕੋਟਿਨ ਕੋਟਿ ਧੰਨਵਾਦ ਕੀਤਾ, ਜਿਹਨਾਂ ਆਪਣਾ ਕੀਮਤੀ ਸਮਾਂ ਧਾਰਮਿਕ ਕੰਮਾਂ ਲਈ ਲਗਾਇਆ ਅਤੇ ਇਸ ਦੇ ਨਾਲ-ਨਾਲ ਹੀ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ ਨੇ ਭਾਰਤ ਤੋਂ ਆਏ ਸਮੂਹ ਪਰਿਵਾਰਾਂ ਨੂੰ ਮੰਦਰ ਆਉਣ ’ਤੇ ਸਵਾਗਤ ਅਤੇ ਧੰਨਵਾਦ ਕੀਤਾ ਅਤੇ ਭਗਵਾਨ ਵਾਲਮੀਕ ਜੀ ਅੱਗੇ ਸਨਿਮਰ ਬੇਨਤੀ ਕੀਤੀ ਕਿ ਇਹਨਾਂ ਪਰਿਵਾਰਾਂ ਨੂੰ ਅਮਰੀਕਾ ਵਿਚ ਵੀ ਚੜ੍ਹਦੀਕਲਾ ਵਿਚ ਰੱਖਣਾ।













# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust



# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

**3525 Highway 99, West Corning, CA 96021**

Across the Street from TA Truck Stop

# ਸਾਹਿਤਕ ਪੈੜਾਂ- ਕੁਝ ਰਚਨਾਵਾਂ

## ਤੇਰਾ ਫਾਇਦਾ ਹੋ ਜੂ



ਜੇ ਮੁੰਡਿਆ ਤੈਨੂੰ ਕੰਮ ਨਹੀਂ ਲਭਦਾ,
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।

ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ ।
ਵਾਟਰ ਟੇਬਲ ਥੱਲੇ ਲੱਗਾ, ਮਿਟੀ ਚ ਰਿਹਾ ਨਾ ਤੱਤ ।
ਨਵੀਆਂ ਕਿਸਮਾਂ, ਕੱਦ ਸੀ ਛੋਟੇ, ਥੋੜੇ ਦਿਨਾਂ ਚ ਜਾਵੇ ਪੱਕ ।
ਗਿਆਰਾਂ ਟਨ ਅਨਾਜ਼ ਹੈ ਹੁੰਦਾ ਏਕੜ ਵਿਚੋਂ ਇਕੇ ਸਾਲ ਚ, ਧਰਤੀ ਮਾਂ ਗਈ ਥੱਕ ।
ਪੰਜਾਹ ਸਾਲ ਤੋਂ ਕੱਣਕ ਤੇ ਝੋਂਨਾ, ਹੋ ਗਈ ਹੈ ਅੱਤ ।
ਫਸਲੀ ਚੱਕਰ ਬਦਲਨਾਂ ਪੈਣਾ, ਅਕਾਸ਼ਵਾਣੀ ਤੋਂ ਕਹਿੰਦਾ ਫੌਜੂ ।
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।

ਬਿਨਾਂ ਰੁੱਤ ਪਨੀਰੀ ਲਾਂਈ, ਖੂਹ ਦੇ ਨੇੜੇ ਪੌਲੀ ਹਾਉਸ ਬਣਾ ਲੈ ।
ਬੈਂਗਣ, ਟਮਾਟਰ, ਮਿਰਚਾਂ ਦੇ ਸੌ – ਸੌ ਬੂਟੇ, ਗੁਸ਼ੀ ਵਿਚ ਬਨਾ ਲੈ ।
ਵੀਹ ਪਰਸੈਂਟ ਪਰੋਫਿਟ ਰੱਖੀਂ, ਖਰਚੇ ਦਾ ਹਿਸਾਬ਼-ਕਿਤਾਬ਼ ਲਗਾ ਲੈ ।
ਹੋਕਾ ਦੇਵੀਂ ਪਨੀਰੀ ਵੇਚਣ ਦਾ, ਅਖ਼ਬਾਰ ਚ ਐਡ ਲਵਾ ਲੈ ।
ਸੈਲ ਫੋਨ ਤੇ ਸ਼ੋਛਿਲ ਮੀਡੀਆ ਵੇਖੂ, ਵੈਬ ਸਾਈਟ ਬਣਾ ਲੈ ।
ਰੋਜ਼ਗਾਰ ਗਰੀਬ਼ ਨੂੰ ਦੇਵੀਂ, ਪੱਕੀ ਲੇਬ਼ਰ ਖੂਹ ਤੇ ਬੈਹ ਜੂ ।
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।

ਸਬਜੀ ਵੇਚ ਸੀਜਨ ਤੋਂ ਪਹਿਲਾਂ ਜਾਂ ਮਗਰੋਂ, ਚੋਖਾ ਧੰਨ ਕਮਾ ਲੈ ।
ਜੇ ਤੂੰ ਅਗੇ ਕੰਮ ਵਧਾਉਣਾ, ਪਿੰਡ ਚ ਦਾਲ ਮਿਲ ਲਵਾ ਲੈ ।
ਮੂੰਗੀ, ਮਸਰੀ, ਛੋਲੇ ਦਲ਼ ਕੇ, ਛੋਟੇ-ਵੱਡੇ ਪੈਕਟ ਜਹੇ ਬਣਾ ਲੈ ।
ਇਕ ਕਿਲੋ, ਦੋ ਕਿਲੋ, ਪੋਲੀਥੀਨ ਦੇ ਲਿਫਾਫੇ ਵਿਚ ਸੀਲ ਬੰਦ ਕਰਾ ਲੈ ।
ਜੇ ਤੈਨੂੰ ਕੁਝ ਸੁਜਦਾ ਨਹੀਂ ਪਿੰਡ ਚ ਡਾ. ਅਸ਼ੋਕ ਤੋਂ ਕੈਂਪ ਲਵਾ ਲੈ ।
ਖੇਤੀਬਾੜੀ ਯੁਨੀਵਰਸਿਟੀ ਦੀ ਟੀਮ ਪਿੰਡ ਚ ਆਉ, ਬੈਹਜਾ-ਬੈਹਜਾ ਹੋ ਜੂ ।
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।

ਸਹਾਇਕ ਧੰਦੇ ਕਰਨੇ ਪੈਣੇ, ਜਿਨਸਾਂ ਦੇ ਭਾਅ ਨੇ ਮਾੜੇ ।
ਨੌਕਰੀਆਂ ਤੇ ਬੈਨ ਲੱਗ ਦਾ ਜਾਂਦਾ, ਕੀ ਕਰਨਗੇ ਪਾੜੇ ।
ਜੇ ਨਸ਼ਿਆਂ ਦੇ ਰਾਹ ਤੇ ਪੈ ਗਏ, ਫਿਰ ਸਮਝੋ ਮੁਰਦਾ ਖਫ਼ਣ ਫਾੜੇ ।
ਸੱਚੀਆਂ ਗੱਲਾਂ ਕਹ ਹੋ ਜਾਂਦੀਆਂ, ਲਗਦੇ ਬੋਲ ਕਰਾਰੇ ।
ਸਰਕਾਰ ਕਹਿੰਦੀ ਚੰਗੇ ਦਿਨ ਆ ਗਏ, ਲਗਦੇ ਅਗੇ ਨਾਲੋਂ ਵੀ ਮਾੜੇ ।
ਜੇ ਹਵਾ ਏਦਾਂ ਰਹੀ, ਤਾਂ ਫਿਰ ਕੀ ਪਿਛੇ ਰੈਹ ਜੂ ।
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।
ਜੇ ਮੁੰਡਿਆ ਤੈਨੂੰ ਕੰਮ ਨਹੀਂ ਲਭਦਾ,
ਕੋਈ ਵੀ ਕਿਰਤੀ ਕਰ ਲੈ, ਉਹ ਤੇਰਾ ਫੈਦਾ ਹੋ ਜੂ ।
ਗਰੀਨ ਹਾਉਸ ਬਣਾ ਲੈ, ਉਹ ਤੇਰਾ ਫੈਦਾ ਹੋ ਜੂ ।

**– ਡਾ. ਚਰਨਜੀਤ ਸਿੰਘ ਪੰਨੂੰ**
**408-646- 3597**

## ਤਰੱਕੀ



ਕੈਸੀ ਲੋਕੋ ਸਮੇਂ ਦੀ ਹਨ੍ਹੇਰੀ ਚੱਲੀ ਐ,
ਸੱਭ ਕੁੱਝ ਮੁਕਿਆ ਤਰੱਕੀ ਰਹੀ ਕੱਲੀ ਐ,
ਅੰਨ ਵਿੱਚ ਪਈਆਂ ਲੋਕੋ ਜ਼ਹਿਰਾਂ ਰਲੀਆਂ,
ਚੜ੍ਹਦੀ ਜਵਾਨੀ, ਲੱਗੇ ਉਮਰਾਂ ਨੇਂ ਢਲੀਆਂ ।

ਹਲ਼ ਤੇ ਪੰਜਾਲੀਆਂ ਕਿੱਲੀਆਂ ਤੇ ਟੰਗੀਆਂ,
ਬਲਦਾਂ ਦੇ ਗਲ਼ ਚ ਨਾਂ ਰਹੀਆਂ ਟੱਲੀਆਂ,
ਦੁੱਧ ਚ ਨਾ ਹੁਣ ਪੈਂਦੀਆਂ ਮਧਾਣੀਆਂ,
ਜੀਨ ਸ਼ੀਨ ਪਾਉਣ ਲੱਗੀਆਂ ਸੁਆਣੀਆਂ ।

ਗੁੱਟਕੇ ਦੀ ਥਾਂ ਲੈ ਲਈ ਮੋਬੈਲ ਨੇਂ,
ਨਸ਼ਿਆਂ ਨੇਂ ਖਾਧੇ ਪੁੱਤ ਉਤੋਂ ਉਤੋਂ ਸ਼ੈਲ ਨੇਂ,
ਬਾਪੂ ਦੀ ਬਣਾਈ ਪੈਲੀ ਵੇਚ ਵੱਟਤੀ,
ਧੀ ਓਏ ਪੰਜਾਬਿਆ ਫੈਸ਼ਨਾ ਨੇ ਪੱਟਤੀ ।

ਆਖਦੇ ਸਿਆਣੇ ਮਾਂ ਬਿਨਾਂ ਸੰਘਣੀ ਛਾਂ ਕੋਈ ਨਾ,
ਪੋਸ਼ ਨਵਾਂ ਆਖੇ ਸਾਨੂੰ ਪਰਵਾਹ ਕੋਈ ਨਾ,
ਮਾਂ ਬੋਲੀ ਥਾਂ ਥਾਂ ਤੇ ਖੁਲਗੇ ਸਕੂਲ ਖਾ ਗਏ,
ਵਿਰਸ਼ਾ ਭੁਲਾ ਕੇ ਬੁੱਧੂ ਘਰ ਆ ਗਏ,

ਕੋਠੀਆਂ ਨੇ ਜਨੌਰਾਂ ਦੇ ਵਸੇਵੇ ਪੱਟਤੇ,
ਕੁਦਰਤ ਜਾਏ ਸਾਰੇ ਰੁੱਖ ਕੱਟ ਤੇ,
ਹੁਣ ਨਾ ਬਨ੍ਹੇਰੇ ਉੱਤੇ ਬੋਲੇ ਕਾਂ ਏ,
ਪੁੱਤ ਬੈਠਾ ਸ਼ਹਿਰ ਪਿੰਡ ਕੱਲੀ ਮਾਂ ਏ ।

**– ਬਲਜੀਤ ਸਿੰਘ ਸਿੱਧੂ**

## (ਮਿੰਨੀ ਕਹਾਣੀ) ਸੱਚਾ ਦੋਸਤ

ਜੱਸਾ ਤੇ ਗੁਰਦੀਪ ਦੋਹੇ ਚੰਗੇ ਦੋਸਤ ਸਨ । ਘਰ ਦੀਆ ਮਜਬੂਰੀਆਂ ਦੋਹਾਂ ਨੂੰ ਵਿਦੇਸ਼ ਖਿੱਚ ਲੈ ਆਈਆ । ਦੇਹੋ ਵਿਦੇਸ਼ ਵਿਚ ਕਰਾਏ ਦੇ ਕਮਰੇ ਵਿਚ ਰਹਿੰਦੇ ਸਨ ।

ਇੱਕ ਦਿਨ ਜਦੋ ਗੁਰਦੀਪ ਕੰਮ ਤੋਂ ਬਾਅਦ ਘਰ ਆਇਆ ਤਾਂ ਉਸ ਨੇ ਦੇਖਿਆ ਘਰ ਦਾ ਕਾਫੀ ਸਮਾਨ ਗਾਇਬ ਹੈ । ਪੈਸੇ , ਕਪੜੇ ਅਤੇ ਹੋਰ ਵੀ ਲੋੜੀਂਦਾ ਸਮਾਨ ਨਹੀਂ ਸੀ। ਉਸ ਨੇ ਜੱਸੇ ਨੂੰ ਫੋਨ ਲਗਾਇਆ ਤਾਂ ਜੱਸੇ ਨੇ ਆਖਿਆ ਮੈ ਤਾਂ ਸ਼ਹਿਰ ਤੋ ਬਾਹਰ ਕੰਮ ਲਈ ਆਇਆ ਹੋਇਆ ਹਾਂ। ਫਿਰ ਕੁੱਝ ਹੀ ਦਿਨਾਂ ਬਾਅਦ ਜੱਸੇ ਦਾ ਖੁਦ ਫੋਨ ਆਇਆ ਤੇ ਉਹ ਰੋ ਰੋ ਕੇ ਦੱਸਣ ਲੱਗਾ ਕਿ ਸਾਰਾ ਸਮਾਨ ਉਸ ਨੇ ਹੀ ਲਿਆ ਸੀ । ਉਸ ਨੂੰ ਦੂਸਰੇ ਸ਼ਹਿਰ ਨੌਕਰੀ ਮਿਲ ਗਈ ਸੀ ਤਾਂ ਸਾਰਾ ਸਮਾਨ ਵੀ ਉਹ ਆਪਣੇ ਨਾਲ ਲੈ ਗਿਆ । ਜਿਸ ਵਿਚ ਗੁਰਦੀਪ ਦਾ ਵੀ ਸਮਾਨ ਸੀ । ਪਰ ਹੁਣ ਉਹ ਸਮਾਨ ਤੇ ਪੈਸੇ ਵੀ ਉਸ ਕੋਲ ਨਾ ਰਹੇ। ਉਸਨੂੰ ਉਸਦੇ ਹੀ ਕਿਸੇ ਦੋਸਤੇ ਨੇ ਮੂਰਖ ਬਣਾ ਕੇ ਠੱਗ ਲਿਆ।

ਇਹ ਸਭ ਸੁਣ ਕੇ ਗੁਰਦੀਪ ਆਖਣ ਲੱਗਾ ਕੋਈ ਗੱਲ ਨਹੀ ਯਾਰਾ ਕਿਸੇ ਚੀਜ਼ ਦੀ ਵੀ ਲੋੜ ਪਈ ਤਾਂ ਦੱਸ ਦੇਵੀ । ਆਖਰ ਆਪਾ ਬਚਪਨ ਦੇ ਯਾਰ ਹਾਂ। ਇਹ ਸੁਣ ਕੇ ਜੱਸੇ ਨੂੰ ਆਪਣੇ ਆਪ ਤੇ ਸ਼ਰਮਿੰਦਗੀ ਆਉਣ ਲੱਗੀ ਕਿ ਉਸ ਨੇ ਕੁਝ ਪੈਸੇ ਦੇ ਲਾਲਚ ਲਈ ਆਪਣੇ ਸੱਚੇ ਦੋਸਤ ਨਾਲ ਇਸ ਤਰਾਂ ਦੀ ਨੀਚ ਹਰਕਤ ਕੀਤੀ ।

**-ਕਿਰਨਪ੍ਰੀਤ ਕੌਰ**
**ਅਸਟਰੀਆ (0068864013133)**

## (ਮਿੰਨੀ ਕਹਾਣੀ) ਗਰੀਬ ਦਾ ਮਜ਼ਾਕ (ਵਿਆਹ ਦੀ ਭਾਜੀ



ਪਰਸ਼ੋਤਮ ਲਾਲ ਸਰੋਏ
92175-44348

ਬਚਨ ਕੌਰ ਦੇ ਘਰ ਪੁੱਤ ਦਾ ਵਿਆਹ ਆ ਗਿਆ ਸੀ। ਮੁੰਡਾ ਕਿਸੇ ਚੰਗੀ ਸਰਕਾਰੀ ਨੌਕਰੀ ’ਤੇ ਲੱਗਾ ਹੋਇਆ ਸੀ। ਬਚਨ ਕੌਰ ਬੜੀ ਖੁਸ਼ ਸੀ ਸੁੱਖ ਨਾਲ ਪਤੀ ਵੀ ਬਾਹਰੋਂ ਚੰਗੀ ਕਮਾਈ ਕਰਕੇ ਆਇਆ ਸੀ। ਘਰ ਵਿੱਚ ਸਾਰੇ ਸੁੱਖ ਦੇ ਸਾਧਨ ਮੌਜੂਦ ਸਨ। ਬਚਨ ਕੌਰ ਦੇ ਪਤੀ ਨੂੰ ਬੜਾ ਈ ਘੁਮੰਡ ਸੀ ਪੈਸਿਆਂ ਦਾ। ਸ਼ਾਇਦ ਪੈਸੇ ਨੇ ਹੀ ਉਸਦੀ ਅਕਲ ਦਾ ਖ਼ਾਨਾ ਖਾਲੀ ਕਰ ਛੱਡਿਆ ਸੀ। ਜਦੋਂ ਵੀ ਕੋਈ ਗੱਲ ਕਰਦਾ ਬਸ ਜਗੋਂ ਤੇਰਵੀਂ ਈ ਕਰਦਾ ਸੀ ਉਹ। ਮਾਤਾ-ਪਿਤਾ ਤੇ ਭੈਣ-ਭਾਈ ਸਾਰੇ ਈ ਬੜੇ ਚੰਗੇ ਸਨ। ਪਰ ਉਹ ਕੁਝ ਅਲਹਿਦਾ ਹੀ ਸੀ। ਪਤਾ ਨੀਂ ਉਹ ਮਾਤਾ-ਪਿਤਾ ਦੇ ਦਿੱਤੇ ਸੰਸਕਾਰ ਭੁੱਲ ਗਿਆ ਸੀ ਜਾਂ ਕਿਸੇ ਬਾਹਰੀ ਚਕਾਚੌਂਕ ਵਿੱਚ ਖੋਹ ਕੇ ਬੰਦਾ ਨਾ ਰਹਿ ਕੇ ਕੋਈ ਭਗਵਾਨ ਬਣ ਗਿਆ ਸੀ। ਵਿਆਹ ਦੀ ਖੁਸ਼ੀ ਨਾਲ ਥੋੜਾ ਹੋਰ ਵਲਵਲੇਵਿਆਂ ਵਿੱਚ ਜਕੜਿਆ ਗਿਆ ਸੀ ਉਹ। ਮੁੰਡੇ ਦਾ ਵਿਆਹ ਹੋ ਗਿਆ ਸੀ। ਅੰਦਰੋਂ ਕਿਸੇ ਹੰਕਾਰ ਨਾਲ ਭਰਿਆ-ਪੀਤਾ ਆਪਣੇ ਘਰ ਦੇ ਗੇਟ ਦੇ ਮੂਹਰੇ ਸਦਾ ਦਾ ਮਾਲਕ ਬਣ ਕੇ ਉੱਚੀ ਧੌਣ ਚੁੱਕ ਕੇ ਟਹਿਲ ਰਿਹਾ ਸੀ। ਏਨੇ ਨੂੰ ਕੋਈ ਵਾਕਿਫ਼ ਗਰੀਬ ਬੰਦਾ ਉਧਰ ਆ ਨਿਕਲਿਆ।

’ਵਧਾਈਆ ਬਈ ਤੈਨੂੰ! ਬਹੁਤ-ਬਹੁਤ ਵਧਾਈਆਂ ਹੋਣ ਬਈ ਤੈਂਅ ਮੁੰਡੇ ਦਾ ਵਿਆਹ ਕੀਤਾ ਏ, ਪਾਰਟੀ ਬਣਦੀ ਆ ਵਧਾਈਆਂ ਤੇ ਦੇ ਦੇ?’’ ਉਸ ਗਰੀਬ ਆਦਮੀ ਨੇ ਸੁਆਲ ਕੀਤਾ। ਉਹ ਬੰਦਾ ਪੈਸੇ ਦੀ ਹੈਂਕੜ ਵਿੱਚ ਗਰੱਸਿਆ ਹੋਇਆ ਉਸ ਬੰਦੇ ਨੂੰ ਨਾਲ ਲੈ ਕੇ ਅੰਦਰ ਗਿਆ ਤੇ ਕਹਿਣ ਲੱਗਾ,

’’ਵਧਾਈ ਤਾਂ ਦੇ ਦਿੰਦੇ ਆਂ! ਪਰ ਆਹ ਅੰਦਰ ਥੋੜਾ ਕੂੜਾ-ਕਰਕਟ ਪਿਆ ਹੈ, ਇਸ ਨੂੰ ਬਾਹਰ ਸੁੱਟ ਦੇ?’’ ਨਾਲ ਹੀ ਉਸ ਦੇ ਹੱਥ ਵਿੱਚ ਇੱਕ ਲਿਫ਼ਾਫ਼ਾ ਫੜਾ ਦਿੱਤਾ ਜਿਸ ਵਿੱਚ ਕਿ ਕੁਝ ਸਾਮਾਨ ਸੀ। ’’ਆਹ ਰੱਖ ਲੈ, ਇਹ ਵਿਆਹ ਦੀ ਭਾਜੀ ਆ!’’ ਉਸ ਭੋਲੇ-ਭਾਲੇ ਗਰੀਬ ਬੰਦੇ ਨੇ ਉਹ ਭਾਜੀ ਵਾਲਾ ਲਫ਼ਾਫ਼ਾ ਫੜਿਆ ਤੇ ਘਰ ਦੇ ਨਾਲ ਲੱਗਦੀ ਇੱਕ ਦੁਕਾਨ ਦੇ ਅੰਦਰ ਚਲਾ ਗਿਆ।

’’ਆਹ ਜ਼ਰਾ ਕੁ ਏਥੇ ਰੱਖ ਲਓ।’’ ਕਹਿ ਕੇ ਉਹ ਬਾਹਰ ਜਾ ਕੇ ਸਫ਼ਾਈ ਕਰਨ ਲੱਗਾ। ਦੁਕਾਨਦਾਰ ਅਸਲੀਅਤ ਤੋਂ ਕੁਝ ਵਾਕਿਫ਼ ਸੀ ਤੇ ਜਦ ਭਾਜੀ ਦਾ ਲਿਫ਼ਾਫ਼ਾ ਉਸਨੇ ਖੋਲ ਕੇ ਦੇਖਿਆ ਤਾਂ ਉਹ ਚੱਕਿਤ ਰਹਿ ਗਿਆ। ’’ਹੈਂਅ.. ! ਇਹ ਕੀ! ...... ਸੁੱਕੀਆਂ ਰੋਟੀਆਂ......! ਦਾਲ ਦੇ ਲਿਬੜੇ ਹੋਏ ਡੂਨੇ....!’’ ਇਹ ਸਭ ਕੁਝ ਦੇਖ ਕੇ ਦੁਕਾਨਦਾਰ ਨੂੰ ਉਸ ਗਰੀਬ ਆਦਮੀ ਦੇ ਭੋਲੇਪਨ ’ਤੇ ਤਰਸ ਵੀ ਆਇਆ ਤੇ ਗਰੀਬਾਂ ਦੀ ਅਜਿਹੀ ਤਰਸਯੋਗ ਹਾਲਤ ’ਤੇ ਅਫ਼ਸੋਸ ਵੀ ਹੋਇਆ। ਉਹ ਇਸ ਲਈ ਕਿ ਉਸ ਲਿਫ਼ਾਫ਼ੇ ਵਿੱਚ ਕੁਝ ਸੁੱਕੀਆਂ ਰੋਟੀਆਂ ਪਾਈਆਂ ਹੋਈਆਂ ਸਨ ਜੋ ਕਿ ਤਿੰਨ-ਚਾਰ ਦਿਨ ਦੀਆਂ ਵੇਹੀਆਂ ਰੱਖੀਆਂ ਜਾਪ ਰਹੀਆਂ ਸਨ ਤੇ ਉਸ ਦੇ ਨਾਲ ਹੀ ਦਾਲ ਦੇ ਲਿਬੜੇ ਹੋਏ ਕੁਝ ਡੂਨੇ ਵੀ ਸਨ। ਮੌਕੇ ਦਾ ਗਵਾਹ ਦੁਕਾਨਦਾਰ ਇਸ ਸਭ ਕਾਸੇ ’ਤੇ ਬੜਾ ਦੁੱਖ ਮਹਿਸੂਸ ਕਰਦਾ ਹੋਇਆ ਸੋਚ ਰਿਹਾ ਸੀ, ’’ਸ਼ਾਇਦ ਇਹ ਗਰੀਬਾਂ ਨਾਲ ਕੀਤਾ ਜਾਣ ਵਾਲਾ ਕੋਝਾ ਮਜ਼ਾਕ ਹੀ ਉਹਨਾਂ ਦੇ ਲਈ ਵਿਆਹ ਦੀ ਭਾਜੀ ਬਣ ਕੇ ਰਹਿ ਗਿਆ ਹੈ।’’

ਅੱਜ ਸੱਚਮੁੱਚ ਹੀ ਹਰ ਮਿਹਨਤੀ ਤੇ ਗਰੀਬ ਬੰਦੇ ਦੀ ਸਰਾਫ਼ਤ ਤੇ ਭੋਲੇਪਨ ਦਾ ਕੋਝਾ ਮਜ਼ਾਕ ਉਡਾਇਆ ਜਾ ਰਿਹਾ ਹੈ ਜੋ ਕਿ ਉਹਨਾਂ ਦੀ ਤਰਾਸਦੀ ਭਰੀ ਕਿਸਮਤ ਅਤੇ ਤਰਸਯੋਗ ਹਾਲਤ ਦਾ ਹਾਲ ਬਿਆਨ ਕਰ ਰਿਹਾ ਹੈ।

## ਕਮਾਈ ਦੀ ਜੁਗਤ

– ਪਰਸ਼ੋਤਮ ਲਾਲ ਸਰੋਏ

ਸ਼ਿੰਦਰੋ, ਮਿੰਧਰੋ, ਚੰਨੋਂ ਨੀ ਸੁਣ,
ਕਮਾਈ ਦੀ ਕੋਈ ਜੁਗਤ ਲੜਾਈਏ,
ਸਹਿਯੋਗ ਨਾਲ ਹੀ ਗੱਲ ਹੈ ਬਣਨੀ,
’ਕੱਠੇ ਹੋ ਇੱਕ ਗੈਂਗ ਬਣਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਗੈਂਗਸਟਰਾਂ ਨੂੰ ਨਫ਼ਰਤ ਕਰਦੀ,
ਦੁਨੀਆਂ ਇਨਾਂ ਤਾਂਈਂ ਨਾ ਜਰਦੀ,
ਮਾਤ-ਭਾਸ਼ਾ ਦੇ ਨਾਂ ’ਠੱਗੀਏ,
ਕੋਈ ਇਹੋ ਜਿਹਾ ਰੌਲ਼ਾ ਪਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਗਰਮ ਚਾਹ, ਮੱਠੀ ਨਾਲੇ ਸਮੋਸ਼ਾ,
ਬਹੁਤਾ ਵੀ ਨਾ ਕਰਨਾ ਸ਼ੋਸ਼ਾ,
ਮੈਂਬਰਸ਼ਿੱਪ ਦੀ ਰਸੀਦ ਬਣਾ ਕੇ,
ਬਹੁਤਾ ’ਤੇ ਕਿਸੇ ’ਤੇ ਭਾਰ ਨਾ ਪਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਬਲਗਮ ਸਾਰੀ ਦੂਰ ਭਜਾਉਣੀ,
ਗਰਮ ਚਾਹ ਦੇ ਨਾਲ ਮੱਠੀ ਆਉਂਣੀ,
ਲੋਹੇ ਨੂੰ ਹੈ ਲੋਹਾ ਕੱਟਦਾਠ
ਇਹੀਓ ਗੱਲ ਸਭ ਨੂੰ ਸਮਝਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਕੰਮ ਚਲਾਉ ਸਕੱਤਰ ਬਣਾਉਣਾ,
ਇਸ ਨੇ ਵੀ ਕਝ ਆਖ ਸੁਣਾਉਣਾ,
ਖੜ ਜਾਂ ਬਹਿ ਕੇ ਕੋਈ ਨਾ ਕਰਨੀ,
ਲੰਮੇ ਪੈ ਕੇ ਹਾਲ ਸੁਣਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਕਵਿਤਾ, ਗੀਤ ਜਾਂ ਕੋਈ ਛੰਦ,
ਵਿੱਚ ਚਾੜਾਂਗੇ ਈਦ ਦਾ ਚੰਦ,
ਡੰਡੀ ਦੀ ਥਾਂ ਕਾਮਾ ਪਾ ਕੇ,
ਕਾਮੇ ਦੀ ਥਾਂ ਡੰਡੀ ਪਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਫਿਰ ਸੁਣਾਂਗੇ ਵਾਰਸ ਦੀ ਹੀਰ,
ਵਾਹ-ਵਾਹ ਕਹਿ ਕੇ ਰਿੰਨਣੀ ਖੀਰ,
ਭਾਵੇਂ ਕੋਈ ਜੋੜ ਨਾ ਬਣਨਾਠ
ਦਹੀ ਭੱਲਾ ਵੀ ਨਾਲ ਮੰਗਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਲਾਹ ਦੇਣੇ ਸਭ ਕਾਮੇ ਡੰਡੀਆਂ,
ਫੇਰ ਲੱਗਣੀਆਂ ਰੁੱਤਾਂ ਠੰਡੀਆਂ,
ਅੱਧਕ, ਬਿੰਦੀਆਂ, ਟਿੱਪੀਆਂ ਲਾਹ ਕੇ,
ਸ਼ਬਦਾਂ ਦੇ ਅਰਥ ਨਵੇਂ ਅਰਥ ਬਣਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਪਰਸ਼ੋਤਮ ਆਖੂ ਦੇਵਾ ਓ ਦੇਵਾ,
ਕੰਮ ਦੂਜਾ ਤੇ ਨਾਂ ਦੀ ਸੇਵਾ,
ਹੋ ਜਾਏ ਸਾਡੀ ਬਹਿਜਾ-ਬਹਿਜਾ,
ਐਸੀ ਸਕੀਮ ਦੇ ਸਿਰੋਪਾਓ ਪਾਈਏ।
ਸ਼ਿੰਦਰੋ, ਮਿੰਧਰੋ, ਚੰਨੋ ਨੀ ਸੁਣ.......।

ਸਰੋਏ ਖਰੇ ਜਦ ਬੋਲ ਸੁਣਾਉਣੇ,
ਸੰਗਤਾਂ ਨੇ ਹੈ ਬੁਰੇ ਮਨਾਉਣੇ,

## (ਮਿੰਨੀ ਕਹਾਣੀ) ਜਬ ਚਿੜੀਆਂ ਚੁਗ ਗਈ ਖੇਤ

ਪੋਹ ਦਾ ਮਹੀਨਾ ਸੀ। ਉਹਨੂੰ ਪਤਾ ਲੱਗ ਗਿਆ ਸੀ ਕਿ ਉਹਨੂੰ ਕੈਂਸਰ ਹੈ ਤੇ ਉਹ ਛੇ ਮਹੀਨੇ ਤੋਂ ਵੱਧ ਜੀਅ ਨਹੀਂ ਸਕੇਗਾ। ਸੁਣ ਲਿਆ ਸੀ ਉਹਨੇ, ਭਾਵੇਂ ਡਾਕਟਰ ਹੌਲ਼ੀ ਆਵਾਜ਼ ਵਿੱਚ ਹੀ ਉਸ ਦੀ ਘਰ ਵਾਲ਼ੀ ਨੂੰ ਦੱਸ ਰਿਹਾ ਸੀ। ਡਾਕਟਰ ਨੇ ਸਲਾਹ ਦਿੱਤੀ ਸੀ ਕਿ ਘਰ ਲਿਜਾ ਕੇ ਇਸ ਦੀ ਸੇਵਾ ਕਰ ਲਓ। ਜ਼ਰੂਰੀ ਦਵਾਈਆਂ ਦੇ ਦਿੱਤੀਆਂ ਸਨ। ਅੱਖਾਂ ਵਿੱਚ ਹੰਝੂਆਂ ਨੂੰ ਸੰਭਾਲ਼ਦੀ ਉਸ ਦੀ ਪਤਨੀ ਨੇ ਉਹਨੂੰ ਦੱਸਿਆ ਸੀ ਕਿ ਉਹ ਹੁਣ ਠੀਕ ਹਨ ਤੇ ਡਾਕਟਰ ਨੇ ਦਵਾਈਆਂ ਦੇ ਕੇ ਛੁੱਟੀ ਦੇ ਦਿੱਤੀ ਹੈ, ਪਰ ਇਹ ਗੱਲ ਕਹਿੰਦਿਆਂ ਉਹਦੀ ਪਤਨੀ ਦੇ ਹੰਝੂ ਕਿੱਥੇ ਰੁਕੇ ਸਨ। ਫਿਰ ਵੀ ਉਹ ਬੋਲਿਆ ਨਹੀਂ ਸੀ ਤੇ ਨਾ ਹੀ ਉਹਨੇ ਆਪਣੀ ਪਤਨੀ ਨੂੰ ਨਾ ਰੋਣ ਲਈ ਹੌਸਲਾ ਹੀ ਦਿੱਤਾ ਸੀ ਕਿਉਂਕਿ ਉਹ ਤਾਂ ਸਾਰਾ ਕੁਝ ਪਹਿਲਾਂ ਈ ਜਾਣਦਾ ਸੀ। ਉਹਨੂੰ ਘਰ ਲੈ ਆਂਦਾ ਗਿਆ ਸੀ। ਕਈ-ਕਈ ਉਤਰਾਅ-ਚੜ੍ਹਾਅ ਉਹਦੇ ਅੰਦਰ ਪਲ-ਪਲ ਉਪਜ-ਬਿਨਸ ਰਹੇ ਸਨ। ਕਦੇ ਚੋਰੀ-ਚੋਰੀ ਰੋ ਵੀ ਲੈਂਦਾ। ਕਿੱਥੇ ਮਿਲ਼ਦਾ ਹੈ ਮਨੁੱਖੀ ਜਾਮਾ ਮੁੜ ਕੇ ਛੇਤੀ, ਉਹ ਸੋਚਦਾ।

ਇੱਕ ਦਿਨ ਬੈਠਾ ਹੋਇਆ ਸੀ ਕਿ ਕਿਸੇ ਦੇ ਘਰ ਮਰਗ ਦੇ ਭੋਗ ’ਤੇ ਕੀਰਤਨ ਹੋ ਰਿਹਾ ਸੀ ਤੇ ਉਹਦੇ ਕੰਨੀਂ ਧੁਨੀਆਂ ਗੂੰਜੀਆਂ, “ਜੈਸੇ ਭਾਦਉ ਖੂੰਬ ਰਾਜ ਤੂ ਤਿਸ ਤੇ ਖਰੀ ਉਤਾਵਲੀ।।” ਅੱਜ ਉਹਨੂੰ ਇਨ੍ਹਾਂ ਪੰਕਤੀਆਂ ਦੇ ਪੂਰੇ-ਸੂਰੇ ਅਰਥ-ਭਾਵ ਸਮਝੀਂ ਪਏ ਸਨ। ਭਾਦੋਂ ਦੇ ਮਹੀਨੇ ਵਿੱਚ ਕੁਝ ਕੁ ਚਿਰ ਲਈ ਵਿਗਸੀਆਂ ਖੁੰਬਾਂ ਵਰਗਾ ਹੀ ਤਾਂ ਹੁੰਦਾ ਹੈ ਇਹ ਜੀਵਨ। ਬੀਤ ਗਏ ਵੱਲ ਤੱਕੀਏ ਤਾਂ ਸਗੋਂ ਭਾਦੋਂ ਦੀਆਂ ਉਨ੍ਹਾਂ ਖੁੰਬਾਂ ਨਾਲ਼ੋਂ ਵੀ ਪਹਿਲਾਂ ਮੁੱਕ ਜਾਣ ਲਈ ਕਾਹਲ਼ਾ।

ਉਹਦੇ ਮਨ ਵਿੱਚ ਆਇਆ ਕਿ ਇਹ ਪੰਕਤੀਆਂ ਤਾਂ ਉਸ ਨੇ ਪਹਿਲਾਂ ਵੀ ਬੜੀ ਵਾਰੀ ਸੁਣੀਆਂ ਸਨ ਪਰ ਇਨ੍ਹਾਂ ਦੇ ਅਰਥ ਉਸ ਦੇ ਅੰਦਰ ਪਹਿਲਾਂ ਕਦੇ ਏਨੇ ਡੂੰਘੇ ਉੱਤਰੇ ਹੀ ਨਹੀਂ ਸਨ, ਜਿੰਨੇ ਕਿ ਅੱਜ। ਅਸਲ ਵਿੱਚ ਉਹਨੇ ਕਦੇ ਬਹੁਤਾ ਧਿਆਨ ਹੀ ਨਹੀਂ ਸੀ ਦਿੱਤਾ ਅੱਜ ਤੱਕ। ਉਸ ਦੇ ਅੰਦਰ ਇੱਛਾ ਉੱਠੀ ਕਿ ਉਹ ਇਨ੍ਹਾਂ ਪੰਕਤੀਆਂ ਨੂੰ ਜ਼ਾਹਰਾ ਤੌਰ ’ਤੇ ਵਰਤਦੀਆਂ ਹੋਈਆਂ ਦੇਖੇ। ਉਹ ਦੇਖਣਾ ਲੋਚਦਾ ਸੀ ਕਿ ਭਾਦੋਂ ਦੀਆਂ ਖੁੰਬਾਂ ਕਿਵੇਂ ਥੋੜ੍ਹੇ ਹੀ ਚਿਰ ਵਿੱਚ ਵਿਗਸ ਕੇ, ਕੁਝ ਚਿਰ ਵਿੱਚ ਹੀ ਕਿਵੇਂ ਬਿਨਸਦੀਆਂ ਹਨ। ਪਰ ਤਦੇ ਹੀ ਉਸ ਨੂੰ ਖ਼ਿਆਲ ਆਇਆ ਕਿ ਹੁਣ ਪੋਹ ਦਾ ਮਹੀਨਾ ਚੱਲ ਰਿਹਾ ਸੀ ਤੇ ਭਾਦੋਂ ਤੱਕ ਪਹੁੰਚਦੇ-ਪਹੁੰਚਦੇ ਉਸ ਦੇ ਸਰੀਰ ਨੇ ਜੁਆਬ ਦੇ ਜਾਣਾ ਸੀ, ਅਲਵਿਦਾ ਆਖ ਜਾਣੀ ਸੀ। ਉਹ ਬੜਾ ਬਿਹਬਲ ਹੋ ਉੱਠਿਆ। ਹੁਣ ਉਹਨੂੰ ਇਹ ਵੀ ਪਤਾ ਲੱਗਾ ਕਿ ਪਾਣੀ ਤੋਂ ਬਿਨਾ ਮੱਛੀ ਕਿਵੇਂ ਤੜਫਦੀ ਹੁੰਦੀ ਹੈ। ਜੀਵਨ ਦੇ 36 ਭਾਦੋਂ ਲੰਘਾ ਕੇ ਅੱਜ ਉਹਨੂੰ ਇਹ ਵੀ ਸਮਝ ਆਇਆ, ਜਦੋਂ ਉਹਦੇ ਕੋਲ਼ ਅਗਲਾ ਭਾਦੋਂ ਵੇਖਣ ਦਾ ਸਮਾਂ ਹੀ ਨਹੀਂ ਸੀ, ਕਿ ਮਨੁੱਖ ਕਿਵੇਂ ਆਪਣੇ ਜੀਵਨ ਨੂੰ ਵਿਅਰਥ ਗੁਆ ਕੇ ਜਹਾਨ ਤੋਂ ਤੁਰ ਜਾਂਦਾ ਹੈ।



**– ਬਲਵੀਰ ਮੰਨਣ**
**ਰਿਸਰਚ ਸਕਾੱਲਰ (ਪੰਜਾਬੀ ਵਿਭਾਗ)**
**ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਫਗਵਾੜਾ।**
**ਮੋਬ. 94173-45485**

## 22 ਮਾਰਚ ਜਲ ਦਿਵਸ 'ਤੇ ਵਿਸ਼ੇਸ਼

# ਪਾਣੀ ਬਿਨਾਂ ਜੀਵਣ ਦੀ ਹੋਂਦ ਸੰਭਵ ਨਹੀਂ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

"ਜਲ ਹੀ ਜੀਵਨ ਹੈ" ਇਹ ਇੱਕ ਅਟੱਲ ਸਚਾਈ ਹੈ।ਪਾਣੀ ਬਿਨਾਂ ਤਾਂ ਜੀਵਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖੀ ਸਰੀਰ ਵਿੱਚ ਵੀ ਹੱਡੀਆਂ ਅਤੇ ਮਾਸ ਸਮੇਤ 80% ਪਾਣੀ ਹੈ।ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਨੇ ਪਾਣੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ,"ਪਹਿਲਾਂ ਪਾਣੀ ਜੀਓ ਹੈ, ਜਿਤੁ ਹਰਿਆ ਸਭ ਕੋਇ॥" ਗੁਰੂ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦੇਕੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਰਾਹੀਂ ਇਸਦੀ ਜੀਵਣ ਪ੍ਰਤੀ ਜਰੂਰਤ ਨੂੰ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ।

ਪਰ ਮਨੁੱਖ ਨੇ ਲਾਲਚਵੱਸ ਕੁਦਰਤੀ ਦਾਤਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਅਤੇ ਪ੍ਰਦੂਸ਼ਿਤ ਕਰਨ ਚ ਕੋਈ ਕਸਰ ਬਾਕੀ ਨਹੀਂ ਛੱਡੀ। ਵਿੱਤੋਂ ਬਾਹਰ ਇੱਛਾਵਾਂ ਦੀ ਪੂਰਤੀ ਲਈ ਹਰ ਜਾਇਜ ਨਜਾਇਜ਼ ਹਰਬਾ ਵਰਤਿਆ। ਫੈਕਟਰੀਆਂ ਦਾ ਰਸਾਇਣ ਭਰਪੂਰ ਪਾਣੀ, ਰਸਾਇਣਕ ਪਦਾਰਥਾਂ ਦੀ ਲੋੜੋਂ ਵੱਧ ਵਰਤੋਂ, ਸੀਵਰੇਜ ਦਾ ਬਿਨਾਂ ਸ਼ੁੱਧੀਕਰਣ ਤੋਂ ਪਾਣੀ, ਧੂੰਆਂ, ਖਾਦਾਂ, ਕੀੜੇ ਮਾਰ ਦਵਾਈਆਂ, ਵਾਹਨਾਂ ਦਾ ਧੂੰਆਂ ਆਦਿ ਨੇ ਸਾਡੇ ਵਾਤਾਵਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਸਿੱਟੇ ਵਜੋਂ ਅਸੀਂ ਆਪਣੀ ਖੁਸ਼ਹਾਲ ਜਿੰਦਗੀ ਜਿਉਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਕੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ। ਗੁਰੂ ਸਾਹਿਬਾਨ ਦੇ ਸੰਦੇਸ਼ ਤੋਂ ਮੁਨਕਰ ਹੋ ਕੁਦਰਤ ਨਾਲ ਖਿਲਵਾੜ ਕਰਕੇ "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ" ਵਾਲੀ ਸਥਿਤੀ ਪੈਦਾ ਕਰ ਲਈ ਹੈ।

ਜਿਵੇਂ ਉੱਪਰ ਜ਼ਿਕਰ ਕੀਤਾ ਹੈ ਪਾਣੀ ਬਿਨਾਂ ਜੀਵਨ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਅਸੀਂ ਪਾਣੀ ਨੂੰ ਜ਼ਹਿਰੀਲਾ ਕਰਕੇ ਖਾਤਮੇ ਦੀ ਹੱਦ ਤੇ ਲੈ ਆਂਦਾ ਹੈ। ਪੂਰੀ ਦੁਨੀਆਂ ਵਿੱਚ ਨੂੰ ਸੰਭਾਲਣ ਅਤੇ ਨਜ਼ਾਇਜ਼ ਵਰਤੋਂ ਤੋਂ ਸੰਕੋਚ ਕਰਨ ਦੀਆਂ ਅਪੀਲਾਂ ਵਿਅੱਰਥ ਹੁੰਦੀਆਂ ਜਾਪ ਰਹੀਆਂ ਹਨ। ਹੁਣ ਪੰਜਾਬ ਵਿੱਚ ਪਾਣੀ ਦਾ ਸੰਕਟ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਹਰੀ ਕ੍ਰਾਂਤੀ ਦੀ ਆੜ ਹੇਠ ਧਰਤੀ ਹੇਠਲੇ ਪਾਣੀ ਨੂੰ ਬੇਰੋਕ ਕੱਢ ਕੇ ਆਪਣਾ ਸੋਮਾ ਖਤਮ ਕਰ ਲਿਆ ਹੈ। ਸਾਡੇ ਦਾਦਿਆਂ ਨੇ ਪਾਣੀ ਖੂਹਾਂ ਚ ਦੇਖਿਆ ਸੀ ਅਤੇ ਸਾਡੇ ਪਿਤਾ ਨੇ ਨਲਕਿਆਂ 'ਚ ਅਤੇ ਅਸੀਂ ਸਬਮਰਸੀਬਲ ਮੋਟਰਾਂ ਤੇ ਅਤੇ ਅਗਲੀ ਪੀੜ੍ਹੀ ਬੋਤਲਾਂ ਚ ਪਾਣੀ ਦੇਖKਪੀ ਰਹੀ ਹੈ। ਧਰਤੀ ਉੱਤੇ 70.8% ਪਾਣੀ ਦੀ ਮਾਤਰਾ ਮੌਜੂਦ ਹੈ। ਇਸਦਾ 97.5% ਹਿੱਸਾ ਖਾਰੇ ਪਾਣੀ ਦੇ ਰੂਪ ਚ ਸਮੁੰਦਰਾਂ ਚ,1.5% ਪਹਾੜਾਂ ਤੇ ਗਲੇਸ਼ੀਅਰ ਦੇ ਰੂਪ ਚ ਅਤੇ ਸਿਰਫ 1% ਪੀਣਯੋਗ ਪਾਣੀ ਨਦੀਆਂ, ਝਰਨਿਆਂ ਅਤੇ ਧਰਤੀ ਹੇਠ ਹੈ।ਇਸ 1% ਪੀਣਯੋਗ ਪਾਣੀ ਦਾ 60% ਉਦਯੋਗਾਂ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ,ਜਦਕਿ 40% ਘਰੇਲੂ ਲੋੜਾਂ ਲਈ ਵਰਤੋਂ ਚ ਆਉਂਦਾ ਹੈ। ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰਾਈਡ,ਯੂਰੇਨੀਅਮ, ਪਾਰਾ,ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ,ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ, ਪਾਰਾ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ ਬਲਕਿ ਨਾ ਪੀਣਯੋਗ ਕਰ ਦਿੱਤਾ ਹੈ। ਜੇਕਰ ਅੰਕੜਿਆਂ ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ ਦੂਸ਼ਿਤ ਕਰਾਰ ਦਿੱਤਾ ਗਿਆ ਸੀ। ਪਰ 1995 ਚ ਗਿਣਤੀ 84 ਦਾ ਅੰਕੜਾ ਪਾਰ ਕਰ ਗਈ ਸੀ ਅਤੇ 2008 ਵਿੱਚ ਇਹ ਗਿਣਤੀ ਵਧਕੇ 108 ਹੋ ਗਈ ਸੀ। ਉਸ ਵੇਲੇ 138 ਬਲਾਕਾਂ ਚੋਂ 108 ਬਲਾਕਾਂ ਦਾ ਪਾਣੀ ਨਾ ਪੀਣਯੋਗ ਹੋ ਗਿਆ ਸੀ। ਇਹ ਸਾਰੇ ਬਲਾਕ "ਡਾਰਕ ਜ਼ੋਨ" ਕਰਾਰ ਦੇ ਦਿੱਤੇ ਗਏ ਸਨ। ਪਰ ਹੁਣ 147 ਬਲਾਕ ਹੀ ਡਾਰਕ ਜ਼ੋਨ ਚ ਹਨ।ਕਿਉਂਕਿ ਔਸਤਨ 200 ਫੁੱਟ ਤੱਕ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। ਇਸ ਨਾਲ ਪੀਣਯੋਗ ਪਾਣੀ ਦੀ ਗੰਭੀਰ ਸਮੱਸਿਆ ਖੜੀ ਹੋ ਗਈ ਹੈ। 1980 ਵਿੱਚ ਪੰਜਾਬ ਦੇ ਕੇਵਲ 3712 ਪਿੰਡ ਅਸ਼ੁੱਧ ਪਾਣੀ ਦੀ ਸਮੱਸਿਆ ਨਾਲ ਪੀੜਤ ਸਨ, ਪਰ ਹੁਣ ਪੰਜਾਬ ਦੇ 12581 ਚੋਂ 11849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ। ਵਿਗਿਆਨ ਅਤੇ ਵਾਤਾਵਰਣ ਸਟੱਡੀ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਸਰਵੇਖਣ ਅਨੁਸਾਰ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਲਈ ਵਰਤੇ ਜਾਂਦੇ ਕੀਟ ਨਾਸ਼ਕ ਅਤੇ ਰਸਾਇਣਾਂ ਦਾ ਅਸਰ ਸਾਡੇ ਖਾਧ ਪਦਾਰਥਾਂ ਅਤੇ ਪਾਣੀ ਚ ਤੇਜ਼ਾਬੀ ਤੱਤਾਂ ਦੀ ਮਾਤਰਾ ਲਿਮਟ ਤੋਂ ਬਹੁਤ ਜਿਆਦਾ ਹੈ।ਮਨੁੱਖੀ ਖੂਨ ਦੇ ਟੈਸਟਾਂ ਚ ਵੀ ਕੀਟਨਾਸ਼ਕ ਦਵਾਈਆਂ ਦੇ ਤੱਤ ਪਾਏ ਗਏ ਹਨ। ਸਿੱਟੇ ਵਜੋਂ ਹੈਪੇਟਾਈਟਸ, ਮੈਸ-ਟਰੌਨਿਕਸ, ਜੋੜ ਦਰਦ, ਦਮਾ, ਕੈਂਸਰ, ਖਾਂਸੀ ਆਦਿ ਨਾਮੁਰਾਦ ਬਿਮਾਰੀਆਂ ਨੇ ਪੰਜਾਬੀਆਂ ਨੂੰ ਆਪਣੀ ਜਕੜ ਚ ਲੈ ਲਿਆ ਹੈ। ਦਿਲ ਕੰਬਾਊ ਰਿਪੋਰਟਾਂ ਦੇ ਬਾਵਜੂਦ ਵੀ ਸਭ ਵੱਡੀ ਤਰਾਸਦੀ ਇਹ ਹੈਕਿ ਲੋਕ ਇਹ ਅਸ਼ੁੱਧ ਪਾਣੀ ਪੀ ਰਹੇ ਹਨ।



ਪਾਣੀ ਵਿੱਚ ਤੇਜ਼ਾਬੀ ਅਸ਼ੁੱਧੀਆਂ ਦਾ ਕਾਰਨ ਫੈਕਟਰੀਆਂ ਦਾ ਤੇਜ਼ਾਬੀ ਪਾਣੀ, ਖੇਤੀਬਾੜੀ ਚ ਤੇਜ਼ਾਬੀ ਖਾਦਾਂ ਅਤੇ ਪੈਸਟੀਸਾਈਡ ਦੀ ਜਰੂਰਤ ਤੋਂ ਵੱਧ ਵਰਤੋਂ ਨੇ ਪੀਣ ਵਾਲੇ ਪੀਣ ਪਾਣੀ ਦੀ ਹਾਲਤ ਤਰਸਯੋਗ ਬਣਾ ਦਿੱਤੀ ਹੈ। ਇਸਦੇ ਬਾਵਜੂਦ ਵੀ ਇਹ ਵਰਤਾਰਾ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਲਗਾਤਾਰ ਜ਼ਾਰੀ ਹੈ।

ਦੂਸਰੇ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਅੰਕੜਿਆਂ ਤੇ ਨਜ਼ਰ ਮਾਰੀਏ ਤਾਂ 1973 ਚ ਪੰਜਾਬ ਦਾ ਸਿਰਫ 3% ਖੇਤਰ ਚ ਧਰਤੀ ਥੱਲੇ ਪਾਣੀ ਦਾ ਪੱਧਰ 10 ਮੀਟਰ ਸੀ, 1989 ਚ ਇਹ 14.9%, 1992 ਚ 20%, 2000 ਚ 53%, 2002 ਚ 76% ,2004 ਚ 90% ਪਹੁੰਚ ਗਿਆ ਸੀ ਅਤੇ ਜੋ ਹੁਣ 100% ਹੋ ਗਿਆ ਹੈ। ਹੁਣ ਪੂਰੇ ਪੰਜਾਬ ਚ ਪਾਣੀ ਦਾ ਪੱਧਰ ਔਸਤਨ 21 ਮੀਟਰ ਤੋਂ ਵੀ ਜਿਆਦਾ ਹੈ। ਪਹਿਲਾਂ ਪਾਣੀ ਖੂਹਾਂ ਚੋਂ ਮੁੱਕਿਆ ,ਫੇਰ ਨਲਕਿਆਂ ਦੀ ਪਹੁੰਚ ਤੋਂ ਦੂਰ ਹੋਇਆ। ਲੋਕਾਂ ਨੇ 50 ਫੁੱਟ ਡੂੰਘੀਆਂ ਖੂਹੀਆਂ ਚ ਟਿਊਬਵੈਲ ਚਲਾਏ, ਅੰਤ ਸਭ ਵਿਅਰਥ। ਫਿਰ ਸਬਮਰਸੀਬਲ ਮੋਟਰਾਂ ਦਾ ਦੌਰ ਸ਼ੁਰੂ ਹੋਇਆ, ਅੰਤ ਕਦੋ ਤੱਕ ਇਹ ਪਾਣੀ ਕੱਢਣਗੀਆਂ। ਅਖੀਰ ਹੋਰਨਾਂ ਸਾਧਨਾਂ ਵਾਂਗ ਇੱਕ ਦਿਨ ਪਾਣੀ ਇਹਨਾਂ ਦੁ ਪਹੁੰਚ ਵਿੱਚ ਵੀ ਨਹੀਂ ਰਹੇਗਾ। ਕੰਢੀ ਏਰੀਏ ਅਤੇ ਪਟਿਆਲਾ ਜਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ। ਪਟਿਆਲਾ ਜਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ, ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ ਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਮਾਣੂ, ਕਾਲਕਾ, ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਹਨਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਪਾਣੀ ਦਾ ਪੱਧਰ ਔਸਤਨ 50 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ। ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਹਨਾਂ ਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ ਚ ਲਿਆਉਂਦੇ ਹਨ, ਜਿਸ ਨਾਲ ਇਸਦਾ ਕੁੱਝ ਹਿੱਸਾ ਧਰਤੀ ਹੇਠ ਜਾ ਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ, ਜੋ ਇੱਕ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਸ ਖੇਤਰ ਦੇ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਮਨੁੱਖਤਾ ਦਾ ਘਾਣ ਹੋ ਰਿਹਾ ਹੈ।

ਲੋਕਾਂ ਨੇ ਸ਼ੁੱਧ ਪਾਣੀ ਲਈ ਘਰਾਂ ਚ ਆਰ.ਓ. ਲਗਵਾ ਕੇ ਪੀਣ ਦੇ ਪਾਣੀ ਦੀ ਪੂਰਤੀ ਤਾਂ ਕਰ ਲਈ ਹੈ, ਪਰ ਇਸ ਵਿਚਲੇ ਲੋੜੀਂਦੇ ਤੱਤਾਂ ਤੋਂ ਵੀ ਵਿਰਵਾ ਪਾਣੀ ਪੀਣ ਲਈ ਲੋਕ ਮਜਬੂਰ ਹਨ। ਬੇਸ਼ੱਕ ਸਰਕਾਰ ਨੇ ਪਿੰਡਾਂ ਵਿੱਚ ਵੱਡੇ ਪੱਧਰ ਤੇ ਆਰ.ਓ. ਲਗਾ ਕੇ ਲੋਕਾਂ ਨੂੰ ਕੁੱਝ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਪਿੰਡਾਂ ਦੇ ਲੋਕਾਂ ਨੂੰ ਮੁਆਫਿਕ ਨਹੀਂ ਆ ਰਹੇ।

ਮਨੁੱਖ ਨੇ ਕੁਦਰਤੀ ਸੋਮਿਆਂ ਪ੍ਰਤੀ ਬੇਹੱਦ ਅਣਗਹਿਲੀ ਦਿਖਾਈ। ਇਹਨਾਂ ਨੂੰ ਸਾਂਭਣ ਵੱਲ ਕੋਈ ਤਵੱਜੋ ਨਹੀਂ ਦਿੱਤੀ। ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਸੈਕਟਰ ਚ ਵਰਤਣ ਦੀ ਲੋੜ ਮਹਿਸੂਸ ਨਹੀਂ ਕੀਤੀ। ਸੂਏ, ਕੱਸੀਆਂ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਹਨਾਂ ਦੀ ਹੋਂਦ ਖਤਮ ਕਰ ਦਿੱਤੀ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ ਦੀ ਲੋੜ ਮਹਿਸੂਸ ਨਹੀਂ ਕੀਤੀ ।ਬਿਜਲੀ ਦੀ ਮੁਫਤ ਸਹੂਲਤ ਦੇਖਦਿਆਂ ਦੀ ਪਾਣੀ ਲੋੜ ਪੂਰੀ ਕਰਨ ਹਿੱਤ ਦੇਖਾ ਦੇਖੀ ਅੰਧਾਧੁੰਦ ਟਿਊਬਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ। ਇਸ ਵੇਲੇ ਪੰਜਾਬ ਚ 5 ਲੱਖ ਤੋਂ ਵੱਧ ਟਿਊਬਵੈੱਲ ਚੱਲ ਰਹੇ ਹਨ। ਸਵਾ ਲੱਖ ਦੇ ਲਗਭਗ ਟਿਊਬਵੈੱਲ ਲਈ 2016 ਚ ਬਿਜਲੀ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਸਨ।

ਪੰਜਾਬ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਿੰਦਾ ਹੈ। ਪਰ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਘਰਾਂ ਵਿੱਚ ਟੂਟੀਆਂ ਖੁੱਲ੍ਹੀਆਂ ਚਲਦੀਆਂ ਹਨ। ਸਰਕਾਰੀ ਟੈਂਕੀ ਤੋਂ ਪਾਣੀ ਆਉਣ ਤੇ ਟੂਟੀ ਚੱਲ ਪੈਂਦੀ ਹੈ ਅਤੇ ਉਦੋਂ ਪਾਣੀ ਨਾਲੀ ਵਿੱਚ ਵਹਿੰਦਾ ਰਹਿੰਦਾ ਹੈ, ਜਦੋਂ ਤੱਕ ਟੈਂਕੀ ਦਾ ਪਾਣੀ ਖਤਮ ਨਹੀਂ ਹੋ ਜਾਂਦਾ। ਇਸ ਤਰ੍ਹਾਂ ਰੋਜ਼ਾਨਾ ਕ੍ਰੋੜਾਂ ਲੀਟਰ ਪਾਣੀ ਵਿਅੱਰਥ ਨਾਲੀਆਂ ਵਿੱਚ ਰੁੜ ਜਾਂਦਾ ਹੈ।ਨੀਵੇਂ ਘਰਾਂ ਦੇ ਕੁਨੈਕਸਨਾਂ ਤੇ ਟੂਟੀਆਂ ਨਾ ਲੱਗੀਆਂ ਹੋਣ ਕਾਰਨ ਪਾਣੀ ਵਿਅਰਥ ਜਾਂਦਾ ਹੈ, ਜਦਕਿ ਉੱਚੇ ਥਾਂ ਘਰ ਪਾਣੀ ਨੂੰ ਤਰਸਦੇ ਹਨ। ਉਹਨਾਂ ਘਰਾਂ ਤੱਕ ਪਾਣੀ ਚੜਦਾ ਨਹੀਂ। ਬਹੁਤੇ ਲੋਕਾਂ ਨੇ ਪਸ਼ੂਆਂ ਦੇ ਵਾੜੇ, ਖਾਲੀ ਪਲਾਟਾਂ ਅਤੇ ਸਬਜ਼ੀਆਂ ਉਗਾਉਣ ਲਈ ਹੀ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ ਅਤੇ ਜਾਣਕਾਰੀ ਦੀ ਘਾਟ ਕਾਰਨ ਆਪ ਘਰ ਸਬਮਰਸੀਬਲ ਦਾ ਪਾਣੀ ਪੀਂਦੇ ਹਨ। ਟੂਟੀਆਂ ਖੁੱਲੀਆਂ ਚੱਲਣ ਨਾਲ ਵਿਅੱਰਥ ਪਾਣੀ ਛੱਪੜਾਂ ਨੂੰ ਭਰ ਦਿੰਦਾ ਹੈ, ਜੋ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਧਨ ਦੀ ਬਰਬਾਦੀ ਹੁੰਦੀ ਹੈ।

ਪਾਣੀ ਨਾਲ ਭਰੇ ਛੱਪੜ ਅਤੇ ਨਾਲੀਆਂ ਚ ਖੜ੍ਹਾ ਪਾਣੀ ਪੇਂਡੂ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ। ਲੋਕ ਸਕੂਟਰ, ਮੋਟਰਸਾਈਕਲ ਅਤੇ ਮੋਟਰ ਗੱਡੀਆਂ ਧੋਣ, ਪਸ਼ੂਆਂ ਨੂੰ ਨਹਾਉਣ, ਘਰਾਂ ਦੇ ਫ਼ਰਸ਼ ਧੋਣ ਆਦਿ ਨਾਲ ਵੀ ਬਹੁਤ ਜਿਆਦਾ ਪੀਣਯੋਗ ਪਾਣੀ ਬਰਬਾਦ ਕਰਦੇ ਹਨ।

ਜਿਸ ਤਰ੍ਹਾਂ ਪਾਣੀ ਨੂੰ ਬਰਬਾਦੀ ਹੋ ਰਹੀ ਹੈ, ,ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਲਤੂਰ (ਮਹਾਂਰਾਸ਼ਟਰ) ਅਤੇ ਕੈਪ ਟਾਊਨ ਦੱਖਣੀ ਅਫਰੀਕਾ ਵਰਗੇ ਹਾਲਾਤਾਂ ਨਾਲ ਜੂਝਣ ਲਈ ਮਜਬੂਰ ਹੋਵੇਗਾ। ਉਕਤ ਪ੍ਰਸਥਿਤੀਆਂ ਨੂੰ ਭਾਂਪਦਿਆਂ "ਕੁੱਖ ਚ ਧੀ ਧਰਤੀ ਚੋਂ ਪਾਣੀ, ਜੇ ਦੋਨੋਂ ਮੁੱਕਗੇ ਤਾਂ ਖਤਮ ਕਹਾਣੀ" ਅਤੇ "ਪਾਣੀ ਥੁੜ੍ਹ ਦੀ ਵਸਤੂ ਹੈ ਇਹਨੇ ਧਰਤੀ ਚੋਂ ਮੁੱਕ ਜਾਣਾ, ਸੰਜਮ ਨਾਲ ਵਰਤ ਲਵੋ ਨਹੀਂ ਤਾਂ ਪਊ ਪਿੱਛੋਂ ਪਛਤਾਉਣਾ" ਉੱਪਰ ਸੰਜੀਦਗੀ ਨਾਲ ਪਹਿਰਾ ਦੇਣ ਦੀ ਲੋੜ੍ ਹੈ।ਨਹੀਂ ਤਾਂ "ਹੁਣ ਪਛਤਾਇਆ ਕੀ ਬਣਦਾ ਜਦੋਂ ਚੁਗ ਗਈ ਖੇਤ" ਵਾਲੀ ਹਾਲਤ ਹੋਵੇਗੀ।

ਨਦੀਆਂ, ਨਹਿਰਾਂ ਦੇ ਪਾਣੀ ਨੂੰ ਪੀਣ ਅਤੇ ਖੇਤੀ ਸੈਕਟਰ ਲਈ ਵਰਤਣਾ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ।ਬਰਸਾਤ ਦੇ ਪਾਣੀ ਨੂੰ ਘਰਾਂ ਅੰਦਰ ਅਤੇ ਖੇਤਾਂ ਵਿੱਚ ਸਟੋਰ ਕਰਕੇ ਵਰਤਣ ਦੇ ਪ੍ਰਬੰਧ ਜਰੂਰੀ ਕਰ ਦੇਣੇ ਚਾਹੀਦੇ ਹਨ। ਖੇਤੀ ਸੈਕਟਰ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦਾ ਬਦਲ ਲੱਭਣ ਅਤੇ ਸਿੰਜਾਈ ਦੇ ਨਵੇਂ ਤਰੀਕਿਆਂ ਨੂੰ ਅਪਣਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੌਲਾਂ ਦੀ ਖੇਤੀ ਸਿਰਫ ਸਮੁੰਦਰੀ ਖੇਤਰਾਂ ਚ ਬੀਜਣਾ ਜਰੂਰੀ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਚੌਲ ਪੈਦਾ ਕਰਨ ਲਈ ਔਸਤਨ 3000। ਲੀਟਰ ਪਾਣੀ ਖਪਤ ਹੁੰਦਾ ਹੈ।

ਸੋ ਲੋੜ ਹੈ ਲੋਕਾਂ ਨੂੰ ਪਾਣੀ ਦੀ ਬਰਬਾਦੀ ਰੋਕਣ ਅਤੇ ਸੰਜਮ ਨਾਲ ਵਰਤੋਂ ਕਰਨ ਪ੍ਰਤੀ ਜਾਗਰੂਕ ਕਰਨ ਦੀ। ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ, ਨੌਜਵਾਨ ਕਲੱਬਾਂ, ਜਥੇਬੰਦੀਆਂ ਆਦਿ ਨੂੰ ਨਾਲ ਲੈ ਕੇ ਭਵਿੱਖ ਦੇ ਖਤਰੇ ਪ੍ਰਤੀ ਲੋਕਾਂ ਚੇਤੰਨ ਕਰਦਿਆਂ ਅਤੇ ਪੁੰਨ ਦਾ ਕੰਮ ਸਮਝਦਿਆਂ ਮਨੁੱਖਤਾ ਦੇ ਭਲੇ ਲਈ ਸਵੱਛ ਭਾਰਤ ਮਿਸ਼ਨ ਵਾਂਗ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਇੱਕ ਜ਼ੋਰਦਾਰ ਮੁਹਿੰਮ ਚਲਾਉਣ ਵਿੱਢਣ ਦੀ ਲੋੜ ਹੈ।

# ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਨੇ ਪੌਦੇ ਲਗਾ ਕੇ ਆਪਣਾ ਜਨਮ ਦਿਨ ਮਨਾਇਆ

**ਜੈਤੋ (ਅਸ਼ੋਕ ਧੀਰ):** ਜੈਤੋ ਮੰਡੀ ਦੇ ਸਮਾਜ ਸੇਵੀ, ਆਰਟੀਕਲ ਲੇਖਕ ਅਤੇ ਕੰਪਿਊਟਰ ਅਧਿਆਪਕ ਪ੍ਰਮੋਦ ਧੀਰ ਨੇ ਆਪਣੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਰੋੜੀਕਪੂਰਾ (ਫ਼ਰੀਦਕੋਟ) ਵਿਖੇ ਪਿਛਲੇ ਸਾਲਾਂ ਦੀ ਤਰਾਂ ਇਸ ਵਾਰ ਵੀ ਪੌਦੇ ਲਗਾ ਕੇ ਆਪਣਾ ਜਨਮ ਦਿਨ ਮਨਾਇਆ। ਉਹਨਾਂ ਦੁਆਰਾ ਕੀਤੇ ਗਏ ਇਸ ਸ਼ੁਭ ਕੰਮ ਦੀ ਸਕੂਲ ਦੇ ਪ੍ਰਿੰਸੀਪਲ ਮੈਡਮ ਰੇਨੂੰ ਅਰੋੜਾ, ਸਮੂਹ ਸਟਾਫ਼, ਸਕੂਲ ਮੈਨੇਜਮੈਂਟ ਕਮੇਟੀ ਦੇ ਵਾਈਸ ਚੇਅਰਮੈਨ ਸੁਖਚੈਨ ਸਿੰਘ ਬਰਾੜ 'ਤੇ ਗੁਰਵਿੰਦਰ ਸਿੰਘ ਬਰਾੜ ਰੋੜੀਕਪੂਰਾ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਕਿਹਾ ਕਿ ਹਰ ਇੱਕ ਮਨੱਖ ਨੂੰ ਆਪਣੇ ਜਨਮ ਦਿਨ ਤੇ ਘੱਟੋ ਘੱਟ ਇੱਕ ਰੁੱਖ ਜਰੂਰ ਲਗਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰਮੋਦ ਧੀਰ ਨੇ ਬੇਰੀ, ਨਿੰਮ, ਪਿੱਪਲ, ਟਾਹਲੀ, ਬਰਕੈਨ, ਅਨਾਰ, ਸੁਖਚੈਨ, ਕਚਨਾਰ, ਸੁਹੰਜਨਾਂ, ਬੋਤਲ ਪੁਰਸ਼, ਚਕਰਾਸ਼ੀਆ ਆਦਿ ਕਈ ਕਿਸਮਾਂ ਦੇ ਪੌਦੇ ਲਗਾਏ। ਇਸੇ ਤਰਾਂ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਖੁਦ ਵੀ ਕਈ ਕਿਸਮ ਦੇ ਪੌਦੇ ਸਕੂਲ ਵਿੱਚ ਲਗਾਏ ਅਤੇ ਪ੍ਰਿੰਸੀਪਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਰੁੱਖਾਂ ਦੀ ਗਿਣਤੀ ਦਿਨੋਂ ਦਿਨ ਘਟਣ ਕਾਰਣ ਪ੍ਰਦੂਸ਼ਨ ਤੇ ਗਰਮੀ ਦਿਨੋਂ ਦਿਨ ਵਧ ਰਹੀ ਹੈ ਇਸ ਲਈ ਸਾਨੂੰ ਰੁੱਖ ਕੱਟਣ ਦੀ ਬਜਾਏ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਪ੍ਰਮੋਦ ਧੀਰ ਨੇ ਕਿਹਾ ਕਿ ਅਸੀਂ ਪ੍ਰਸਿੱਧ ਕਵੀ ਦੀਆਂ ਲਾਈਨਾਂ ਆਮ ਹੀ ਸੁਣਦੇ ਹਾਂ ਕਿ "ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ ਕੁਝ ਰੁੱਖ ਲਗਦੇ ਮਾਂਵਾਂ" ਇਸ ਗੀਤ ਦੇ ਸੁੰਦਰ ਭਾਵ ਸਾਨੂੰ ਵਾਤਾਵਰਣ ਸੁਧਾਰਨ ਲਈ ਪ੍ਰੇਰਿਤ ਕਰਦੇ ਹਨ ਇਸੇ ਲਈ ਵਾਤਾਵਰਨ ਸੁੰਦਰ ਬਣਾਉਣ ਵਿੱਚ ਤਿਲ ਫੁਲ ਸੇਵਾ ਕਰਨ ਦੀ ਭਾਵਨਾ ਨਾਲ ਹੀ ਮੈਂ ਆਪਣੇ ਜਨਮ ਦਿਨ ਮੌਕੇ ਪੌਦੇ ਲਗਾਏ ਹਨ। ਪ੍ਰਮਾਤਮਾ ਕ੍ਰਿਪਾ ਕਰੇ ਕਿ ਸਾਡਾ ਵਾਤਾਵਰਨ ਫਿਰ ਤੋਂ ਹਰਿਆ ਭਰਿਆ ਬਣ ਸਕੇ ਦਰੱਖਤਾਂ ਦੀ ਠੰਢੀ ਛਾਂ ਦਾ ਅਸੀਂ ਸਭ ਆਨੰਦ ਮਾਣ ਸਕੀਏ ਇਸ ਲਈ ਆਉ ਸਭ ਰਲ ਕੇ ਰੁੱਖ ਲਗਾਈਏ ਤੇ ਵਾਤਾਵਰਣ ਸੁੰਦਰ ਬਣਾਈਏ।



ਇਸ ਮੌਕੇ ਪੌਦੇ ਲਗਾਉਣ 'ਤੇ ਸਹਿਯੋਗ ਦਿੰਦੇ ਹੋਏ ਸਕੂਲ ਦੇ ਪ੍ਰਿੰਸੀਪਲ ਰੇਨੂੰ ਅਰੋੜਾ, ਕੁਲਬੀਰ ਸਿੰਘ, ਬਲਤੇਜ ਕੁਮਾਰ, ਗੁਰਮੀਤ ਸਿੰਘ, ਰਾਜਵਿੰਦਰ ਬਰਾੜ, ਹਰਵਿੰਦਰ ਢਿੱਲੋਂ, ਸੁਮਿਤ ਸਲੂਜਾ, ਅੰਸ਼ੂਮਨ ਕਾਂਸਲ,ਗਗਨਜੋਤ, ਰੇਖਾ ਕੋਠਾਰੀ, ਕੰਚਨ ਬਾਲਾ, ਮੈਡਮ ਅਮਨਦੀਪ ਕੌਰ, ਜਸਵਿੰਦਰ ਕੌਰ, ਨਿਸ਼ੀ, ਵੀਰਪਾਲ ਕੌਰ, ਹਸ਼ੀਮਾ, ਸ਼ਵੇਤਾ, ਅਮਨਦੀਪ ਬਰਾੜ, ਸਰਬਜੀਤ ਕੌਰ, ਸੇਵਾਦਾਰ ਜ਼ਸਵਿੰਦਰ ਕੌਰ, ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਹਰਪ੍ਰੀਤ ਕੌਰ, ਵਾਈਸ, ਚੇਅਰਮੈਨ ਸੁਖਚੈਨ ਸਿੰਘ ਬਰਾੜ ਅਤੇ ਵਿਦਿਆਰਥੀਆਂ ਨੇ ਪ੍ਰਮੋਦ ਧੀਰ ਦੀ ਸ਼ਲਾਘਾ ਕੀਤੀ ਅਤੇ ਵਧਾਈਆਂ ਦਿੱਤੀਆਂ।

# ਰਾਜਪਾਲ ਦੇ ਭਾਸ਼ਨ 'ਚੋਂ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕਿਆਂ ਦਾ ਜ਼ਿਕਰ ਗਾਇਬ

**ਚੰਡੀਗੜ੍ਹ–** ਪੰਜਾਬ ਦੇ ਰਾਜਪਾਲ ਵੀਪੀ ਸਿੰਘ ਬਦਨੌਰ ਵੱਲੋਂ ਅੱਜ ਵਿਧਾਨ ਸਭਾ 'ਚ ਬਜਟ ਸੈਸ਼ਨ ਦੇ ਪਲੇਠੇ ਦਿਨ ਦਿੱਤੇ ਭਾਸ਼ਨ ਵਿੱਚੋਂ ਸੂਬੇ ਦੇ ਬੁਨਿਆਦੀ ਮੁੱਦੇ ਖਾਸ ਕਰ ਕੇ ਪੰਜਾਬੀ ਬੋਲਦੇ ਇਲਾਕੇ ਅਤੇ ਰਾਜਧਾਨੀ ਚੰਡੀਗੜ੍ਹ 'ਤੇ ਹੱਕ ਜਤਾਉਣ ਦੇ ਮੁੱਦੇ ਗਾਇਬ ਰਹੇ। ਭਾਸ਼ਨ ਵਿੱਚ ਰਾਜਪਾਲ ਵੱਲੋਂ ਪਾਣੀਆਂ ਦੀ ਰਾਖੀ ਦਾ ਅਹਿਦ ਤਾਂ ਕੀਤਾ ਗਿਆ ਪਰ ਗੁਆਂਢੀ ਸੂਬਿਆਂ ਦੇ ਨਾਮ ਦਾ ਜ਼ਿਕਰ ਕਰਨ ਤੋਂ ਗੁਰੇਜ਼ ਹੀ ਕੀਤਾ ਗਿਆ। ਰਾਜਪਾਲ ਵੱਲੋਂ ਜਦੋਂ ਨਸ਼ਿਆਂ ਦੀ ਸਮਗਲਿੰਗ ਨਾਲ ਸਬੰਧਤ ਪੈਰ੍ਹਾ ਪੜ੍ਹਿਆ ਜਾ ਰਿਹਾ ਸੀ ਤੇ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਪ੍ਰਸ਼ਨ ਚਿੰਨ ਲਾਉਂਦਿਆਂ ਕਿਹਾ ਕਿ ਵੱਡੇ ਸਮਗਲਰਾਂ ਨੂੰ ਕਾਬੂ ਕਰਨ 'ਚ ਸਰਕਾਰ ਕਾਮਯਾਬ ਨਹੀਂ ਹੋਈ। ਰਾਜਪਾਲ ਵੱਲੋਂ ਆਪਣਾ ਭਾਸ਼ਨ ਜਾਰੀ ਰੱਖਿਆ ਗਿਆ ਤੇ ਸ੍ਰੀ ਖਹਿਰਾ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕਾਂ (ਬੈਂਸ ਭਰਾਵਾਂ) ਨੇ ਸਦਨ ਵਿੱਚੋਂ ਵਾਕਆਊਟ ਕਰ ਦਿੱਤਾ। 'ਆਪ' ਦੇ ਦੋ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਅਤੇ ਅਮਰਜੀਤ ਸਿੰਘ ਸੰਦੋਹਾ ਆਪਣੀਆਂ ਸੀਟਾਂ 'ਤੇ ਡਟੇ ਰਹੇ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਵਿਧਾਇਕ ਜਿਨ੍ਹਾਂ ਅੱਜ ਵਿਧਾਨ ਸਭਾ ਘੇਰਨ ਦਾ ਐਲਾਨ ਕੀਤਾ ਸੀ, ਸਦਨ ਦੀ ਕਾਰਵਾਈ ਵਿੱਚੋਂ ਗ਼ੈਰ-ਹਾਜ਼ਰ ਰਹੇ।

ਰਾਜਪਾਲ ਦੇ ਭਾਸ਼ਨ ਦਾ ਬਹੁਤਾ ਹਿੱਸਾ ਸਰਕਾਰ ਦੀਆਂ ਉਨ੍ਹਾਂ ਪ੍ਰਾਪਤੀਆਂ, ਵਾਅਦਿਆਂ, ਦਾਅਵਿਆਂ ਅਤੇ ਫੈਸਲਿਆਂ ਦੇ ਲੇਖੇ ਲੱਗਿਆ ਜਿਨ੍ਹਾਂ ਦਾ ਪ੍ਰਚਾਰ ਸਰਕਾਰ ਵੱਲੋਂ ਸਾਲ ਭਰ ਕੀਤਾ ਜਾਂਦਾ ਰਿਹਾ ਹੈ। ਪੰਜਾਬ ਨੂੰ ਨਸ਼ਾ-ਮੁਕਤ ਕਰਾਉਣ ਦੇ ਮਾਮਲੇ ਵਿੱਚ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਦੇ ਗਠਨ ਦਾ ਜ਼ਿਕਰ ਕੀਤਾ ਗਿਆ। ਪੰਜਾਬ ਪੁਲੀਸ ਵੱਲੋਂ ਚੋਣਵੇਂ ਕਤਲਾਂ ਦੇ ਮਾਮਲੇ ਵਿੱਚ 8 ਅਤਿਵਾਦੀ ਸਮੂਹਾਂ ਨੂੰ ਖ਼ਤਮ ਕਰਨ ਦੀ ਪ੍ਰਾਪਤੀ ਦਾ ਹਵਾਲਾ ਜ਼ਰੂਰ ਦਿੱਤਾ ਗਿਆ ਹੈ। ਪੰਜਾਬ ਵਿੱਚ ਪਿਛਲੇ ਕਈ ਸਾਲਾਂ ਤੋਂ ਵਿਵਾਦਾਂ 'ਚ ਆਏ ਟਰਾਂਸਪੋਰਟ ਤੇ ਰੇਤ ਖਣਨ ਦਾ ਭਾਸ਼ਣ 'ਚ ਕੋਈ ਹਵਾਲਾ ਨਾ ਦਿੱਤਾ ਗਿਆ। ਗੁਰਦਾਸਪੁਰ ਜ਼ਿਮਨੀ ਚੋਣ, ਨਗਰ ਨਿਗਮ ਅਤੇ ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਦੌਰਾਨ ਹਾਕਮ ਪਾਰਟੀ ਦੀ ਜਿੱਤ ਨੂੰ ਸਲਾਹਿਆ ਗਿਆ। ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਕਾਰ-ਜਕਾਲ ਦੌਰਾਨ ਝੂਠੇ ਕੇਸ ਦਰਜ ਹੋਣ ਦਾ ਦਾਅਵਾ ਕਰਦਿਆਂ ਰਾਜਪਾਲ ਦੇ ਭਾਸ਼ਨ ਵਿਚ ਕਿਹਾ ਗਿਆ ਕਿ ਇਨ੍ਹਾਂ ਮਾਮਲਿਆਂ ਦੀ ਜਾਂਚ ਜਸਟਿਸ (ਸੇਵਾ ਮੁਕਤ) ਮਹਿਤਾਬ ਸਿੰਘ ਗਿੱਲ ਦੀ ਅਗਵਾਈ ਹੇਠ ਜਾਂਚ ਕਮਿਸ਼ਨ ਦਾ ਗਠਨ ਕੀਤਾ ਗਿਆ ਹੈ।

# 75% ਤਨਖਾਹ ਘਟਾ ਕੇ ਮੁਲਾਜ਼ਮਾ ਨੂੰ ਪੱਕੇ ਕਰਨਾ ਅਣਮਨੁੱਖੀ ਵਤੀਰਾ


ਮੁਹੰਮਦ ਬਸ਼ੀਰ
91-94171-58300

ਜਨਸੰਖਿਆਂ ਭਾਵ ਲੋਕ ਕਿਸੇ ਵੀ ਰਾਜ ਜਾਂ ਦੇਸ਼ ਦੇ ਹੋਂਦ ਵਿੱਚ ਆਉਣ ਲਈ ਇੱਕ ਜਰੂਰੀ ਤੱਤ ਹੈ। ਇਸ ਤੋਂ ਬਿਨ੍ਹਾਂ ਰਾਜ/ਦੇਸ਼ ਦੇ ਹੋਂਦ 'ਚ ਆਉਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਦੇਸ਼ ਨੂੰ ਵਿਕਸਤ ਰਾਜ ਬਣਾਉਣ ਲਈ ਜਨਸੰਖਿਆ ਦੀ ਯੋਗਤਾ ਅਤੇ ਸਮਰੱਥਾ ਨੂੰ ਸਹੀ ਢੰਗ ਨਾਲ ਵਰਤੋਂ ਵਿੱਚ ਲਿਆਉਣਾ ਬਹੁਤ ਜਰੂਰੀ ਹੈ। ਜਿਸ ਤਰ੍ਹਾਂ ਸਾਡਾ ਗੁਆਂਢੀ ਰਾਜ ਚੀਨ ਵਿਸ਼ਵ ਦਾ ਸਭ ਤੋਂ ਵੱਧ ਜਨਸੰਖਿਆਂ ਵਾਲਾ ਦੇਸ਼ ਹੋਣ ਦੇ ਬਾਵਜੂਦ ਵਿਸ਼ਵ ਦੀ ਇੱਕ ਮਹਾਂਸ਼ਕਤੀ ਬਣ ਕੇ ਬਹੁਤ ਤੇਜੀ ਨਾਲ ਉਭਰ ਰਿਹਾ ਹੈ। ਇਸਦਾ ਸਭ ਤੋਂ ਵੱਡਾ ਕਾਰਨ ਹੈ ਕਿ ਉਸ ਨੇ ਜਨਸੰਖਿਆਂ ਦੇ ਤੱਤ ਨੂੰ ਦੇਸ਼ ਦੇ ਵਿਕਾਸ ਵਿੱਚ ਪ੍ਰਯੋਗ 'ਚ ਲਿਆਉਣਾ ਸਿੱਖ ਲਿਆ ਹੈ ਪਰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਆਪਣੀ ਜਨਸੰਖਿਆਂ ਦੇ ਬਹੁਤ ਵੱਡੇ ਵਰਗ ਦੀ ਸ਼ਕਤੀ ਨੂੰ ਅਜਾਈ ਹੀ ਗਵਾ ਰਹੇ ਹਾਂ। ਇੱਥੋਂ ਤੱਕ ਕਿ ਜਿਸ ਨੂੰ ਕੌਮ ਜਾਂ ਦੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ, ਜਿਸ ਨੇ ਵਿਕਸਤ ਦੇਸ਼ ਦੀ ਨੀਂਹ ਰੱਖਣੀ ਹੈ, ਜਿਸ ਨੂੰ ਵਿਕਸਤ ਰਾਸਟਰਾਂ ਵਿੱਚ ਪੂਰਾ ਮਾਨ ਸਨਮਾਣ ਦੇ ਕੇ ਦੇਸ਼ ਦੇ ਸਭ ਤੋਂ ਮਹੱਤਵਪੂਰਨ ਲੋਕਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਭਾਵ ਅਧਿਆਪਕ ਦੀ ਵੀ ਯੋਗਤਾ ਅਤੇ ਸਮਰੱਥਾ ਨੂੰ ਸਾਡੀਆਂ ਚੁਣੀਆਂ ਹੋਈਆਂ ਲੋਕਤੰਤਰੀ ਸਰਕਾਰਾਂ ਵਿੱਚ ਬੈਠੇ ਪ੍ਰਤੀਨਿਧੀਆਂ ਵੱਲੋਂ ਜਾਣ ਬੁੱਝ ਕੇ ਵਿਅਰਥ ਗਵਾਇਆ ਜਾ ਰਿਹਾ ਹੈ। ਜਿਸ ਸਮਰੱਥਾ ਅਤੇ ਯੋਗਤਾ ਦੀ ਵਰਤੋਂ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਤੇ ਲੱਗਣੀ ਚਾਹੀਦੀ ਸੀ ਉਹ ਆਪਣੇ ਰੋਜ਼ਗਾਰ ਨੂੰ ਬਚਾਉਣ, ਲਗਭਗ 75ਗ਼ ਤਨਖਾਹਾਂ ਜੋ ਪੰਜਾਬ ਸਰਕਾਰ ਕੱਟ ਲਗਾ ਰਹੀ ਹੈ ਇਸ ਪਰੇਸ਼ਾਨੀ ਵਿੱਚੋਂ ਨਿਕਲਣ ਵਿੱਚ ਲੱਗ ਰਹੀ ਹੈ। ਇਸ ਅਣ-ਮਨੁੱਖੀ, ਸਮਾਜ, ਦੇਸ਼ ਅਤੇ ਦੇਸ਼ ਦੇ ਨਿਰਮਾਤਾ ਵਿਰੋਧੀ ਵਤੀਰੇ ਨੂੰ ਕਿਸੇ ਵੀ ਕੀਮਤ ਤੇ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਪਿਛ਼ਲੀ ਅਕਾਲੀ ਸਰਕਾਰ ਨੇ ਲਗਭੱਗ 27000 ਮੁਲਾਜ਼ਮ ਜੋ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਸਨ ਨੂੰ ਪੱਕਾ ਕਰਨ ਲਈ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕੀਤਾ ਸੀ। ਇਹਨਾਂ 27000 ਮੁਲਾਜਮਾਂ ਵਿੱਚ 12500 ਦੇ ਲਗਭਗ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਮਸਾ ਦੇ ਅਧੀਨ ਸੇਵਾ ਨਿਭਾ ਰਹੇ ਅਧਿਆਪਕ ਹੀ ਹਨ। ਜੋ ਕੇ ਠੇਕੇਦਾਰੀ ਪ੍ਰਣਾਲੀ ਦਾ ਸੰਤਾਪ ਲਗਭਗ ਪਿਛਲੇ 9 ਸਾਲਾਂ ਤੋਂ ਭੋਗ ਰਹੇ ਹਨ ਜਿਨ੍ਹਾਂ ਦੀ ਭਰਤੀ ਵੀ ਅਖਬਾਰੀ ਇਸ਼ਤਿਹਾਰ ਦੇ ਕੇ ਪੂਰੀ ਤਰ੍ਹਾਂ ਨਾਲ ਯੋਗ ਪ੍ਰਕਿਰਿਆ ਨਾਲ ਕੀਤੀ ਹੋਈ ਹੈ। ਜਦੋਂ ਕਿ ਪੰਜਾਬ ਸਰਕਾਰ ਦੀ ਹਰ ਮੁਲਾਜ਼ਮ ਨੂੰ 3 ਸਾਲ ਬਾਅਦ ਪੱਕਾ ਕਰਨ ਦੀ ਨੀਤੀ ਬਣਾਈ ਹੋਈ ਹੈ। ਸਮੇਂ ਸਮੇਂ ਤੇ ਸਰਕਾਰ ਦੇ ਤਤਕਾਲੀ ਮੰਤਰੀਆਂ ਨੇ ਇਨ੍ਹਾਂ ਅਧਿਆਪਕਾਂ ਨੂੰ ਪੱਕੇ ਕਰਨ ਦੇ ਵਾਅਦੇ ਤਾਂ ਕੀਤੇ ਹਨ ਪਰ ਉਹ ਵਾਅਦੇ ਕਦੇ ਵਫਾ ਨਹੀਂ ਹੋਏ। ਮੌਜੂਦਾ ਸਰਕਾਰ ਦੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਵੀ ਚੋਣਾਂ ਦੌਰਾਨ ਇਹਨਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ । ਭਾਵੇਂ ਕਿ ਪੰਜਾਬ ਦੀ ਨਵੀਂ ਸਰਕਾਰ ਬਣੇ ਨੂੰ ਇੱਕ ਸਾਲ ਦਾ ਸਮਾਂ ਪੂਰਾ ਹੋ ਚੁੱਕਾ ਹੈ ਪਰ ਅਜੇ ਤੱਕ ਕਾਨੂੰਨ ਬਣੇ ਹੋਣ ਦੇ ਬਾਵਜੂਦ ਇਨ੍ਹਾਂ ਦੀ ਪੱਕੇ ਹੋਣ ਦੀ ਜ਼ਾਇਜ਼ ਮੰਗ ਪੂਰੀ ਕਰਨ ਲਈ ਸਰਕਾਰ ਵੱਲੋਂ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਸਗੋਂ ਸਰਕਾਰ ਨੇ ਇੱਕ ਨਵਾਂ ਨਾਦਰਸ਼ਾਹੀ ਅਤੇ ਤੁਗਲਕੀ ਫਰਮਾਨ ਜਾਰੀ ਕਰ ਦਿੱਤਾ ਹੈ ਜਿਸ ਅਨੁਸਾਰ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਮਸਾ ਦੇ ਅਧੀਨ ਸੇਵਾ ਨਿਭਾ ਰਹੇ ਅਧਿਆਪਕਾਂ, ਕੰਪਿਊਟਰ ਟੀਚਰਾਂ, ਆਦਰਸ਼ ਸਕੂਲ ਅਧਿਆਪਕਾਂ, ਦਫਤਰੀ ਕਾਮਿਆਂ ਆਦਿ ਦੀ ਤਨਖਾਹ ਲਗਭਗ 75% ਘੱਟ ਕਰਕੇ ਇਨ੍ਹਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆ ਕੇ ਤਿੰਨ ਸਾਲ ਦੇ ਪਰਖ ਸਮੇਂ ਅਧੀਨ ਕੇਵਲ 10800ਰੁਪਏ ਤਨਖਾਹ ਦੇ ਕੇ ਪੱਕੇ ਕੀਤਾ ਜਾਵੇ। ਜੋ ਕਿ ਇੱਕ ਅਨਪੜ੍ਹ ਕਿਸੇ ਵੀ ਟਰੇਡ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਤੋਂ ਵੀ ਘੱਟ ਹੈ।ਇੱਥੇ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਰਕਾਰ ਇਨ੍ਹਾਂ ਨੂੰ ਪੱਕੇ ਕਰਨ ਦਾ ਤੋਹਫਾ ਦੇ ਰਹੀ ਹੈ ਜਾਂ ਸਜ਼ਾ ? ਵਿਸ਼ਵ ਦੇ ਇਤਿਹਾਸ ਵਿੱਚ ਇਸ ਤਰ੍ਹਾਂ ਦੀ ਘਟਨਾ ਕਦੇ ਵੀ ਦੇਖਣ ਨੂੰ ਨਹੀਂ ਮਿਲੀ ਅਤੇ ਨਾ ਹੀ ਮਿਲੇਗੀ ਜਦੋਂ ਤੋਹਫੇ ਦੇ ਰੂਪ ਵਿੱਚ 75% ਮਿਹਨਤਾਨੇ ਨੂੰ ਘੱਟ ਕੀਤਾ ਗਿਆ ਹੋਵੇ। ਤੋਹਫਾ ਦੇ ਕੇ ਤਾਂ ਖੁਸ਼ ਕੀਤਾ ਜਾਂਦਾ ਹੈ ਨਾ ਕਿ ਮਾਯੂਸੀ ਦੇ ਆਲਮ ਵਿੱਚ ਜ਼ਬਰਦਸਤੀ ਧੱਕਿਆ ਜਾਂਦਾ ਹੈ। ਕਈ ਮੁਲਾਜ਼ਮਾਂ ਨੇ ਘਰ ਆਦਿ ਬਣਾਉਣ ਲਈ ਬੈਂਕਾਂ ਤੋਂ ਲੋਨ ਲਏ ਹੋਏ ਹਨ, ਕਈਆਂ ਨੇ ਜੀਵਨ ਬੀਮਾਂ ਆਦਿ ਕਰਵਾਏ ਹੋਏ ਹਨ ਆਦਿ ਆਦਿ ਇਸ ਤਰ੍ਹਾਂ ਦੇ ਮੁਲਾਜ਼ਮ ਮਿਹਨਤਾਨਾਂ ਘਟਣ ਦੇ ਡਰ ਕਾਰਨ ਮਾਨਸਿਕ ਪਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ। ਇਸ ਪਰੇਸ਼ਾਨੀ ਦੇ ਚਲਦੇ ਉਹ ਆਪਣੇ ਕਿੱਤੇ ਨੂੰ ਸਮਰਪਿਤ ਕਿਸ ਤਰਾਂ ਹੋਣਗੇ। ਇਹ ਤਾਂ ਇਨ੍ਹਾਂ ਮੁਲਾਜ਼ਮਾਂ ਦਾ ਆਰਥਿਕ ਸੋਸ਼ਣ ਹੋਣ ਦੇ ਨਾਲ-ਨਾਲ ਦੇਸ਼ ਦੇ ਹਿੱਤਾਂ ਅਤੇ ਭਵਿੱਖ ਨਾਲ ਵੀ ਖਿਲਵਾੜ ਹੈ। ਦੇਸ਼ ਦਾ ਅੰਨ ਦਾਤਾ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਤੋਂ ਮਜ਼ਬੂਰ ਹੋ ਕੇ, ਆਰਥਿਕ ਮੰਦਹਾਲੀ ਅਤੇ ਕਰਜ਼ਿਆਂ ਦੇ ਭਾਰ ਹੇਠ ਦਬ ਕੇ ਪਹਿਲਾਂ ਹੀ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਹੁਣ ਇਸ ਫੈਸਲੇ ਨਾਲ ਅਧਿਆਪਕ ਵਰਗ ਵੀ ਇਸ ਰਾਹ ਤੇ ਤੁਰਨ ਲਈ ਮਜ਼ਬੂਰ ਹੋ ਜਾਵੇਗਾ ਜੋ ਕੇ ਦੇਸ਼ ਦੇ ਚੰਗੇ ਭਵਿੱਖ ਲਈ ਕਦੇ ਵੀ ਉੱਚਿਤ ਨਹੀਂ ਹੋ ਸਕਦਾ। ਇਸ ਸਥਿਤੀ ਤੋਂ ਬਚਣ ਲਈ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਸਾਰੇ ਪੱਖਾਂ ਤੇ ਵਿਚਾਰ ਕਰਕੇ ਜਮੀਨੀ ਸੱਚਾਇਆਂ ਨੂੰ ਧਿਆਨ ਵਿੱਚ ਰੱਖ ਕੇ ਇਨ੍ਹਾਂ ਮੁਲਾਜ਼ਮਾਂ ਦੀਆਂ ਉੱਚਿਤ ਮੰਗਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਇੱਕ ਆਰਥਿਕ ਪੱਖ ਤੋਂ ਸੰਤੁਸ਼ਟ ਵਿਅਕਤੀ ਹੀ ਦੇਸ਼ ਨਿਰਮਾਣ ਵੱਲ ਧਿਆਨ ਦੇ ਸਕਦਾ । ਇਸ ਤਰ੍ਹਾਂ ਕਰਨ ਨਾਲ ਸੰਵਿਧਾਨ ਵਿੱਚ ਦਰਜ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਜਿਨ੍ਹਾਂ ਵਿੱਚ ਕਿਹਾ ਗਿਆ ਹੈ ਕਿ ਨਾਗਰਿਕਾਂ ਨੂੰ ਆਰਥਿਕ ਨਿਆਂ ਦੇਣ ਦੇ ਨਾਲ ਨਾਲ ਇੱਕੋ ਜਿਹੇ ਕੰਮ ਬਦਲੇ ਇੱਕੋ ਜਿਹਾ ਵੇਤਨ ਦਿੱਤਾ ਜਾਵੇਗਾ ਵੀ ਪੂਰਾ ਹੋ ਜਾਵੇਗਾ। ਉਂਝ ਵੀ ਅੱਜ ਲਗਭਗ ਸਮੁੱਚੇ ਵਿਸ਼ਵ ਦੇ ਦੇਸ਼ਾਂ ਵਿੱਚ ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਿਲ ਹੈ ਕਲਿਆਣਕਾਰੀ ਸਰਕਾਰਾਂ ਕੰਮ ਕਰ ਰਹੀਆਂ ਹਨ ਜਿਨ੍ਹਾਂ ਦਾ ਮੁੱਖ ਮੰਤਵ ਲਾਭ ਨਾ ਹੋ ਕੇ ਸਰਵਜਨਕ ਭਲਾਈ ਹੁੰਦਾਂ ਹੈ। ਸਿੱਖਿਆ ਅਤੇ ਸਿਹਤ ਵਿਭਾਗ ਲੋਕਾਂ ਨੂੰ ਸਰਵਜਨਕ ਸਹੂਲਤਾਂ ਦੇਣ ਲਈ ਹੀ ਚਲਾਏ ਜਾਂਦੇ ਹਨ।

## ਜਦੋਂ ਦਾ ਆਪਣੇ 'ਚੋਂ ਮੈਂ

"ਮੈਂ" ਨੂੰ ਦੂਰ ਭਜਾਇਆ ਹੈ ,
ਸੱਚ ਜਾਣੀ ਦਿਲਾ ਜਿਉਣ ਦਾ ਮਜ਼ਾ ਆਇਆ ਏ।

"ਤੇਰੀ- ਮੇਰੀ" ਕਰਕੇ ਹੀ ਚਲ ਰਹੀ ਸੀ ਜਿੰਦਗੀ ,
"ਮੈਂ - ਮੈਂ" ਦੇ ਜਾਪ ਨੂੰ ਹੀ ਆਖ ਰਹੀ ਸੀ ਬੰਦਗੀ,
"ਇਕ" ਹੋ ਗਿਆ ਸਭ ਤੇ ਹੁਣ ਕੋਈ ਭੇਦ ਨਾ ਰਿਹਾ
ਜਦੋ ਦਾ ਮੈਂ "ਮੈਂ" ਤੋ "ਤੂੰ" ਹੋ ਗਿਆ।

ਪੈਸਾ , ਲੋਭ ਤੇ ਲਾਲਚ ਦਿਮਾਗ ਉੱਤੇ ਭਾਰੀ ਸੀ ,
ਇਹਨਾ ਕਰਕੇ ਹੀ ਰਿਸ਼ਤਿਆ ਵਿਚ ਵਪਾਰ ਜਾਰੀ ਸੀ ,
ਪਿਆਰ ਵਾਲੀ ਗੱਲ ਫਿਰ ਜਦੋ ਦਿਮਾਗ ਤੇ ਛਾਈ ,
ਜਾਤ ਪਾਤ ਵਾਲਾ ਖੇਲ ਮੁੱਕ ਗਿਆ,
ਸਭ ਲੱਗਦੇ ਭਾਈ-ਭਾਈ।

'ਠੱਗੀ-ਫਰੈਬ' ਕਰਕੇ ਸੀ ਮੈ ਪੈਸਾ ਬਣਾ ਰਿਹਾ ,
ਰਿਸ਼ਵਤ ਖੋਰੀ ਨਾਲ ਸੀ ਮੈਂ ਖੂਬ ਕਮਾ ਰਿਹਾ ,
ਮਿਹਨਤ-ਸਬਰ-ਸੰਤੋਖ ਵਾਲੀ ਸਮਝ ਜਦੋ ਮੈਨੂੰ ਆਈ,
ਹੱਕ ਸੱਚ ਦੀ ਥੋੜ੍ਹੀ ਰੋਟੀ ਵੀ ਸਕੂਨ ਦਿੰਦੀ ਹੈ ਅੰਤ- ਤਾਈ।

ਫੈਸ਼ਨ - ਫੁਕਰੀ ਤੇ ਦਿਖਾਵਾ ਹੀ ਬਣ ਗਈ ਸੀ ਮੇਰੀ ਪਹਿਚਾਣ
,ਟੋਹਰ ਵਿਚ ਰਹਿਣਾ, ਦੂਜਿਆ ਨੂੰ ਨੀਵਾ ਕਹਿਣਾ
ਏਸੇ ਗੱਲ ਦਾ ਸੀ ਮਾਣ,
ਪਿਆਰ ਦਾ ਰੰਗ ਜਦੋਂ ਦਾ ਸ਼ਾਹ ਗਿਆ ,
ਨੂਰ ਖੁਦਾਈ ਚਿਹਰੇ ਤੇ ਆ ਗਿਆ ।
ਹੁਣ ਮੈਂ "ਮੈਂ" ਨਾ ਰਿਹਾ ਮੈਂ 'ਤੂੰ 'ਹੋ ਗਿਆ ।

- ਕਿਰਨਪ੍ਰੀਤ ਕੌਰ
004368864013133

## ਸ਼੍ਰੋਮਣੀ ਕਮੇਟੀ ਵੱਲੋਂ 'ਇੱਕ ਪਿੰਡ-ਇੱਕ ਗੁਰਦਵਾਰਾ' ਮੁਹਿੰਮ ਸਫਲਤਾ ਪੂਰਵਕ ਚਲਾਈ ਜਾਵੇ-ਬਾਬਾ ਗੁਰਦੇਵ ਸਿੰਘ ਨਾਨਕਸਰ

**ਚੰਡੀਗੜ੍ਹ-** ਸੈਕਟਰ 28 ਸਥਿਤ ਗੁਰਦਵਾਰਾ ਨਾਨਕਸਰ ਦੇ ਮੁਖੀ ਬਾਬਾ ਗੁਰਦੇਵ ਸਿੰਘ ਨਾਨਕਸਰ ਨੇ ਅੱਜ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨਾਲ ਹੋਈ ਉਚੇਚੀ ਮੁਲਾਕਾਤ ਦੌਰਾਨ ਲੌਂਗੋਵਾਲ ਵੱਲੋਂ ਸੂਬੇ ਵਿੱਚ 'ਇੱਕ ਪਿੰਡ-ਇੱਕ ਗੁਰਦਵਾਰਾ' ਮੁਹਿੰਮ ਵਿੱਢਣ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਦੀ ਇਸ ਪਹਿਲਕਦਮੀ ਨਾਲ ਹਰ ਇੱਕ ਚਿੰਤਕ ਨੂੰ ਜੁੜਨਾ ਚਾਹੀਦਾ ਹੈ ਅਤੇ ਪੰਜਾਬ ਦੇ ਸਮੂਹ ਪਿੰਡਾਂ ਦੇ ਗੁਰਦਵਾਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਇਸ ਮੁਹਿੰਮ ਵਿੱਚ ਪੂਰਾ ਸਹਿਯੋਗ ਦੇਣ।



ਅੱਜ ਇੱਥੇ ਹੋਈ ਮੁਲਾਕਾਤ ਦੌਰਾਨ ਬਾਬਾ ਗੁਰਦੇਵ ਸਿੰਘ ਨਾਨਕਸਰ ਨੇ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਸ਼੍ਰੋਮਣੀ ਕਮੇਟੀ ਅਧੀਨ ਆਉਂਦੇ ਗੁਰਦਵਾਰਾ ਸਹਿਬਾਨ ਦੇ ਸੁਚੱਜੇ ਪ੍ਰਬੰਧਾਂ ਲਈ ਉਲੀਕੀਆਂ ਯੋਜਨਾਵਾਂ ਦੀ ਤਾਰੀਫ਼ ਕਰਦਿਆਂ ਆਖਿਆ ਕਿ ਇਸ ਵੇਲੇ ਵੱਡੀ ਲੋੜ ਨੌਜਵਾਨਾਂ ਨੂੰ ਗੁਰਸਿੱਖੀ, ਗੁਰਬਾਣੀ ਅਤੇ ਮਾਂ-ਬੋਲੀ ਨਾਲ ਜੋੜਨ ਦੀ ਹੈ ਜਿਸ ਲਈ ਲੌਂਗੋਵਾਲ ਵਧਾਈ ਦੇ ਪਾਤਰ ਹਨ ਜਿੰਨਾਂ ਨੇ ਥੋੜੇ ਸਮੇਂ ਅੰਦਰ ਹੀ ਪੰਜਾਬ ਅੰਦਰ ਧਰਮ ਪ੍ਰਚਾਰ ਵਿੱਚ ਤੇਜ਼ੀ ਲਿਆਂਦੀ ਹੈ। ਉਨਾਂ ਭਾਈ ਲੌਂਗੋਵਾਲ ਵੱਲੋਂ ਸਿੱਖੀ ਦੇ ਪਸਾਰ-ਪ੍ਰਚਾਰ ਲਈ ਕੀਤੇ ਜਾ ਰਹੇ ਯਤਨਾਂ ਲਈ ਗੁਰੂ ਅੱਗੇ ਕਾਮਯਾਬੀ ਦੀ ਅਰਦਾਸ ਕਰਦਿਆਂ ਆਖਿਆ ਕਿ ਧਰਮ ਪ੍ਰਚਾਰ ਲਈ ਉਹ ਭਾਈ ਲੌਂਗੋਵਾਲ ਨੂੰ ਹਰ ਤਰਾਂ ਦਾ ਸਹਿਯੋਗ ਦਿੰਦੇ ਰਹਿਣਗੇ।

ਇਸ ਮੌਕੇ ਭਾਈ ਲੌਂਗੋਵਾਲ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਆਪਣਾ ਕਾਰਜਭਾਰ ਸੰਭਾਲਣ ਉਪਰੰਤ ਗੁਰਸਿੱਖੀ ਦੇ ਪ੍ਰਚਾਰ ਅਤੇ ਪਸਾਰ ਨੂੰ ਹੋਰ ਸਰਗਰਮ ਕਰਨ ਲਈ ਉਲੀਕੀਆਂ ਯੋਜਨਾਵਾਂ ਦੀ ਚਰਚਾ ਕਰਦਿਆਂ ਆਖਿਆ ਕਿ ਪੰਜਾਬ ਸਮੇਤ ਦੇਸ਼-ਵਿਦੇਸ਼ ਵਿੱਚ ਹਰ ਵਰਗ ਨੂੰ ਸਿੱਖੀ ਨਾਲ ਜੋੜਨ ਲਈ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕੀਤਾ ਜਾਵੇਗਾ। ਉਨਾਂ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਾਤ-ਪਾਤ ਅਤੇ ਫ਼ਿਰਕੇ ਦੇ ਨਾਮ 'ਤੇ ਵੱਖੋ-ਵੱਖ ਗੁਰਦਵਾਰਾ ਸਾਹਿਬ ਨਹੀਂ ਬਣਾਉਣੇ ਚਾਹੀਦੇ ਕਿਉਂਕਿ ਗੁਰੂ ਸਾਹਿਬਾਨ ਨੇ ਖਾਲਸੇ ਦੀ ਸਾਜਨਾ ਕਰਕੇ ਸਿੱਖਾਂ ਵਿੱਚੋ ਜਾਤ-ਪਾਤ ਦਾ ਵਖਰੇਵਾਂ ਸਦਾ ਲਈ ਖਤਮ ਕਰਦਿਆਂ ਇੱਕੋ ਕੌਮ ਦੀ ਸਿਰਜਣਾ ਕੀਤੀ ਹੈ। ਭਾਈ ਲੌਂਗੋਵਾਲ ਨੇ ਕਿਹਾ ਕਿ ਇਸੇ ਮਕਸਦ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਕਮੇਟੀ ਨੇ ਹਰ ਪਿੰਡ ਵਿੱਚ 'ਇੱਕ ਪਿੰਡ-ਇੱਕ ਗੁਰ-ਦਵਾਰਾ' ਦੀ ਸਥਾਪਨਾ ਉਪਰ ਜੋਰ ਦਿੱਤਾ ਹੈ। ਉਨਾਂ ਸਮੂਹ ਸਿੱਖਾਂ ਸਮੇਤ ਪਿੰਡਾਂ-ਸ਼ਹਿਰਾਂ ਦੀਆਂ ਸਮੂਹ ਸਥਾਨਕ ਗੁਰਦਵਾਰਾ ਪ੍ਰਬੰਧਕ ਕਮੇਟੀਆਂ ਨੂੰ ਖੁਦ ਅੱਗੇ ਲੱਗ ਕੇ ਇਸ ਲਹਿਰ ਨੂੰ ਕਾਮਯਾਬ ਕਰਨ ਲਈ ਆਖਿਆ ਹੈ।

ਇਸ ਮੌਕੇ ਉਨਾਂ ਨਾਲ ਇੰਟਰਨੈਸ਼ਨਲ ਸਿੱਖ ਮਾਰਸ਼ਲ ਆਰਟ ਅਕੈਡਮੀ ਦੇ ਚੇਅਰਮੈਨ ਹਰਜੀਤ ਸਿੰਘ ਗਰੇਵਾਲ ਸਟੇਟ ਐਵਾਰਡੀ ਅਤੇ ਗੱਤਕਾ ਐਸੋਸੀਏਸ਼ਨ ਪੰਜਾਬ ਦੇ ਸੰਯੁਕਤ ਸਕੱਤਰ ਚਿਤਮਨਜੀਤ ਸਿੰਘ ਵੀ ਹਾਜ਼ਰ ਸਨ।

### ਦੂਜੇ ਨਗਰ ਕੀਰਤਨ ਦੀਆਂ ਤਿਆਰੀਆਂ

## ਗੁਰਦੁਆਰਾ ਮਾਤਾ ਸਾਹਿਬ ਕੌਰ ਹਮਿਲਟਨ ਤੋਂ 30 ਮਾਰਚ ਨੂੰ ਸਜੇਗਾ ਦੂਜਾ ਵਿਸ਼ਾਲ ਨਗਰ ਕੀਰਤਨ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਗੁਰਦੁਆਰਾ ਮਾਤਾ ਸਾਹਿਬ ਕੌਰ ਹਮਿਲਟਨ ਜਿਸ ਦੀ ਸਥਾਪਨਾ ਸੰਨ 2015 ਦੇ ਵਿਚ ਕੀਤੀ ਗਈ ਸੀ, ਪੂਰੀ ਚੜ੍ਹਦੀ ਕਲਾ ਦੇ ਵਿਚ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਪਿਛਲੇ ਸਾਲ ਪਹਿਲੀ ਵਾਰ ਹਮਿਲਟਨ ਵਿਖੇ ਇਸ ਗੁਰਦੁਆਰਾ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਦੀ ਸ਼ੁਰੂਆਤ ਕਰਕੇ ਹਮਿਲਟਨ ਵਸਦੇ ਸਮੁੱਚੇ ਸਥਾਨਕ ਭਾਈਚਾਰੇ ਨੂੰ ਸਿੱਖਾਂ ਦੀ ਰਵਾਇਤੀ ਪ੍ਰੰਪਰਾ ਤੋਂ ਜਾਣੂ ਕਰਵਾਇਆ ਗਿਆ। ਇਸ ਸਾਲ ਫਿਰ ਆਪਣੀ ਰਵਾਇਤ ਨੂੰ ਕਾਇਮ ਰੱਖਦਿਆਂ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ 30 ਮਾਰਚ ਦਿਨ ਸ਼ੁੱਕਰਵਾਰ ਨੂੰ ਦੁਪਹਿਰ 12 ਵਜੇ ਦੂਸਰਾ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਖਾਲਸੇ ਦੇ ਜਨਮ ਦਿਹਾੜੇ ਵਿਸਾਖੀ ਨੂੰ ਸਮਰਪਿਤ ਇਹ ਨਗਰ ਕੀਰਤਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਰਪ੍ਰਸਤੀ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਰਵਾਨਾ ਹੋਵੇਗਾ। ਗੁਰੂ ਸਾਹਿਬਾਂ ਦਾ ਸਰੂਪ ਸੁੰਦਰ ਸਜੇ ਟਰੱਕ ਦੇ ਵਿਚ ਬਿਰਾਜਮਾਨ ਰਹੇਗਾ ਅਤੇ ਰਾਗੀ ਸਿੰਘ ਕੀਰਤਨ ਕਰਨਗੇ। ਗਤਕਾ ਪਾਰਟੀਆਂ ਦੇ ਸਿੰਘ ਗਤਕੇ ਦੇ ਜੌਹਰ ਵਿਖਾ ਕੇ 'ਸਿੱਖ ਮਾਰਸ਼ਲ ਆਰਟ' ਦਾ ਪ੍ਰਦਰਸ਼ਨ ਕਰਨਗੇ। ਨਗਰ ਕੀਰਤਨ ਦੌਰਾਨ ਸੰਗਤਾਂ ਨੂੰ ਰਸਤੇ ਵਿਚ ਜਲ-ਪਾਣੀ ਆਦਿ ਛਕਾਉਣ ਦਾ ਵੀ ਪ੍ਰਬੰਧ ਹੈ। ਸਮੂਹ ਸੰਗਤ ਨੂੰ ਕੇਸਰੀ ਦਸਤਾਰਾਂ ਅਤੇ ਕੇਸਰੀ ਦੁਪੱਟੇ ਸਜਾ ਕੇ ਸਮੇਂ ਸਿਰ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਆਵਾਜਾਈ ਪ੍ਰਬੰਧਾ ਦੇ ਲਈ ਵੀ ਟ੍ਰੈਫਿਕ ਕੰਟਰੋਲ ਦਾ ਇੰਤਜਾਮ ਰਹੇਗਾ ਜਦ ਕਿ ਪੁਲਿਸ ਅਤੇ ਕੌਂਸਿਲ ਦਾ ਵੀ ਪੂਰਾ ਸਾਥ ਬਣਿਆ ਰਹੇਗਾ। ਗੁਰੂ ਕਾ ਲੰਗਰ ਅਤੁੱਟ ਵਰਤੇਗਾ।



## ਝਾਰਖੰਡ ਚ 'ਹੋਈ ਨੈਸ਼ਨਲ ਪਾਵਰਲਿਫਟਿਗ ਚੈਪੀਅਨਸ਼ਿਪ 'ਚ ਭੁਲੱਥ ਦੇ ਅਜੈ ਗੋਗਨਾ ਨੇ ਸਿਲਵਰ ਮੈਡਲ ਜਿੱਤਿਆ

**ਜਲੰਧਰ-** ਤਿੰਨ ਰੋਜ਼ਾ ਝਾਰਖੰਡ ਦੇ ਰਾਂਚੀ ਵਿੱਚ ਹੋਈ ਨੈਸ਼ਨਲ ਪਾਵਰ ਲਿਫਟਿੰਗ ਇੰਡੀਆ ਚੈਂਪੀਅਨਸ਼ਿੱਪ ਵਿੱਚ ਕਸਬਾ ਭੁਲੱਥ ਦੇ ਨੌਜਵਾਨ ਅਜੈ ਗੋਗਨਾ ਸਪੁੱਤਰ ਪ੍ਰਵਾਸੀ ਸੀਨੀਅਰ ਪੱਤਰਕਾਰ ਰਾਜ ਗੋਗਨਾ ਨੇ ਆਪਣੇ 120 ਕਿਲੋਗ੍ਰਾਮ ਪਲੱਸ ਦੇ ਭਾਰ ਵਰਗ ਵਿੱਚ ਚਾਂਦੀ ਦਾ ਤਗ਼ਮਾ ਹਾਸਲ ਕੀਤਾ ਹੈ। ਇਸ ਜਿੱਤ ਨਾਲ ਇਲਾਕੇ ਦੇ ਖੇਡ ਪ੍ਰੇਮੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਘਰ ਪਰਤਣ ਮਗਰੋਂ ਭੁਲੱਥ ਨਿਵਾਸੀ ਅਜੈ ਗੋਗਨਾ ਪਾਵਰਲਿਫਟਰ ਨੇ ਦੱਸਿਆ ਕਿ ਇਸ ਤਿੰਨ ਰੋਜ਼ਾ ਚੈਂਪੀਅਨਸ਼ਿੱਪ ਵਿੱਚ 26 ਸੂਬਿਆਂ ਤੋਂ ਖਿਡਾਰੀਆਂ ਨੇ ਹਿੱਸਾ ਲਿਆ। ਇਸ ਮੌਕੇ ਕੌਮੀ ਡੋਪਿੰਗ ਰੋਕੂ ਏਜੰਸੀ (ਨਾਡਾ) ਨੇ ਖਿਡਾਰੀਆਂ ਦੇ ਡੋਪ ਟੈਸਟ ਵੀ ਲਏ। ਅਤੇ ਉਹ 100 ਪ੍ਰਤੀਸ਼ਤ ਡੋਪਿਗ ਫ੍ਰੀ ਦਾ ਨਤੀਜਾ ਰਿਹਾ ।ਜਿਸ ਨੇ ਬਿਨਾ ਕਿਸੇ ਦੇ ਨਸ਼ੇ ਦੇ ਸੇਵਨ ਤੋ ਆਪਣੀ ਦੇਸ਼ੀ ਖੁਰਾਕ ਨਾਲ ਆਪਣੀ ਮੰਜਿਲ ਵੱਲ ਅੱਗੇ ਵਧ ਰਿਹਾ ਹੈ।ਅਤੇ ਉਸ ਨੇ 207.500 ਕਿਲੋਗ੍ਰਾਮ ਦੇ ਭਾਰ ਦੀ ਬੈਂਚ ਪ੍ਰੈਸ ਲਾ ਕੇ ਪੰਜਾਬ ਦਾ ਫਿਰ ਤੋਂ ਮਾਣ ਵਧਾਇਆ ਹੈ।ਇਥੇ ਵਰਨਣਯੋਗ ਹੈ ਕਿ ਇਸ ਤੋਂ ਪਹਿਲੇ ਅਜੈ ਗੋਗਨਾ ਪੰਜ ਦੇ ਕਰੀਬ ਗੋਲਡ ਮੈਡਲ ਜਿੱਤ ਚੁੱਕਾ ਹੈ। ਅਤੇ ਅਨੇਕਾਂ ਮਾਣਮੱਤੇ ਇਨਾਮ ਹਾਸਿਲ ਕਰ ਚੁੱਕਾ ਹੈ।



ਇਸ ਮੌਕੇ ਪਾਵਰ ਲਿਫਟਿੰਗ ਇੰਡੀਆ ਦੇ ਅਰਜੁਨਾ ਐਵਾਰਡੀ ਸੈਕਟਰੀ ਜਨਰਲ ਪੀ.ਜੇ.ਜੋਸਫ ਨੇ ਉਸ ਨੂੰ ਮੈਡਲ ਪਾ ਕੇ ਸਨਮਾਨਿਤ ਕੀਤਾ।ਅਤੇ ਪੰਜਾਬ ਪਾਵਰਲਿਫਟਿਗ ਐਸੋਸੀਏਸ਼ਨ ਦੇ ਪ੍ਰਧਾਨ ਸ: ਦਵਿੰਦਰ ਸਿੰਘ ਮੱਲੀ ਨੇ ਵੀ ਵਧਾਈ ਸੰਦੇਸ਼ ਭੇਜਿਆ।

# ਸਰਕਾਰ ਵੱਲੋਂ ਕੰਪਿਊਟਰ ਅਧਿਆਪਕਾਂ, ਐਸ.ਐਸ.ਏ ’ਤੇ ਰਮਸਾ ਅਧਿਆਪਕਾਂ ਨਾਲ ਹੀ ਵਿਤਕਰਾ ਕਿਉ?



ਅਸ਼ੋਕ ਧੀਰ
adjaitu@gmail.com

ਕਿਸੇ ਵੀ ਦੇਸ਼ ਜਾਂ ਕੌਮ ਦੀ ਤਰੱਕੀ ਉਸਦੀ ਦੇ ਲੋਕਾਂ ਦੀ ਸਿੱਖਿਆ ਦੇ ਨਿਰਭਰ ਕਰਦੀ ਹੈ। ਜਿਸ ਦੇਸ਼ ਦੇ ਲੋਕ ਜ਼ਿਆਦਾ ਪੜੇ ਲਿਖੇ, ਸੂਜਵਾਨ, ਕੰਮਾਂ ਦੇ ਮਾਹਿਰ ਹੋਣਗੇ ਉਹੀ ਦੇਸ਼ ਵਿਕਸਤ ਦੇਸ ਬਣ ਸਕਦਾ ਹੈ। ਅੱਜ ਦੇ ਸਮੇਂ ਵਿੱਚ ਹਰ ਇੱਕ ਇਨਸਾਨ ਲਈ ਪੜਿਆ ਲਿਖਿਆ ਹੋਣਾ ਬਹੁਤ ਜਰੂਰੀ ਹੈ। ਅੱਜ ਦਾ ਯੁੱਗ ਕੰਪਿਊਟਰ ਦਾ ਯੁੱਗ ਹੈ ਇਸ ਲਈ ਬਾਕੀ ਵਿਸ਼ਿਆਂ ਦੀ ਪੜਾਈ ਨੇ ਨਾਲ ਨਾਲ ਕੰਪਿਊਟਰ ਸਿੱਖਿਆ ਹਾਸਲ ਕਰਨੀ ਸਭ ਤੋਂ ਵੱਧ ਮਹੱਤਵਪੂਰਨ ਹੈ। ਕਿਉਂਕਿ ਅੱਜ ਕੱਲ ਹਰ ਇੱਕ ਬੱਚੇ ਤੋਂ ਲੈਕੇ ਬਜੁਰਗ ਤੱਕ ਮੋਬਾਇਲ ਅਤੇ ਇੰਟਰਨੈੱਟ ਆਦਿ ਦੀ ਵਰਤੋਂ ਕਰਦਾ ਹੈ ਇਸ ਲਈ ਮੋਬਾਇਲ ਅਤੇ ਕੰਪਿਊਟਰ ਦੇ ਫੰਕਸ਼ਨਾਂ ਦੀ ਜਾਣਕਾਰੀ ਹਾਸਲ ਕਰਨ ਲਈ ਕੰਪਿਊਟਰ ਵਿਸ਼ੇ ਦੀ ਸਿੱਖਿਆ ਹਰੇਕ ਲਈ ਲਾਜਮੀ ਹੋਣੀ ਚਾਹੀਦੀ ਹੈ।

ਜਿਸ ਤਰਾਂ ਸਾਡਾ ਗੁਆਂਢੀ ਰਾਜ ਚੀਨ ਵਿਸ਼ਵ ਦਾ ਸਭ ਤੋਂ ਵੱਧ ਜਨਸੰਖਿਆਂ ਵਾਲਾ ਦੇਸ਼ ਹੋਣ ਦੇ ਬਾਵਜੂਦ ਵਿਸ਼ਵ ਦੀ ਇੱਕ ਮਹਾਂਸ਼ਕਤੀ ਬਣ ਕੇ ਬਹੁਤ ਤੇਜੀ ਨਾਲ ਉਭਰ ਰਿਹਾ ਹੈ। ਇਸਦਾ ਸਭ ਤੋਂ ਵੱਡਾ ਕਾਰਨ ਹੈ ਕਿ ਉਸ ਨੇ ਜਨਸੰਖਿਆਂ ਅਤੇ ਸਿੱਖਿਆ ਦੇ ਤੱਤ ਨੂੰ ਦੇਸ਼ ਦੇ ਵਿਕਾਸ ਵਿੱਚ ਪ੍ਰਯੋਗ ’ਚ ਲਿਆਉਣਾ ਸਿੱਖ ਲਿਆ ਹੈ ਪਰ ਬਹੁਤ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਆਪਣੀ ਜਨਸੰਖਿਆਂ ਦੇ ਬਹੁਤ ਵੱਡੇ ਵਰਗ ਦੀ ਸ਼ਕਤੀ ਨੂੰ ਅਜਾਈ ਹੀ ਗਵਾ ਰਹੇ ਹਾਂ। ਇੱਥੋਂ ਤੱਕ ਕਿ ਜਿਸ ਨੂੰ ਕੌਮ ਜਾਂ ਦੇਸ਼ ਦਾ ਨਿਰਮਾਤਾ ਕਿਹਾ ਜਾਂਦਾ ਹੈ, ਜਿਸ ਨੇ ਵਿਕਸਤ ਦੇਸ਼ ਦੀ ਨੀਂਹ ਰੱਖਣੀ ਹੈ, ਜਿਸ ਨੂੰ ਵਿਕਸਤ ਰਾਸਟਰਾਂ ਵਿੱਚ ਪੂਰਾ ਮਾਨ ਸਨਮਾਨ ਦੇ ਕੇ ਦੇਸ਼ ਦੇ ਸਭ ਤੋਂ ਮਹੱਤਵਪੂਰਨ ਲੋਕਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ ਭਾਵ ਅਧਿਆਪਕ ਦੀ ਵੀ ਯੋਗਤਾ ਅਤੇ ਸਮਰੱਥਾ ਨੂੰ ਸਾਡੀਆਂ ਚੁਣੀਆਂ ਹੋਈਆਂ ਲੋਕਤੰਤਰੀ ਸਰਕਾਰਾਂ ਵਿੱਚ ਬੈਠੇ ਪ੍ਰਤੀਨਿਧੀਆਂ ਵੱਲੋਂ ਜਾਣ ਬੁੱਝ ਕੇ ਵਿਅਰਥ ਗਵਾਇਆ ਜਾ ਰਿਹਾ ਹੈ। ਜਿਸ ਸਮਰੱਥਾ ਅਤੇ ਯੋਗਤਾ ਦੀ ਵਰਤੋਂ ਦੇਸ਼ ਨੂੰ ਵਿਕਸਤ ਰਾਸ਼ਟਰ ਬਣਾਉਣ ਤੇ ਲੱਗਣੀ ਚਾਹੀਦੀ ਸੀ ਉਹ ਆਪਣੇ ਰੋਜ਼ਗਾਰ ਨੂੰ ਬਚਾਉਣ, ਲਗਭਗ 75% ਤਨਖਾਹਾਂ ਜੋ ਪੰਜਾਬ ਸਰਕਾਰ ਕੱਟ ਲਗਾ ਰਹੀ ਹੈ ਇਸ ਪਰੇਸ਼ਾਨੀ ਵਿੱਚੋਂ ਨਿਕਲਣ ਵਿੱਚ ਲੱਗ ਰਹੀ ਹੈ। ਇਸ ਅਣ-ਮਨੁੱਖੀ, ਸਮਾਜ, ਦੇਸ਼ ਅਤੇ ਦੇਸ਼ ਦੇ ਨਿਰਮਾਤਾ ਵਿਰੋਧੀ ਵਤੀਰੇ ਨੂੰ ਕਿਸੇ ਵੀ ਕੀਮਤ ਤੇ ਉਚਿਤ ਨਹੀਂ ਠਹਿਰਾਇਆ ਜਾ ਸਕਦਾ। ਮਜਬੂਰ ਹੋ ਕਿ ਅਧਿਆਪਕ ਸੰਘਰਸ਼ ਦੇ ਰਾਹ ਤੁਰ ਪਏ ਹਨ, ਆਪਣੀ ਸਾਰੀ ਊਰਜਾ ਧਰਨੇ, ਮੁਜਾਹਰਿਆਂ,ਰੈਲੀਆਂ ਤੇ ਖਰਚ ਕਰ ਰਹੇ ਹਨ।

ਪੰਜਾਬ ਦੀ ਕਾਂਗਰਸ ਸਰਕਾਰ ਨੇ 2005 ਵਿੱਚ ਪੰਜਾਬ ਦੇ ਸਾਰੇ ਸਕੂਲਾਂ ਵਿੱਚ ਕੰਪਿਊਟਰ ਸਾਇੰਸ ਵਿਸ਼ੇ ਦੀ ਸਿੱਖਿਆ ਸ਼ੁਰੂ ਕੀਤੀ ਸੀ ਅਤੇ ਨਵੇਂ ਕੰਪਿਊਟਰ ਅਧਿਆਪਕਾਂ ਦੀ ਠੇਕੇ ਤੇ ਭਰਤੀ ਕੀਤੀ ਗਈ। ਜਿਸ ਨਾਲ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਿੱਚ ਵੱਡੀ ਗਿਣਤੀ ਵਿੱਚ ਵਾਧਾ ਹੋਇਆ ਸੀ। ਪਿਛੜੇ ਅਤੇ ਪੇਂਡੂ ਇਲਾਕਿਆਂ ਦੇ ਵਿਦਿਆਰਥੀ ਬੜੇ ਸ਼ੌਂਕ ਨਾਲ ਕੰਪਿਊਟਰ ਸਿੱਖਿਆ ਹਾਸਲ ਕਰਕੇ ਸਮੇਂ ਦੇ ਹਾਣੀ ਬਣਨੇ ਸ਼ੁਰੂ ਹੋਏ। ਵਿਦਿਆਰਥੀਆਂ ਦੀ ਪੜਾਈ ਵਿੱਚ ਦਿਲਚਸਪੀ ਹੋਰ ਵੱਧ ਦੇਖਣ ਨੂੰ ਮਿਲੀ। ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਸਿੱਖਿਆ ਦੀ ਮਹੱਤਤਾ ਨੂੰ ਦੇਖਦੇ ਹੋਏ 2005 ਤੋਂ ਠੇਕੇ ਤੇ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਪੰਜਾਬ ਸਰਕਾਰ ਨੇ 1 ਜੁਲਾਈ 2011 ਵਿੱਚ ਪੰਜਾਬ ਦੇ ਰਾਜਪਾਲ ਦੀ ਮਨਜ਼ੂਰੀ ਨਾਲ ਨੋਟੀਫਿਕੇਸ਼ਨ ਪਾਸ ਕਰਕੇ ਸਿੱਖਿਆ ਵਿਭਾਗ ਦੀ ਪਿਕਟਸ ਸੋਸਾਇਟੀ ਵਿੱਚ ਵੋਕੇਸ਼ਨਲ ਮਾਸਟਰਾਂ ਦੇ ਬਰਾਬਰ ਸਕੇਲ ਦੇ ਕੇ ਰੈਗੂਲਰ ਕਰ ਦਿੱਤਾ ਗਿਆ। ਕੰਪਿਊਟਰ ਅਧਿਆਪਕ 2 ਸਾਲਾਂ ਦਾ ਪਰਖ ਸਮਾਂ ਪਾਰ ਕਰਕੇ ਪੂਰੀ ਤਨਖਾਹ ਤੇ ਕੰਮ ਕਰ ਰਹੇ ਹਨ ਅਤੇ ਸਰਕਾਰੀ ਸਕੂਲਾਂ ਵਿੱਚ ਬਹੁਤ ਹੀ ਵਧੀਆ ਰੋਲ ਅਦਾ ਕਰ ਰਹੇ ਹਨ, ਹੁਣ ਕੰਪਿਊਟਰ ਅਧਿਆਪਕਾਂ ਦੀ ਕਾਂਗਰਸ ਸਰਕਾਰ ਤੋਂ ਸਿਰਫ ਇਹੀ ਮੰਗ ਸੀ ਕਿ ਉਹਨਾਂ ਨੂੰ ਸਿੱਖਿਆ ਵਿਭਾਗ ਵਿੱਚ ਸਿਫਟ ਕੀਤਾ ਜਾਵੇ। ਪਰ ਬੜੀ ਹੈਰਾਨੀ ਹੋਈ ਜਦੋਂ ਪੰਜਾਬ ਸਰਕਾਰ ਨੇ ਉਹਨਾਂ ਦੀ ਇਹ ਮੰਗ ਮੰਨਣ ਦੀ ਬਜਾਏ 13 ਸਾਲਾਂ ਤੋਂ ਕੰਮ ਕਰ ਰਹੇ ਪੱਕੇ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆ ਕੇ ਤਿੰਨ ਸਾਲ ਦੇ ਪਰਖ ਸਮੇਂ ਅਧੀਨ ਕੇਵਲ 10800 ਰੁਪਏ ਤਨਖਾਹ ਕਰਨ ਦਾ ਪ੍ਰਸਤਾਵ ਦਿੱਤਾ ਜਿਸਨੂੰ ਕੰਪਿਊਟਰ ਅਧਿਆਪਕ ਯੂਨੀਅਨ ਅਤੇ ਹੋਰ ਭਰਾਤਰੀ ਜਥੇਬੰਦੀਆਂ ਨੇ ਠੁਕਰਾ ਦਿੱਤਾ ਅਤੇ ਕੰਪਿਊਟਰ ਅਧਿਆਪਕਾਂ ਵਿੱਚ ਭਾਰੀ ਰੋਸ ਪੈਦਾ ਹੋ ਗਿਆ। ਸਰਕਾਰ ਦੇ ਇਸ ਪ੍ਰਸਤਾਵ ਦੀ ਚਾਰੇ ਪਾਸੇ ਨਿੰਦਿਆ ਹੋਣ ਲੱਗੀ ਹੈ। ਸਗੋਂ ਸਰਕਾਰ ਨੂੰ ਚਾਹੀਦਾ ਹੈ ਕਿ ਇਹਨਾਂ ਅਧਿਆਪਕਾਂ ਦੀਆਂ ਮੰਗਾਂ ਪਹਿਲ ਦੇ ਆਧਾਰ ਤੇ ਮੰਨੀਆਂ ਜਾਣ ਜਿੰਨਾਂ ਕਾਰਣ ਸਰਕਾਰੀ ਸਕੂਲ ਤਰੱਕੀ ਦੀ ਰਾਹ ਵੱਲ ਵਧ ਰਹੇ ਹਨ। ਇਸਦੇ ਨਾਲ ਹੀ ਸਰਕਾਰੀ ਸਕੂਲਾਂ ਵਿੱਚ ਨਵੇਂ ਕੰਪਿਊਟਰ ਦਿੱਤੇ ਜਾਣ, ਹਾਰਡਵੇਅਰ ਠੀਕ ਕਰਨ ਵਾਲੀ ਕੰਪਨੀ ਦਾ ਠੇਕਾ ਰਿਨਿਊ ਕੀਤਾ ਜਾਵੇ ਤਾਂ ਜੋ ਖਰਾਬ ਕੰਪਿਊਟਰ ਤੁੰਰਤ ਠੀਕ ਕਰਵਾਏ ਜਾ ਸਕਣ ਤੇ ਵਿਦਿਆਰਥੀਆਂ ਦੀ ਪੜਾਈ ਦਾ ਨੁਕਸਾਨ ਨਾਂ ਹੋਵੇ। ਅੱਜ ਕੱਲ ਸਿੱਖਿਆ ਵਿਭਾਗ ਦਾ ਸਾਰਾ ਕੰਮ ਵੀ ਆਨ ਲਾਈਨ ਹੋ ਚੁੱਕਾ ਹੈ ਜਿਸ ਕਰਕੇ ਕੰਪਿਊਟਰਾਂ ਦਾ ਚਾਲੂ ਰਹਿਣਾ ਬਹੁਤ ਜਰੂਰੀ ਹੈ। ਸਕੂਲਾਂ ਵਿੱਚ ਇੰਟਰਨੈੱਟ ਦੇ ਪਲਾਨ ਵੀ ਹਾਈ ਸਪੀਡ ਵਾਲੇ ਅਣਲਿਮਟਿਡ ਕੀਤੇ ਜਾਣੇ ਚਾਹੀਦੇ ਹਨ।

ਇਸੇ ਤਰਾਂ ਪਿਛਲੀ ਅਕਾਲੀ ਸਰਕਾਰ ਨੇ ਲਗਭੱਗ 27000 ਮੁਲਾਜ਼ਮ ਜੋ ਵੱਖ-ਵੱਖ ਵਿਭਾਗਾਂ ਵਿੱਚ ਕੰਮ ਕਰ ਰਹੇ ਸਨ ਨੂੰ ਪੱਕਾ ਕਰਨ ਲਈ ਵਿਧਾਨ ਸਭਾ ਵਿੱਚ ਕਾਨੂੰਨ ਪਾਸ ਕੀਤਾ ਸੀ। ਇਹਨਾਂ 27000 ਮੁਲਾਜਮਾਂ ਵਿੱਚ 12500 ਦੇ ਲਗਭਗ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਮਸਾ ਦੇ ਅਧੀਨ ਸੇਵਾ ਨਿਭਾ ਰਹੇ ਅਧਿਆਪਕ ਹੀ ਹਨ। ਜੋ ਕੇ ਠੇਕੇਦਾਰੀ ਪ੍ਰਣਾਲੀ ਦਾ ਸੰਤਾਪ ਲਗਭਗ ਪਿਛਲੇ 9 ਸਾਲਾਂ ਤੋਂ ਭੋਗ ਰਹੇ ਹਨ ਜਿਹਨਾਂ ਦੀ ਭਰਤੀ ਅਖਬਾਰੀ ਇਸ਼ਤਿਹਾਰ ਦੇ ਕੇ ਪੂਰੀ ਤਰਾਂ ਨਾਲ ਯੋਗ ਪ੍ਰਕਿਰਿਆ ਨਾਲ ਕੀਤੀ ਹੋਈ ਹੈ। ਜਦੋਂ ਕਿ ਪੰਜਾਬ ਸਰਕਾਰ ਦੀ ਹਰ ਮੁਲਾਜ਼ਮ ਨੂੰ 3 ਸਾਲ ਬਾਅਦ ਪੱਕਾ ਕਰਨ ਦੀ ਨੀਤੀ ਬਣਾਈ ਹੋਈ ਹੈ। ਸਮੇਂ ਸਮੇਂ ਤੇ ਸਰਕਾਰ ਦੇ ਤਤਕਾਲੀ ਮੰਤਰੀਆਂ ਨੇ ਇਹਨਾਂ ਅਧਿਆਪਕਾਂ ਨੂੰ ਪੱਕੇ ਕਰਨ ਦੇ ਵਾਅਦੇ ਤਾਂ ਕੀਤੇ ਹਨ ਪਰ ਉਹ ਵਾਅਦੇ ਕਦੇ ਵਫਾ ਨਹੀਂ ਹੋਏ। ਮੌਜੂਦਾ ਸਰਕਾਰ ਦੇ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਵੀ ਚੋਣਾਂ ਦੌਰਾਨ ਇਹਨਾਂ ਨੂੰ ਪੱਕਾ ਕਰਨ ਦਾ ਵਾਅਦਾ ਕੀਤਾ ਸੀ । ਭਾਵੇਂ ਕਿ ਪੰਜਾਬ ਦੀ ਨਵੀਂ ਸਰਕਾਰ ਬਣੇ ਨੂੰ ਇੱਕ ਸਾਲ ਦਾ ਸਮਾਂ ਪੂਰਾ ਹੋ ਚੁੱਕਾ ਹੈ ਪਰ ਅਜੇ ਤੱਕ ਕਾਨੂੰਨ ਬਣੇ ਹੋਣ ਦੇ ਬਾਵਜੂਦ ਇਹਨਾਂ ਦੀ ਪੱਕੇ ਹੋਣ ਦੀ ਜ਼ਾਇਜ਼ ਮੰਗ ਪੂਰੀ ਕਰਨ ਲਈ ਸਰਕਾਰ ਵੱਲੋਂ ਕੋਈ ਹਾਂ ਪੱਖੀ ਹੁੰਗਾਰਾ ਨਹੀਂ ਭਰਿਆ ਜਾ ਰਿਹਾ। ਸਗੋਂ ਸਰਕਾਰ ਨੇ ਇੱਕ ਨਵਾਂ ਨਾਦਰਸ਼ਾਹੀ ਅਤੇ ਤੁਗਲਕੀ ਫਰਮਾਨ ਜਾਰੀ ਕਰ ਦਿੱਤਾ ਹੈ ਜਿਸ ਅਨੁਸਾਰ ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਮਸਾ ਦੇ ਅਧੀਨ ਸੇਵਾ ਨਿਭਾ ਰਹੇ ਅਧਿਆਪਕਾਂ, ਰੈਗੂਲਰ ਕੰਪਿਊਟਰ ਟੀਚਰਾਂ, ਆਦਰਸ਼ ਸਕੂਲ ਅਧਿਆਪਕਾਂ, ਦਫਤਰੀ ਕਾਮਿਆਂ ਆਦਿ ਦੀ ਤਨਖਾਹ ਲਗਭਗ 75% ਘੱਟ ਕਰਕੇ ਇਹਨਾਂ ਨੂੰ ਸਿੱਖਿਆ ਵਿਭਾਗ ਅਧੀਨ ਲਿਆ ਕੇ ਤਿੰਨ ਸਾਲ ਦੇ ਪਰਖ ਸਮੇਂ ਅਧੀਨ ਕੇਵਲ 10800 ਰੁਪਏ ਤਨਖਾਹ ਦੇ ਕੇ ਪੱਕੇ ਕੀਤਾ ਜਾਵੇ। ਜੋ ਕਿ ਇੱਕ ਅਨਪੜ ਕਿਸੇ ਵੀ ਟਰੇਡ ਵਿੱਚ ਕੰਮ ਕਰਨ ਵਾਲੇ ਮਜ਼ਦੂਰ ਤੋਂ ਵੀ ਘੱਟ ਹੈ। ਇੱਥੇ ਇਹ ਗੱਲ ਸਮਝ ਤੋਂ ਬਾਹਰ ਹੈ ਕਿ ਸਰਕਾਰ ਇਹਨਾਂ ਨੂੰ ਪੱਕੇ ਕਰਨ ਦਾ ਤੋਹਫਾ ਦੇ ਰਹੀ ਹੈ ਜਾਂ ਸਜ਼ਾ ? ਵਿਸ਼ਵ ਦੇ ਇਤਿਹਾਸ ਵਿੱਚ ਇਸ ਤਰਾਂ ਦੀ ਘਟਨਾ ਕਦੇ ਵੀ ਦੇਖਣ ਨੂੰ ਨਹੀਂ ਮਿਲੀ ਅਤੇ ਨਾ ਹੀ ਮਿਲੇਗੀ ਜਦੋਂ ਤੋਹਫੇ ਦੇ ਰੂਪ ਵਿੱਚ 75% ਮਿਹਨਤਾਨੇ ਨੂੰ ਘੱਟ ਕੀਤਾ ਗਿਆ ਹੋਵੇ। ਤੋਹਫਾ ਦੇ ਕੇ ਤਾਂ ਖੁਸ਼ ਕੀਤਾ ਜਾਂਦਾ ਹੈ ਨਾਂ ਕਿ ਮਾਯੂਸੀ ਦੇ ਆਲਮ ਵਿੱਚ ਜ਼ਬਰਦਸਤੀ ਧੱਕਿਆ ਜਾਂਦਾ ਹੈ। ਕਈ ਮੁਲਾਜ਼ਮਾਂ ਨੇ ਘਰ ਆਦਿ ਬਣਾਉਣ ਲਈ ਬੈਂਕਾਂ ਤੋਂ ਲੋਨ ਲਏ ਹੋਏ ਹਨ, ਕਈਆਂ ਨੇ ਜੀਵਨ ਬੀਮਾਂ ਆਦਿ ਕਰਵਾਏ ਹੋਏ ਹਨ ਆਦਿ , ਇਸ ਤਰਾਂ ਦੇ ਮੁਲਾਜ਼ਮ ਮਿਹਨਤਾਨਾਂ ਘਟਣ ਦੇ ਡਰ ਕਾਰਨ ਮਾਨਸਿਕ ਪਰੇਸ਼ਾਨੀ ਵਿੱਚੋਂ ਗੁਜ਼ਰ ਰਹੇ ਹਨ। ਇਸ ਪਰੇਸ਼ਾਨੀ ਦੇ ਚਲਦੇ ਉਹ ਆਪਣੇ ਕਿੱਤੇ ਨੂੰ ਸਮਰਪਿਤ ਕਿਸ ਤਰਾਂ ਹੋਣਗੇ। ਇਹ ਤਾਂ ਇਹਨਾਂ ਮੁਲਾਜ਼ਮਾਂ ਦਾ ਆਰਥਿਕ ਸੋਸ਼ਣ ਹੋਣ ਦੇ ਨਾਲ-ਨਾਲ ਦੇਸ਼ ਦੇ ਹਿੱਤਾਂ ਅਤੇ ਭਵਿੱਖ ਨਾਲ ਵੀ ਖਿਲਵਾੜ ਹੈ। ਦੇਸ਼ ਦਾ ਅੰਨ ਦਾਤਾ ਸਮੇਂ ਸਮੇਂ ਦੀਆਂ ਸਰਕਾਰਾਂ ਦੀਆਂ ਗਲਤ ਨੀਤੀਆਂ ਤੋਂ ਮਜ਼ਬੂਰ ਹੋ ਕੇ, ਆਰਥਿਕ ਮੰਦਹਾਲੀ ਅਤੇ ਕਰਜ਼ਿਆਂ ਦੇ ਭਾਰ ਹੇਠ ਦਬ ਕੇ ਪਹਿਲਾਂ ਹੀ ਖੁਦਕੁਸ਼ੀਆਂ ਦੇ ਰਾਹ ਪਿਆ ਹੋਇਆ ਹੈ ਹੁਣ ਇਸ ਫੈਸਲੇ ਨਾਲ ਅਧਿਆਪਕ ਵਰਗ ਵੀ ਇਸ ਰਾਹ ਤੇ ਤੁਰਨ ਲਈ ਮਜ਼ਬੂਰ ਹੋ ਜਾਵੇਗਾ ਜੋ ਕੇ ਦੇਸ਼ ਦੇ ਚੰਗੇ ਭਵਿੱਖ ਲਈ ਕਦੇ ਵੀ ਉਚਿਤ ਨਹੀਂ ਹੋ ਸਕਦਾ। ਇਸ ਸਥਿਤੀ ਤੋਂ ਬਚਣ ਲਈ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਸਾਰੇ ਪੱਖਾਂ ਤੇ ਵਿਚਾਰ ਕਰਕੇ ਜਮੀਨੀ ਸੱਚਾਇਆਂ ਨੂੰ ਧਿਆਨ ਵਿੱਚ ਰੱਖ ਕੇ ਇਹਨਾਂ ਮੁਲਾਜ਼ਮਾਂ ਦੀਆਂ ਉਚਿਤ ਮੰਗਾਂ ਨੂੰ ਪੂਰਾ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਕਿਉਂਕਿ ਇੱਕ ਆਰਥਿਕ ਪੱਖ ਤੋਂ ਸੰਤੁਸ਼ਟ ਵਿਅਕਤੀ ਹੀ ਦੇਸ਼ ਨਿਰਮਾਣ ਵੱਲ ਧਿਆਨ ਦੇ ਸਕਦਾ । ਇਸ ਤਰਾਂ ਕਰਨ ਨਾਲ ਸੰਵਿਧਾਨ ਵਿੱਚ ਦਰਜ ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ ਜਿਹਨਾਂ ਵਿੱਚ ਕਿਹਾ ਗਿਆ ਹੈ ਕਿ ਨਾਗਰਿਕਾਂ ਨੂੰ ਆਰਥਿਕ ਨਿਆਂ ਦੇਣ ਦੇ ਨਾਲ ਨਾਲ ਇੱਕੋ ਜਿਹੇ ਕੰਮ ਬਦਲੇ ਇੱਕੋ ਜਿਹਾ ਵੇਤਨ ਦਿੱਤਾ ਜਾਵੇਗਾ ਵੀ ਪੂਰਾ ਹੋ ਜਾਵੇਗਾ। ਸਿੱਖਿਆ ਅਤੇ ਸਿਹਤ ਵਿਭਾਗ ਲੋਕਾਂ ਨੂੰ ਸਰਵਜਨਕ ਸਹੂਲਤਾਂ ਦੇਣ ਲਈ ਹੀ ਚਲਾਏ ਜਾਂਦੇ ਹਨ। ਸਰਕਾਰ ਨੂੰ ਇਹ ਵੀ ਧਿਆਨ ਰੱਖਣਾ ਚਾਹੀਦਾ ਹੈ “ਅਧਿਆਪਕ ਉਸ ਮੋਮਬੱਤੀ ਵਾਂਗ ਹੁੰਦਾ ਹੈ, ਜੋ ਖੁਦ ਜਲ ਕੇ ਦੂਸਰੇ ਨੂੰ ਰੋਸ਼ਨੀ ਦਿੰਦੀ ਹੈ”। ਇਸ ਲਈ ਸਰਕਾਰ ਇਹਨਾਂ ਅਧਿਆਪਕਾਂ ਦੇ ਭਵਿੱਖ ਨਾਲ ਖਿਲਵਾੜ ਨਾਂ ਕਰੇ ਸਗੋਂ ਇਹਨਾਂ ਸਾਰੇ ਪਿਕਟਸ ਸੋਸਾਇਟੀ ਅਧੀਨ ਕੰਮ ਕਰ ਰਹੇ ਕੰਪਿਊਟਰ ਅਧਿਆਪਕਾਂ, ਸਰਵ ਸਿੱਖਿਆ ਅਭਿਆਨ (ਐਸ.ਐਸ.ਏ.), ਰਮਸਾ ਦੇ ਅਧੀਨ ਸੇਵਾ ਨਿਭਾ ਰਹੇ ਅਧਿਆਪਕਾਂ ਅਤੇ ਦਫਤਰੀ ਕਾਮਿਆਂ, ਆਦਰਸ਼ ਸਕੂਲ ਅਧਿਆਪਕਾਂ ਆਦਿ ਨੂੰ ਸਿੱਖਿਆ ਵਿਭਾਗ ਵਿੱਚ ਪੂਰੇ ਗਰੇਡ ਨਾਲ ਤਨਖਾਹ ਦੇ ਕੇ ਪੱਕਾ ਕਰੇ ਤਾਂ ਜੋ ਇਹ ਕੌਮ ਦੇ ਨਿਰਮਾਤਾ ਨਿਸ਼ਚਿੰਤ ਹੋ ਕੇ ਬੱਚਿਆਂ ਨੂੰ ਸਿੱਖਿਆ ਦੇ ਸਕਣ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾ ਸਕਣ ।

# ਘਾਟੇ ਵਾਲਾ ਸੌਦਾ ਸਾਬਿਤ ਹੋ ਰਹੇ ਹਨ ਭਾਰਤੀ ਕੁੜੀਆਂ ਦੀ ਪੜ੍ਹਾਈ ਦਾ ਖਰਚਾ ਚੁੱਕਦੇ ਸਹੁਰੇ ਪਰਿਵਾਰਾਂ ਦੇ ਮਤਲਬੀ ਮੁੰਡੇ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਇਹ ਗੱਲ ਸ਼ਾਇਦ ਭਾਰਤੀਆਂ ਖਾਸ ਕਰ ਪੰਜਾਬੀ ਪਰਿਵਾਰਾਂ ਲਈ ਨਵੀਂ ਨਾ ਹੋਵੇ ਕਿ ਜੇਕਰ ਕੁੜੀ ਨੇ ਆਈਲੈਟਸ ਕੀਤੀ ਹੈ ਤੇ ਮੁੰਡੇ ਨੇ ਭਾਵੇਂ ਨਹੀਂ ਪਰ ਉਹ ਉਸ ਕੁੜੀ ਨੂੰ ਬਾਹਰ ਭੇਜਣ ਵਾਸਤੇ ਸਾਰਾ ਖਰਚਾ ਲਗਪਗ 30 ਤੋਂ 35 ਹਜ਼ਾਰ ਡਾਲਰ ਖੁਦ ਮੁੰਡਾ ਜਾਂ ਮੁੰਡੇ ਦੇ ਘਰਵਾਲੇ ਕਰਦੇ ਹਨ। ਉਹ ਸ਼ਾਦੀ ਕਿਸੇ ਨੂੰ ਖੁਸ਼ੀ ਦੇਵੇ ਜਾਂ ਨਾ ਦੇਵੇ ਇਸ ਦਾ ਫਿਕਰ ਨਹੀਂ ਕੀਤਾ ਜਾਂਦਾ ਸਿਰਫ ਤੇ ਸਿਰਫ ਫਿਕਰ ਇਹ ਹੁੰਦਾ ਹੈ ਕਿ ਸਹੁਰੇ ਪਰਿਵਾਰ ਦਾ ਮੁੰਡਾ ਅਸਮਾਨੀ ਚੜ੍ਹ ਵਿਦੇਸ਼ ਕਦੋਂ ਪਹੁੰਚਦਾ ਹੈ? ਇਹ ਮੁੰਡਾ ਜੇਕਰ ਨਸ਼ਈ ਜਾਂ ਮਤਲਬੀ ਨਿਕਲ ਆਵੇ ਤਾਂ ਅਸਲ ਸ਼ਾਦੀ ਦੇ ਰੂਪ ਵਿਚ ਇਸਨੂੰ ਦੇਖਦੀ ਕੁੜੀ ਦੀ ਕਿਸਮਤ ਰੁੜਨ ਲੱਗਿਆ ਕਿਸੇ ਢਲਾਨ ਦੀ ਉਡੀਕ ਨਹੀਂ ਕਰਦੀ।

ਅੱਜ ਰਾਸ਼ਟਰੀ ਮੀਡੀਆ ਨੇ ਖੁਸ਼ੀ ਨਾਂਅ ਦੀ (ਕਾਲਪਨਿਕ ਨਾਂਅ) ਇਕ ਕੁੜੀ ਦੀ ਇੰਟਰਵਿਊ ਪ੍ਰਕਾਸ਼ਿਤ ਕੀਤੀ ਹੈ ਅਤੇ ਆਡੀਓ ਜਾਰੀ ਕੀਤੀ ਹੈ ਜਿਸ ਨੂੰ ਸੁਣ ਕੇ ਲਗਦਾ ਹੈ ਕਿ ਨਿਊਜ਼ੀਲੈਂਡ ਦੇ ਵਿਚ ਵੀ ਚੱਪਣਾ ਦੀ ਫੈਕਟਰੀ ਹੋਣੀ ਚਾਹੀਦੀ ਹੈ, ਤਾਂ ਕਿ ਘੱਟੋ-ਘੱਟ ਸਿਆਣੇ ਬੰਦੇ ਕਹਾਵਤ ਤਾਂ ਵਰਤ ਸਕਣ। ਭਾਵੇਂ ਸੈਂਕੜੇ ਕੁੜੀਆਂ ਇਸੇ ਹਲਾਤ ਦੇ ਵਿਚੋਂ ਗੁਜ਼ਰ ਰਹੀਆਂ ਹੋਣ ਪਰ ਹੁਣ 'ਖੁਸ਼ੀ' ਨੇ ਦੁਖੀ ਹੋ ਕੇ ਪੂਰਾ ਖੁਲਾਸਾ ਕਰ ਦਿੱਤਾ ਹੈ।




ਉਸਨੇ ਕਿਹਾ ਕਿ ਪੜ੍ਹੀਆਂ ਲਿਖੀਆਂ ਕੁੜੀਆਂ ਦੇ ਸਹਾਰੇ ਅਮੀਰ ਮੁੰਡਿਆਂ ਦੇ ਮੰਡਪ ਥੱਲੇ ਆਈਆਂ ਕੁੜੀਆਂ ਗੁਲਾਮੀ ਦੀ ਛਾਂ ਥੱਲੇ ਦੱਬਦੀਆਂ ਜਾ ਰਹੀਆਂ ਹਨ। 'ਆਈਲੈਟਸ' ਦੀ ਪੜ੍ਹਾਈ ਜਾਂ ਇੰਗਲਿਸ਼ ਬੋਲਣ-ਸਮਝਣ ਦੀ ਸਮਰੱਥਾ ਨੇ ਇਨ੍ਹਾਂ ਕੁੜੀਆਂ ਨੂੰ 'ਆਈਲੈਟਸ ਬ੍ਰਾਈਡ' (ਆਈਲੈਟਸ ਬਹੂ) ਦੀ ਸ਼੍ਰੇਣੀ ਵਿਚ ਆ ਖੜ੍ਹਾ ਕੀਤਾ ਹੈ। ਅਮੀਰ ਪਰਿਵਾਰਾਂ ਦੇ ਮੁੰਡੇ ਇਨ੍ਹਾਂ ਕੁੜੀਆਂ ਦੀ ਆਈਲੈਟਸ ਪੌੜੀ ਦੇ ਡੰਡੇ ਫੜ ਵਿਦੇਸ਼ੀ ਜਹਾਜਾਂ ਦਾ ਸੁਪਨਾ ਵੇਖਦੇ ਹਨ। ਕਈ ਜਗ੍ਹਾ ਪਿਆਰ ਵਿਆਹ ਹਨ ਅਤੇ ਕਈ ਥਾਂ ਰਿਸ਼ਤੇਦਾਰੀ ਸਬੰਧਾਂ ਦੇ ਚਲਦਿਆਂ ਹੋਏ ਵਿਆਹ ਹੋਏ ਹਨ। ਦੋਹਾਂ ਹਲਾਤਾਂ ਦੇ ਵਿਚ ਕਿਤੇ ਨਾ ਕਿਤੇ ਕੁੜੀਆਂ ਜਿਆਦਾ ਸ਼ਿਕਾਰ ਹੋ ਰਹੀਆਂ ਪਰ ਅਜਿਹੇ ਕੇਸ ਵੀ ਹਨ ਜਿੱਥੇ ਪੜ੍ਹੀਆਂ-ਲਿਖੀਆਂ ਕੁੜੀਆਂ ਨੇ ਮੁੰਡਿਆਂ ਨੂੰ ਵੀ ਪੂਰਾ ਟੰਗਿਆ ਹੋਇਆ ਹੈ। ਇਸ ਪੰਜਾਬੀ ਕੁੜੀ ਨੇ ਆਪਣੀ ਇੰਟਰਵਿਊ ਦੇ ਵਿਚ ਪੰਜਾਬੀ ਪਰਿਵਾਰਾਂ ਦੀ ਆਮ ਕਹਾਣੀ ਵੀ ਬਿਆਨ ਕੀਤੀ ਹੈ ਕਿ ਕਿਸ ਤਰ੍ਹਾਂ ਵਿਆਹ ਇਕ ਤਰ੍ਹਾਂ ਨਾਲ ਪਵਿੱਤਰ ਰਿਸ਼ਤਾ ਕਾਇਮ ਕਰਨ ਦਾ ਰਸਮੀ ਐਲਾਨ ਨਾ ਹੋ ਕੇ ਰਸਮੀ ਵਪਾਰ ਹੋ ਗਿਆ ਹੈ। ਇਸ ਕੁੜੀ ਨੂੰ ਇਮੀਗ੍ਰੇਸ਼ਨ ਨੇ ਕਹਿ ਦਿੱਤਾ ਹੈ ਕਿ ਤੇਰੇ ਵਿਆਹ ਉਤੇ ਤਾਂ ਯਕੀਨ ਹੈ ਪਰ ਉਸਦੇ ਜੋ ਕਾਗਜ਼ਾਤ ਹਨ ਉਨ੍ਹਾਂ ਵਿਚ ਕੁਝ ਜਾਅਲੀ ਹਨ। ਇਹ ਸਾਰੇ ਕਾਗਜ਼ਾਤ ਸਹੁਰੇ ਪਰਿਵਾਰ ਨੇ ਹੀ ਲਗਾ ਦਿਤੇ ਸਨ ਕਿਉਂਕਿ ਸਾਰਾ ਕੰਟਰੋਲ ਉਸਦੇ ਸਹੁਰੇ ਪਰਿਵਾਰ ਦਾ ਸੀ। ਹੁਣ ਇਸ ਕੁੜੀ ਨੂੰ ਵਾਪਿਸ ਪਰਤਣ ਲਈ ਕਿਹਾ ਗਿਆ ਹੈ। ਹੁਣ ਤੱਕ ਇਮੀਗ੍ਰੇਸ਼ਨ ਕੋਲ ਪਿਛਲੇ ਸਾਢੇ ਸੱਤਾਂ ਸਾਲਾਂ ਵਿਚ 1300 ਨਕਲੀ ਵਿਆਹਾਂ ਦੇ ਕੇਸ ਵੀ ਦਰਜ ਹੋ ਚੁਕੇ ਹਨ ਤੇ ਉਹ ਵੀ ਸਖਤੀ ਲਈ ਆਪਣੀ ਜਗ੍ਹਾ ਸੱਚੇ ਹਨ। ਇਸ ਕੁੜੀ ਨੇ ਇਹ ਕਹਿ ਦਿੱਤਾ ਹੈ ਕਿ ਜੇਕਰ ਉਹ ਵਾਪਿਸ ਜਾਵੇਗੀ ਤਾਂ ਉਸਨੂੰ ਡਰ ਹੈ ਕਿ ਉਸਦੇ ਸਹੁਰੇ ਉਸਨੂੰ ਮਾਰ ਦੇਣਗੇ ਕਿਉਂਕਿ ਉਨ੍ਹਾਂ ਨੇ ਉਸਨੂੰ ਬਾਹਰ ਭੇਜਣ ਦਾ ਸਾਰਾ ਖਰਚਾ ਕੀਤਾ ਸੀ। ਉਸਦੇ ਸਹੁਰੇ ਇਸ ਖਰਚੇ ਬਦਲੇ ਇਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਮੁੰਡਾ ਤਾਂ ਨਿਊਜ਼ੀਲੈਂਡ ਪਹੁੰਚੇ ਹੀ ਪਹੁੰਚੇ ਪਰ ਪੱਕਾ ਵੀ ਹੋਵੇ। 2014 ਦੇ ਵਿਚ ਇਸ ਕੁੜੀ ਦਾ ਵਿਆਹ ਹੋਇਆ ਸੀ, ਪਤੀ ਨਸ਼ੇ ਕਰਦਾ ਸੀ, ਉਸਦੀ ਸੱਸ ਉਸਨੂੰ ਆਪ ਲਿਆ ਕੇ ਦਿੰਦੀ ਸੀ ਕਿਉਂਕਿ ਉਹ ਮਰਨ ਦੀ ਧਮਕੀ ਦੇ ਛੱਡਦਾ ਸੀ। ਰਾਸ਼ਟਰੀ ਮੀਡੀਆ ਉਤੇ ਇਸ ਕੁੜੀ ਦੇ ਨਿਕਲਦੇ ਅਥਰੂ ਪੂੰਝਣ ਲਈ ਇਮੀਗ੍ਰੇਸ਼ਨ ਵਿਭਾਗ ਅੱਗੇ ਆਉਂਦਾ ਹੈ ਜਾਂ ਨਹੀਂ......ਕੁੜੀ ਦੀ ਕਿਸਮਤ ਦੀਆਂ ਗੱਲਾਂ ਹਨ।

# ਸਰਕਾਰੀ ਸਕੂਲ ਮਾਝੀ ਨੇ ਨਵੇਂ ਦਾਖਲੇ ਵਧਾਉਣ ਦਾ ਕੀਤਾ ਉਪਰਾਲਾ

ਸ਼ਰਕਾਰੀ ਸਕੂਲਾਂ ਦੇ ਸਕੂਲ ਮੁੱਖੀਆਂ ਅਤੇ ਅਧਿਆਪਕਾਂ ਨੇ ਬੱਚਿਆਂ ਦੀ ਘੱਟ ਰਹੀ ਗਿਣਤੀ ਨੂੰ ਧਿਆਨ’ਚ ਰੱਖਦਿਆਂ ਸਕੂਲਾਂ 'ਚ ਨਵੇਂ ਦਾਖਲੇ ਵੱਧ ਤੋਂ ਵੱਧ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।ਸਰਕਾਰੀ ਸਕੂਲਾਂ ਅੰਦਰ ਮਿਲ ਰਹੀਆਂ ਸਹੂਲਤਾਂ ਜਿਵੇਂ ਐਸ.ਸੀ. ਅਤੇ ਬੀ.ਸੀ. (ਗਰੀਬ) ਬੱਚਿਆਂ ਲਈ ਵਜ਼ੀਫੇ,ਫੀਸ਼ ਮਾਫੀ, ਮੁਫਤ ਕਿਤਾਬਾਂ,ਮੁਫਤ ਖਾਣਾ,ਮਹਿੰਗੇ ਇਲਾਜਾਂ ਵਾਲੀਆਂ ਬਿਮਾਰੀਆ ਦਾ ਮੁਫਤ ਇਲਾਜ,ਕੁੜੀਆਂ ਲਈ ਮੁਫਤ ਸਿੱਖਿਆ ,ਹੁਸ਼ਿਆਰ ਬੱਚਿਆਂ ਲਈ ਵਜ਼ੀਫਾ ਪ੍ਰੀਖਿਆ ਪਾਸ ਕਰਨ ਤੇ ਵਜ਼ੀਫੇ ਪ੍ਰਦਾਨ ਕੀਤੇ ਜਾਂਦੇ ਹਨ।ਇਸੇ ਸੰਬੰਧ’ਚ ਅਧਿਆਪਕਾਂ ਅਤੇ ਬੱਚਿਆਂ ਵਲੋਂ ਮਾਪਿਆ ਨੂੰ ਜਾਗਰੂਕ ਕਰਨ ਲਈ ਕਈ ਥਾਵਾਂ ਤੇ ਪਿੰਡਾਂ’ਚ ਰੈਲੀਆਂ ਕੱਢੀਆਂ ਜਾ ਰਹੀਆਂ ਹਨ।ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਅਤੇ ਦਿੱਤੀਆਂ ਜਾਣ ਵਾਲੀਆ ਸਹੂਲਤਾਂ ਨੂੰ ਦਰਸਾਉਂਦੇ ਫਲੈਕਸ ਬੋਰਡ ਵੀ ਸਕੂਲਾਂ ਵਲੋਂ ਲਾਏ ਗਏ ਹਨ।ਇਸੇ ਤਰ੍ਹਾਂ ਮਾਝੀ ਸਕੂਲ ਦੇ ਪ੍ਰਾਇਮਰੀ ਸਕੂਲ ਵਲੋਂ ਅਤੇ ਸੈਕੰਡਰੀ ਸਕੂਲ ਵਲੋਂ ਵੀ ਨਵੇਂ ਦਾਖਲੇ ਵਧਾਉਣ ਲਈ ਸਕੂਲ ਦੇ ਗੇਟ ਮੂਹਰੇ ਸਕੂਲ ਦੀਆਂ ਪ੍ਰਾਪਤੀਆਂ ਨੂੰ ਦਰਸਾਉਂਦੇ ਬੋਰਡ ਲਾਏ ਗਏ ਹਨ।ਪਿਛਲੇ ਸਾਲ ਪ੍ਰਾਇਮਰੀ ਸਕੂਲ ਦੀ ਕੋਮਲਪ੍ਰੀਤ ਕੌਰ ਨੇ ਪੰਜਵੀਂ ਦੀ ਪ੍ਰੀਖਿਆ’ਚੋਂ ਭਵਾਨੀਗੜ੍ਹ ਬਲਾਕ ਵਿੱਚੋਂ ਫਸ਼ਟ ਆਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂ ਉੱਚਾ ਕੀਤਾ ਹੈ,ਜਿਸ ਨੂੰ ਐਸ.ਡੀ.ਐਮ. ਵਲੋਂ ਸਨਮਾਨਿਤ ਵੀ ਕੀਤਾ ਗਿਆ।ਇਸੇ ਤਰ੍ਹਾਂ ਜਸਨਪ੍ਰੀਤ ਕੌਰ ਨੇ ਬਲਾਕ ਪੱਧਰੀ ਮੁਕਾਬਲਿਆਂ ਵਿੱਚੋਂ ਸੁੰਦਰ ਲਿਖਾਈ’ਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ ਸਨਮਾਨ ਹਾਸਲ ਕੀਤਾ।ਸਕੂਲ ਮੁੱਖੀ ਸ਼੍ਰੀ ਕੁਲਦੀਪ ਸਿੰਘ ਅਤੇ ਮਿਹਨਤੀ ਸਟਾਫ ਸਦਕਾ ਬੱਚਿਆਂ ਨੇ ਹਰੇਕ ਸਾਲ ਸਭਿਆਚਾਰਕ ਮੁਕਾਬਲਿਆਂ ਵਿੱਚ ਨਾਮਣਾ ਖੱਟਿਆ ਅਤੇ ਸਬ-ਡਵੀਜ਼ਨ ਪੱਧਰ ਤੇ ਪ੍ਰਾਇਮਰੀ ਅਤੇ ਸੈਕੰਡਰੀ ਦੇ ਬੱਚਿਆਂ ਵਲੋਂ ਗਣਤੰਤਰ ਦਿਵਸ਼ ਦੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਦਾ ਮਾਣ ਪ੍ਰਾਪਤ ਹੈ।ਸਕੂਲ ਅੰਦਰ ਸਵੱਛ ਵਾਤਾਵਰਣ ਲਈ ਛਾਂਦਾਰ ਦਰੱਖਤ ਅਤੇ ਵੱਡਾ ਪਾਰਕ ਹੈ। ਖੇਡਣ ਅਤੇ ਹੋਰ ਗਤੀਵਿਧੀਆਂ ਲਈ ਵੱਡਾ ਗਰਾਊਂਡ ਹੈ ।ਇਸ ਸਬੰਧ’ਚ ਸੈਕੰਡਰੀ ਸਕੂਲ ਦੇ ਪਿੰਸੀਪਲ ਸ਼੍ਰੀਮਤੀ ਛਿੰਦਰਪਾਲ ਕੌਰ ਬੱਚਿਆਂ ਦੇ ਮਾਪਿਆਂ ਨਾਲ ਤਾਲਮੇਲ ਕਰਦੇ ਰਹਿੰਦੇ ਹਨ।




– ਮੇਜਰ ਸਿੰਘ ਨਾਭਾ੍ਪਟਿਆਲਾ